# ਪਵਿੱਤਰ ਆਤਮਾ ਦਾ ਬਪਤਿਸਮਾ
# THE BAPTISM OF THE HOLY SPIRIT

ਕੱਲ ਰਾਤ ਮੈਂ ਤੁਹਾਨੂੰ ਅੱਧੀ ਰਾਤ ਤੱਕ ਰੋਕ ਕੇ ਰੱਖਿਆ, ਅਤੇ ਇਹਦੇ ਬਾਦ ਵੀ ਤੁਹਾਨੂੰ ਬਹੁਤ ਸਾਰਿਆਂ ਨੂੰ ਵੇਖ ਕੇ ਮੈਂ ਯਕੀਨਨ ਹੀ ਬਹੁਤ ਖੁਸ਼ ਹਾਂ। ਮੈਂ ਨਹੀਂ ਸੋਚਿਆ ਸੀ ਕਿ ਅੱਜ ਤੁਸੀਂ ਸਾਰੇ ਆਉਗੇ, ਪਰ ਇਸ ਤਰ੍ਹਾਂ ਲੱਗ ਰਿਹਾ ਹੈ ਕਿ ਤੁਸੀਂ ਸੰਡੇ ਸਕੂਲ ਲਈ ਬਾਹਰ ਆ ਰਹੇ ਹੋ, ਅਤੇ ਇਹ ਬਹੁਤ ਹੀ ਵਧੀਆ ਗੱਲ ਹੈ।

2 ਹੁਣ, ਅਸੀਂ ਇਸ, ''ਕਲੀਸਿਆ ਦੀ ਸਿੱਖਿਆ'' ਦਾ ਅਧਿਐਨ ਕਰ ਰਹੇ ਹਾਂ, ਅਤੇ ਕੋਸ਼ਿਸ਼ ਕਰ ਰਹੇ ਹਾਂ ਕਿ ਆਪਣੇ ਸਮੇਂ ਨੂੰ ਕਲੀਸਿਆ ਦੀ ਸਿੱਖਿਆ ਉੱਤੇ ਲਗਾਈਏ। ਮੈਂ ਤਾਂ ਬਸ ਇਹਦੀ ਸਿੱਖਿਆ ਦਿੰਦਾ ਹਾਂ। ਹੁਣ, ਹੋ ਸੱਕਦਾ ਹੈ ਕਿ ਸਾਡੇ ਵਿੱਚ ਕੁਝ ਅਜਨਬੀ ਹੋਣ, ਜਿਨ੍ਹਾਂ ਨੂੰ ਮੈਂ ਨਹੀਂ ਜਾਣਦਾ। ਮੈਂ ਭਵਨ ਵਿੱਚ ਐਨਾ ਜਿਆਦਾ ਨਹੀਂ ਆਉਂਦਾ ਤਾਂ ਕਿ ਇਹ ਜਾਣਾਂ ਕਿ ਕਲੀਸਿਆ ਦੇ ਮੈਂਬਰ ਕਿਹੜੇ-ਕਿਹੜੇ ਹਨ। ਪ੍ਰੰਤੂ ਮੈਂ ਇਹ ਘੋਸ਼ਣਾ ਕੀਤੀ ਸੀ ਕਿ ਇਹ ਸਿਰਫ ਇਸੇ ਹੀ ਕਲੀਸਿਆ ਦੇ ਮੈਂਬਰਾਂ ਲਈ ਹੋਵੇਗਾ। ਕਿਉਂਕਿ ਬਾਹਰ ਦੇ ਲੋਕਾਂ ਦੀਆਂ ਵੱਖਰੀਆਂ - ਵੱਖਰੀਆਂ ਸਿੱਖਿਆਵਾਂ ਆਦਿ ਹੁੰਦੀਆਂ ਹਨ। ਅੱਛਾ, ਅਤੇ ਉਹ ਉਹਨਾਂ ਹੀ ਗੱਲਾਂ ਦਾ ਵਿਸ਼ਵਾਸ ਕਰਦੇ ਹਨ। ਉਹ ਉਹਨਾਂ ਗੱਲਾਂ ਉੱਤੇ ਵਿਸ਼ਵਾਸ ਕਰਨ ਲਈ ਸਿਖਾਏ ਗਏ ਹਨ। ਅਤੇ - ਅਤੇ - ਅਤੇ ਜਦੋਂ ਤੁਸੀਂ ਕਿਸੇ ਹੋਰ ਕਲੀਸਿਆ ਵਿੱਚ ਜਾਂਦੇ ਹੋ, ਤਾਂ ਹੋ ਸੱਕਦਾ ਹੈ, ਉੱਥੇ ਕੁਝ ਬਹੁਤ ਹੀ ਉਲਟਾ ਸਿਖਾਇਆ ਜਾਂਦਾ ਹੋਵੇ, ਅੱਛਾ, ਫਿਰ ਉਹ ਸੋਚਦੇ ਹਨ, ''ਕਹੋ, ਮੈਂ ਤਾਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ।'' ਵੇਖਿਆ? ਅੱਛਾ ਮੇਰਾ ਮਤਲਬ ਕਠੋਰ ਹੋਣਾ ਜਾਂ ਇਹਦੇ ਕਾਰਣ ਕਿਸੇ ਨੂੰ ਸੱਟ ਮਾਰਨਾ ਨਹੀ ਹੈ। ਹੁਣ, ਤੁਸੀਂ ਜੋ ਚਾਹੋ ਵਿਸ਼ਵਾਸ ਕਰ ਸੱਕਦੇ ਹੋ। ਪਰ ਅਸੀਂ ਤਾਂ... ਮੈਂ ਇਹ ਇਸ ਲਈ ਰੱਖ ਰਿਹਾ ਹਾਂ ਕਿਉਂਕਿ ਮੈਂ ਇਹਨੂੰ ਅਸਲੀ ਮਜਬੂਤ ਬਣਾਉਣਾ ਹੈ, ਕਿਉਂਕਿ ਅਸੀਂ ਇਹਦੇ ਉੱਤੇ ਪੂਰੇ ਫੈਸਲੇ ਨਾਲ ਖੜ੍ਹੇ ਹੋਣਾ ਹੈ। ਅਤੇ ਇਹਦੇ ਉੱਤੇ ਹੀ ਇਹ ਭਵਨ ਖੜ੍ਹਾ ਹੈ, ਵੇਖੋ, ਬਸ ਇਹਦੇ ਲਈ ਹੀ ਅਸੀਂ ਖੜ੍ਹੇ ਹਾਂ। ਅਤੇ, ਇਸ ਪ੍ਰਕਾਰ, ਅਸੀਂ ਨਹੀਂ ਚਾਹੁੰਦੇ ਕਿ ਤੁਸੀਂ ਨਰਾਜਗੀ ਮਹਿਸੂਸ ਕਰੋ ਅਤੇ ਇਹ ਸੋਚੋ ਕਿ ਅਸੀਂ ਤੁਹਾਡੇ ਵਿਸ਼ਵਾਸ ਨੂੰ ਸੱਟ ਮਾਰਨ ਦੀ ਕੋਸ਼ਿਸ਼ ਕਰ ਰਹੇ ਹਾਂ, ਜਾਂ ਇਸੇ ਹੀ ਤਰ੍ਹਾਂ ਦਾ ਕੁਝ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਅਜਿਹਾ ਬਿਲਕੁਲ ਨਹੀਂ ਹੈ। ਅਤੇ ਇਹ ਤਾਂ ਇੱਕ...

3 ਅਤੇ ਅਸੀਂ ਇੱਥੇ, ਲਗਭੱਗ ਦੋ ਤਿੰਨ ਸਾਲਾਂ ਤੋਂ ਇਹਦਾ ਅਧਿਐਨ ਕਰ ਰਹੇ ਹਾਂ ਅਤੇ ਇਹਦੇ ਲਈ ਅਸੀਂ ਖੜ੍ਹੇ ਹਾਂ, ਇਸੇ ਹੀ ਸਿੱਖਿਆ ਲਈ ਅਸੀਂ ਖੜ੍ਹੇ ਹਾਂ, ਅਤੇ ਕਿਉਂ ਅਸੀਂ ਅਜਿਹਾ ਕਰਦੇ ਹਾਂ। ਕੀ ਗੱਲ ਹੈ, ਕਿਉਂ ਅਸੀਂ ਇਹਦੇ ਉੱਤੇ ਨਿਹਚਾ ਕਰਦੇ ਹਾਂ। ਅਤੇ ਇਸ ਲਈ ਜੇ ਕੋਈ ਇੱਥੇ ਅਜਨਬੀ ਹੈ ਜਿਹੜਾ ਇਸ ਕਲੀਸਿਯਾ ਦਾ ਮੈਂਬਰ ਨਹੀਂ ਹੈ, ਤਾਂ ਯਕੀਨਨ ਹੀ ਅੱਜ ਸਵੇਰ ਅਤੇ ਅੱਜ ਰਾਤ ਵੀ ਇਹਦੇ ਉੱਤੇ ਤੁਹਾਡੇ ਨਾਲ ਵਿਚਾਰ-ਵਟਾਂਦਰਾ ਕਰ ਕੇ ਸਾਨੂੰ ਖੁਸ਼ੀ ਹੋਵੇਗੀ।

4 ਅਤੇ, ਫਿਰ, ਬੁੱਧਵਾਰ ਤੋਂ ਮੀਟਿੰਗਾਂ ਵਿੱਚ ਲਗਾਤਾਰ ਮੁਹਿੰਮ ਸ਼ੁਰੂ ਹੋਵੇਗੀ, ਮੇਰਾ ਮਤਲਬ ਇੱਥੇ ਭਵਨ ਵਿੱਚ। ਅਤੇ ਮੈਂ ਕੁਝ ਚਿਰ ਅਰਾਮ ਕਰਨ ਲਈ ਥੋੜ੍ਹਾ ਜਿਹਾ ਦੂਰ ਗਿਆ ਸੀ। ਮੈਂ

ਸੱਚਮੁੱਚ ਹੀ ਬਹੁਤ ਜਿਆਦਾ ਥੱਕ ਗਿਆ ਸੀ, ਅਤੇ ਥੋੜ੍ਹੀ ਦੇਰ ਅਰਾਮ ਕਰਨ ਲਈ ਮੈਨੂੰ ਜਾਣਾ ਪਿਆ। ਅਤੇ ਮੈਂ ਹੁਣੇ ਹੀ ਵਾਪਿਸ ਪਰਤਿਆ ਹਾਂ, ਹੁਣ ਮੈਂ ਵਧੀਆ ਮਹਿਸੂਸ ਕਰ ਰਿਹਾ ਹਾਂ, ਬਹੁਤ ਹੀ ਸ਼ਾਨਦਾਰ ਲੱਗ ਰਿਹਾ ਹੈ। ਅਤੇ ਜਿਉਂ ਹੀ ਇਹ ਮੀਟਿੰਗਾਂ ਖਤਮ ਹੋਣਗੀਆਂ, ਇਸ ਲਈ ਮੈਂ ਫਿਰ ਚਲਾ ਜਾਵਾਂਗਾ, ਅਤੇ ਜਨਵਰੀ ਤੱਕ ਵਾਪਿਸ ਨਹੀਂ ਮੁੜਾਂਗਾ। ਮੈਂ ਕੋਈ ਮੀਟਿੰਗ ਕਰਨ ਨਹੀਂ ਜਾ ਰਿਹਾ, ਮੈਂ ਤਾਂ ਬਸ ਅਰਾਮ ਨੂੰ ਜਾਰੀ ਰੱਖਣ ਜਾ ਰਿਹਾ ਹਾਂ, ਜਿਸ ਉੱਤੇ ਮੈਂ ਪਹਿਲਾਂ ਸੀ।

5 ਪਰ, ਜਦੋਂ ਅਸੀਂ ਅੰਦਰ ਆਏ, ਅਸੀਂ ਵੇਖਿਆ ਕਿ ਕਲੀਸਿਯਾ ਇੱਧਰੋਂ ਉੱਧਰੋਂ ਥੋੜ੍ਹੀ ਗੜਬੜ ਵਿੱਚ ਹੈ, ਅਤੇ ਕਲੀਸਿਆ ਦੇ ਕੁਝ ਮੈਂਬਰ ਥੋੜ੍ਹੇ ਸੀਲਗਰਮ ਹੋ ਗਏ ਹਨ, ਪਿਛਾਂਹ ਹਟ ਗਏ ਹਨ, ਇੱਕ ਦੂਸਰੇ ਨਾਲ ਥੋੜ੍ਹੀ ਵਿਰੋਧਤਾ ਅਤੇ ਅਜਿਹਾ ਹੀ ਕੁਝ ਹੈ। ਮੈਂ ਸਾਰੇ ਪਾਸੇ ਗਿਆ, ਇੱਕ ਤੋਂ ਦੂਸਰੇ ਤੱਕ, ਜਦੋਂ ਤੱਕ ਕਿ ਅਸੀਂ ਇਹਦਾ ਪੂਰੀ ਤਰ੍ਹਾਂ ਸੁਧਾਰ ਨਾ ਕਰ ਲਿਆ। ਹੁਣ ਇਹ ਬਿਲਕੁਲ ਠੀਕ ਠਾਕ ਹੈ। ਸਮਝੇ ?

6 ਅਤੇ ਹੁਣ ਕੋਈ ਵੀ ਗੜਬੜ ਨਹੀਂ ਹੈ। ਕਲੀਸਿਆ ਦੇ ਕਿਸੇ ਵੀ ਮੈਂਬਰ ਨੂੰ ਕੋਈ ਵੀ ਮੁਸ਼ਕਿਲ ਨਹੀਂ ਹੈ। ਉਹਨਾਂ ਵਿੱਚੋਂ ਹਰ ਕੋਈ ਬਹੁਤ ਹੀ ਵਧੀਆ ਆਦਮੀ ਅਤੇ ਔਰਤਾਂ ਹਨ।ਜੇਕਰ ਉਹ ਇਹ ਜਾਣ ਸਕਣ ਕਿ ਇਹ ਸ਼ੈਤਾਨ ਹੈ ਜਿਹੜਾ ਲੋਕਾਂ ਵਿੱਚ ਆ ਜਾਂਦਾ ਹੈ। ਬਿਲਕੁਲ ਸਹੀ ਹੈ। ਇਹ ਲੋਕ ਨਹੀਂ ਹਨ। ਜੇ ਤੁਸੀਂ ਭਾਈ ਨੂੰ ਇਹ ਸਮਝ ਲੈਣ ਦਿਓ, ਤਾਂ ਉਹ ਕਿਸੇ ਦੂਸਰੇ ਵਿਅਕਤੀ ਦੇ ਵਿਰੁੱਧ ਕੋਈ ਦੁਸ਼ਮਣੀ ਨਹੀਂ ਰੱਖੇਗਾ। ਉਹ ਤਾਂ... ਉਹ-ਉਹ ਮਾੜਾ ਮਹਿਸੂਸ ਕਰੇਗਾ। ਉਹ ਅਜਿਹਾ ਮਹਿਸੂਸ ਕਰੇਗਾ ਕਿ, ''ਅੱਛਾ ਅਜਿਹਾ ਹੈ ਕਿ,... ਮੈਨੂੰ ਆਪਣੇ ਭਰਾ ਲਈ ਅਫਸੋਸ ਹੈ।'' ਜੇ ਉਹਨੇ ਗਲਤ ਕੀਤਾ ਸੀ, ਕਿਉਂ, ਇਹ ਭਾਈ ਨਹੀਂ ਸੀ। ਇਹ ਤਾਂ ਸ਼ੈਤਾਨ ਸੀ ਜਿਹਨੇ ਇਹ ਕੀਤਾ ਸੀ।

7 ਤੁਸੀਂ ਆਖਦੇ ਹੋ, ''ਅੱਛਾ, ਇਸ ਆਦਮੀ ਨੇ ਫਲਾਣਾ-ਫਲਾਣਾ ਕੰਮ ਕੀਤਾ ਹੈ।'' ਤੁਹਾਡੇ ਭਰਾ ਨੇ ਇਹ ਨਹੀਂ ਕੀਤਾ ਸੀ, ਤੁਹਾਡੀ ਭੈਣ ਨੇ ਇਹ ਨਹੀਂ ਕੀਤਾ ਸੀ, ਇਹ ਤਾਂ ਸ਼ੈਤਾਨ ਸੀ ਜਿਹੜਾ ਉਹਨਾਂ ਵਿੱਚ ਵੜ ਗਿਆ ਸੀ, ਉਸੇ ਨੇ ਹੀ ਇਹ ਕੀਤਾ ਸੀ। ਇਸ ਲਈ ਆਪਣੇ ਭਰਾ ਜਾਂ ਭੈਣ ਉੱਤੇ ਦੋਸ਼ ਨਾ ਲਾਓ, ਸ਼ੈਤਾਨ ਉੱਤੇ ਦੋਸ਼ ਲਾਓ, ਕਿਉਂਕਿ ਉਹੋ ਹੀ ਹੈ ਜਿਹਨੇ ਇਹ ਕਰਵਾਇਆ ਹੈ।

8 ਅਤੇ ਇਸ ਲਈ ਹੁਣ ਇਹ ਕਲੀਸਿਆ ਦੀਆਂ ਸਿੱਖਿਆਵਾਂ ਹਨ, ਹੁਣ, ਹੋ ਸੱਕਦਾ ਹੈ ਕਿ ਇਹ ਤੁਹਾਡੇ ਲਈ ਬਹੁਤ ਅਜੀਬ ਹੋਣ। ਹੋ ਸੱਕਦਾ ਹੈ ਕਿ ਤੁਸੀਂ ਇਹਨਾਂ ਨਾਲ ਬਿਲਕੁਲ ਵੀ ਸਹਿਮਤ ਨਾ ਹੋਵੋ। ਪਰ ਅਸੀਂ ਤਾਂ ਬਸ... ਅਸੀਂ ਇਸੇ ਦਾ ਹੀ ਵਿਸ਼ਵਾਸ ਕਰਦੇ ਹਾਂ। ਅਸੀਂ ਇਸ ਲਈ ਇਹ ਦਾ ਵਿਸ਼ਵਾਸ ਕਰਦੇ ਹਾਂ ਕਿਉਂਕਿ ਇਹ ਬਾਈਬਲ ਵਿੱਚ ਹੈ, ਅਤੇ ਅਸੀਂ ਇਸੇ ਹੀ ਢੰਗ ਦੀ ਸਿੱਖਿਆ ਦਿੰਦੇ ਹਾਂ।

9 ਹੁਣ, ਕੱਲ ਰਾਤ ਸਾਡਾ ਵਿਸ਼ਾ ਸੀ, *ਅਸੀਂ ਇੱਕ ਜੱਥੇਬੰਦੀ ਕਿਉਂ ਨਹੀਂ ਹਾਂ ?* ਅਸੀਂ ਇੱਕ ਸੰਸਥਾ ਹਾਂ ਕਿਉਂਕਿ ਅਸੀਂ ਇੱਕ ਕਲੀਸਿਆ ਹਾਂ, ਪਰ ਅਸੀਂ ਇੱਕ ਜੱਥੇਬੰਦੀ ਨਹੀਂ ਹਾਂ। ਅਤੇ ਤਦ ਮੈਂ ਕਾਰਣ ਦੱਸ ਰਿਹਾ ਸੀ ਕਿ ਕਿਉਂ ਅਸੀਂ ਇੱਕ ਜੱਥੇਬੰਦੀ ਨਹੀ ਹਾਂ।

10 ਹੁਣ, ਇਸ ਤੋ ਪਹਿਲਾਂ ਕਿ ਅਸੀਂ ਇਸ ਵਿਚਾਰ – ਵਟਾਂਦਰੇ ਨੂੰ ਸ਼ੁਰੂ ਕਰੀਏ, ਇਸ ਤੋਂ ਪਹਿਲਾਂ ਕਿ ਅਰੰਭ ਕਰੀਏ, ਆਉ ਪ੍ਰਰਾਥਨਾ ਕਰੀਏ।

11 ਪਿਆਰੇ ਪ੍ਰਮੇਸ਼ੁਰ, ਅਸੀਂ ਫਿਰ ਤੇਰੀ ਪਵਿੱਤਰ ਹਜ਼ੂਰੀ ਵਿੱਚ ਆਉਂਦੇ ਹਾਂ ਅਤੇ ਮੰਗਦੇ ਹਾਂ ਕਿ ਸਾਡੇ ਮਨਾਂ ਅਤੇ ਪ੍ਰਾਣਾਂ ਨੂੰ ਸ਼ੁੱਧ ਕਰ, ਤਾਂ ਕਿ ਅਸੀਂ ਆਪਣੇ ਆਪ ਨੂੰ ਤੇਰੇ ਅੱਗੇ ਇੱਕ ਯੰਤਰ ਵਾਂਗ ਪੇਸ਼ ਕਰੀਏ ਜਿਹਨੂੰ ਤੂੰ ਆਪਣੀ ਮਹਿਮਾਂ ਲਈ ਇਸਤੇਮਾਲ ਕਰ ਸਕੇ। ਅਤੇ ਪਿਤਾ ਤੂੰ ਮੇਰੇ ਵਿਚਾਰਾਂ ਨੂੰ, ਮੇਰੇ ਦਿਮਾਗ ਨੂੰ ਅਤੇ ਮੇਰੀਆਂ ਗੱਲਾਂ ਨੂੰ ਪਾਕ ਸਾਫ ਕਰ, ਅਤੇ ਬੋਲਣ ਵਾਲਾ ਮੈਂ ਨਾ ਹੋਵਾਂ, ਪ੍ਰੰਤੂ ਪਵਿੱਤਰ ਆਤਮਾ ਮੇਰੇ ਬੁੱਲ੍ਹਾਂ ਨੂੰ, ਅਤੇ ਇਸ ਮਿੱਟੀ ਨੂੰ ਮੱਸਹ ਕਰੇ, ਤਾਂ ਕਿ ਇਹ ਉਹਨਾਂ ਸਚਿਆਈਆਂ ਨੂੰ ਬਾਹਰ ਲੈ ਕੇ ਆਵੇ ਜਿਨ੍ਹਾਂ ਨੂੰ ਸਰਵਸ਼ਕਤੀਮਾਨ ਪ੍ਰਮੇਸ਼ੁਰ ਚਾਹੁੰਦਾ ਹੈ ਕਿ ਕਲੀਸਿਯਾ ਉਹਨਾਂ ਨੂੰ ਜਾਣ ਲਵੇ।

12 ਪ੍ਰਭੂ, ਇਸ ਤੋਂ ਬਾਦ ਅਸੀਂ ਮੰਗਦੇ ਹਾਂ ਕਿ, ਜੇਕਰ ਤੂੰ ਅਜਿਹਾ ਕਰੇਂ ਕਿ ਤੂੰ ਪਰੇਸ਼ਾਨ ਕਰਨ ਵਾਲੇ ਅਤੇ ਵਿਰੋਧਤਾ ਅਤੇ ਈਰਖਾ ਦੇ ਹਰੇਕ ਦੁਸ਼ਟ ਆਤਮਾ ਨੂੰ ਲੋਕਾਂ ਤੋਂ ਦੂਰ ਕਰ, ਤਾਂ ਕਿ ਉਹ ਪਵਿੱਤਰ ਆਤਮਾ ਨੂੰ ਬੋਲਦਿਆਂ ਸੁਣਨ, ਅਤੇ ਸਾਡੇ ਇਸ ਸਵੇਰ ਦੇ ਇਕੱਠ ਤੋਂ ਪ੍ਰਮੇਸ਼ੁਰ ਨੂੰ ਮਹਿਮਾ ਮਿਲੇ। ਅਤੇ ਹੇ ਪ੍ਰਮੇਸ਼ੁਰ ਜੇ ਸਾਡੇ ਹਿਰਦਿਆਂ ਵਿੱਚ ਕੋਈ ਅਜਿਹੀ ਗੱਲ ਹੈ ਜਿਹਦੇ ਹੁੰਦੇ ਹੋਏ ਤੂੰ ਸਾਡੇ ਨਾਲ ਗੱਲ ਨਹੀਂ ਕਰ ਸੱਕਦਾ, ਤਾਂ ਉਹਨੂੰ ਸਾਡੇ ਕੋਲੋਂ ਐਨਾ ਦੂਰ ਕਰ ਦੇ ਜਿੰਨਾ ਪੂਰਬ ਨਾਲੋਂ ਪੱਛਮ ਦੂਰ ਹੈ। ਕਿਉਂਕਿ ਫਿਰ ਹੀ ਅਸੀਂ ਪ੍ਰਮੇਸ਼ੁਰ ਦੀ ਇੱਛਾ ਜਾਣ ਸਕਾਂਗੇ। ਇਸ ਲਈ ਕਲੀਸਿਯਾ ਅਤੇ ਉਹਦੀ ਸਿੱਖਿਆ ਉੱਤੇ ,ਅਤੇ ਸਾਨੂੰ ਕਾਹਦੇ ਉੱਤੇ ਖੜ੍ਹੇ ਹੋਣਾ ਚਾਹੀਦਾ ਹੈ, ਅਤੇ ਕਿਉਂ ਖੜ੍ਹੇ ਹੋਣਾ ਚਾਹੀਦਾ ਹੈ ਉੱਤੇ ਗੱਲਬਾਤ ਕਰਨ ਲਈ ਤੂੰ ਪਵਿੱਤਰ ਆਤਮਾ ਰਾਹੀਂ ਸਾਡੀ ਅਗੁਵਾਈ ਕਰ। ਕਿਉਂਕਿ ਅਸੀਂ ਇਹ ਪ੍ਰਾਰਥਨਾ ਯਿਸੂ ਦੇ ਨਾਂ ਵਿੱਚ ਮੰਗਦੇ ਹਾਂ। ਆਮੀਨ।

13 ਹੁਣ, ਬੀਤੀ ਰਾਤ ਅਸੀਂ ਇਹਦੇ ਉੱਤੇ ਵਿਚਾਰ ਕਰ ਰਹੇ ਸੀ ਕਿ ਅਸੀਂ ਇੱਕ ਜੱਥੇਬੰਦੀ ਕਿਉਂ ਨਹੀਂ ਹਾਂ। ਅਤੇ ਅਸੀਂ... ਇਹਦੇ ਲਈ ਛੋਟੀ ਜਿਹੀ ਰੂਪ ਰੇਖਾ ਹੀ ਸੀ। ਕਿਉਂਕਿ ਅਸੀਂ ਇਹ ਵੇਖਿਆ ਹੈ ਕਿ ਇਹ ਜੱਥੇਬੰਦੀ ਹੀ ਹੈ ਜਿਹੜੀ ਵਾੜ ਨੂੰ ਖੜ੍ਹੀ ਕਰਦੀ ਹੈ।

14 ਹੁਣ, ਸੋਚ-ਵਿਚਾਰ ਕਰਨ ਲਈ ਸਾਡੇ ਕੋਲ ਬਹੁਤ ਸਾਰੀਆਂ ਗੱਲਾਂ ਹਨ। ਅਤੇ ਕੱਲ ਰਾਤ ਅਸੀਂ ਇਹਦੇ ਉੱਤੇ ਵਿਚਾਰ ਕੀਤਾ ਸੀ, ਕਿਉਂ ਅਸੀਂ ਔਰਤਾਂ ਨੂੰ ਕਲੀਸਿਯਾ ਵਿੱਚ ਪ੍ਰਚਾਰਕ ਕਬੂਲ ਨਹੀਂ ਕਰਦੇ ਹਾਂ।

ਅਤੇ ਅੱਜ ਸਵੇਰ ਜੇ ਹੋ ਸਕੇ ਤਾਂ ਅਸੀਂ *ਪਵਿੱਤਰ ਆਤਮਾ ਦਾ ਬਪਤਿਸਮਾ* ਵਿਸ਼ੇ ਉੱਤੇ ਗੱਲ ਕਰਾਂਗੇ, ਅਤੇ ਕਿਉਂ ਅਸੀਂ ਪਵਿੱਤਰ ਆਤਮਾ ਦੇ ਬਪਤਿਸਮੇ ਉੱਤੇ ਨਿਹਚਾ ਕਰਦੇ ਹਾਂ, ਅਤੇ ਪਵਿੱਤਰ ਆਤਮਾ ਦਾ ਬਪਤਿਸਮਾ ਕਿਵੇਂ ਮਿਲਦਾ ਹੈ, ਅਤੇ ਇਹ ਕੀ ਕਰਦਾ ਹੈ, ਅਤੇ ਬਾਦ ਵਿੱਚ ਇਹ ਤੁਹਾਨੂੰ ਕਿਹੋ ਜਿਹਾ ਬਣਾ ਦਿੰਦਾ ਹੈ।

15 ਅਤੇ, ਅੱਜ ਰਾਤ ਜੇ ਪ੍ਰਮੇਸ਼ੁਰ ਚਾਹਵੇ ਤਾਂ ਮੈਂ ''ਇਸ ਸਮੇਂ ਵਿੱਚ ਸੱਪ ਦੀ ਸੰਤਾਨ'' ਵਿਸ਼ੇ ਉੱਤੇ ਬੋਲਣਾ ਚਾਹੁੰਦਾ ਹਾਂ। ਹੁਣ, ਲੋਕ ਸੱਪ ਦੇ ਵੰਸ਼ ਵਿੱਚ ਵਿਸ਼ਵਾਸ ਨਹੀਂ ਕਰਦੇ, ਪਰ ਇਹ ਤਾਂ ਵਚਨ ਵਿੱਚ ਹੈ। ਸਮਝੇ ? ਹੁਣ, ਭਾਵੇਂ ਕੁਝ ਵੀ ਹੋਵੇ ...

16 ਅਤੇ, ਇਹ ਜੇਕਰ ਮੈਂ ਇਹਦੇ ਉੱਤੇ ਤਕੜਾਈ ਨਾਲ ਖੜ੍ਹਾ ਰਹਿੰਦਾ ਹਾਂ, ਮੇਰਾ ਮਤਲਬ ਤੁਹਾਡੇ ਤੋਂ ਨਹੀਂ ਹੈ– ਤੁਸੀਂ ਬਹੁਤ ਪਿਆਰੇ ਲੋਕ ਹੋ। ਮੈਂ ਤਾਂ ਸਿਰਫ ਇਹੋ ਹੀ ਕੋਸ਼ਿਸ਼ ਕਰ ਰਿਹਾ ਹਾਂ ਕਿ ਇਸ ਗੱਲ ਨੂੰ ਤੁਹਾਡੇ ਅੰਦਰ ਬਿਠਾ ਦੇਵਾਂ, ਅਤੇ ਵੇਖੋ, ਅਸੀਂ ਇਹਨੂੰ ਥੋੜ੍ਹਾ ਜਿਹਾ ਕਠੋਰ ਕਰਨ ਜਾ ਰਹੇ ਹਾਂ। ਇਸ ਲਈ ਤੁਸੀਂ ਇੰਝ ਆਖੋ... ਆਖਦੇ ਹੋ, ''ਜੌਨੀ, ਹੇਠਾਂ ਬੈਠ ਜਾਓ,'' ਸ਼ਾਇਦ ਉਹ ਇਹਨੂੰ ਨਾ ਸੁਣੇ। ਪਰ ਤੁਸੀਂ ਆਖਦੇ ਹੋ,''ਜੌਨੀ, ਬੈਠ ਜਾਓ ! '' ਜੌਨੀ ਇਹਦੇ ਵੱਲ ਥੋੜ੍ਹਾ ਜਿਹਾ ਧਿਆਨ ਦੇਵੇਗਾ। ਇਸ ਲਈ ਇਸ ਸਵੇਰ ਹੁਣ ਅਸੀਂ ਉੱਚੀ ਅਵਾਜ ਨਾਲ ਆਖਣ ਜਾ ਰਹੇ ਹਾਂ, ''ਜੌਨੀ, ਬੈਠ ਜਾਓ।'' ਸਮਝੇ ? ਮੈਂ ਇਹਨੂੰ ਇਸ ਢੰਗ ਨਾਲ ਬੋਲਣਾ ਚਾਹੁੰਦਾ ਹਾਂ ਕਿ ਤੁਸੀਂ ਸਮਝ ਜਾਓ ਕਿ ਸਾਡਾ ਕੀ ਮਤਲਬ ਹੈ। ਦੇਖਿਆ ?

17 ਅਤੇ ਜੇ ਅਸੀਂ ਕੁਝ ਅਜਿਹਾ ਆਖੀਏ ਜਿਹੜਾ ਤੁਹਾਡੇ ਵਿਚਾਰਾਂ ਅਤੇ ਤੁਹਾਡੀ ਨਿਹਚਾ ਦੇ ਉਲਟ ਹੋਵੇ, ਤਾਂ ਅਸੀਂ ਕੋਈ ਇੱਕ ਨਹੀਂ... ਯਾਦ ਰੱਖੋ, ਕਿਉਂਕਿ ਇਹ ਇੱਕ ਜੱਥੇਬੰਦੀਆਂ ਦੇ ਵਿਰੁੱਧ ਕਲੀਸਿਯਾ ਹੈ, ਇਸ ਲਈ ਅਸੀਂ ਇਹ ਵਿਸ਼ਵਾਸ ਕਰਦੇ ਹਾਂ ਕਿ ਬੈਪਟਿਸਟ, ਮੈਥੋਡਿਸਟ, ਪਰੈਸਬਾਈਟੇਰੀਅਨ, ਲੂਥਰਨ, ਕੈਥੋਲਿਕ, ਪਰੋਟੈਸਟੈਂਟ, ਯਹੂਦੀ ਜਾਂ ਜੋ ਕੋਈ ਵੀ ਹੋਵੇ, ਜਦੋਂ ਤੱਕ ਉਹ ਇੱਕ ਭਰਾ ਹੈ, ਉਹ ਸਾਡਾ ਭਰਾ ਹੈ, ਬਸ ਇਹੋ ਹੀ ਗੱਲ ਹੈ, ਕੋਈ ਮਤਲਬ ਨਹੀਂ ਕਿ ਉਹ ਕਿਹੜੀ ਜੱਥੇਬੰਦੀ ਨਾਲ ਸਬੰਧ ਰੱਖਦਾ ਹੈ।ਜੱਥੇਬੰਦੀ ਵਿੱਚ ਹੋਣ ਕਾਰਨ ਪ੍ਰਮੇਸ਼ੁਰ ਕਦੇ ਵੀ ਉਸਦੇ ਵਿਰੁੱਧ ਨਹੀਂ ਹੋਵੇਗਾ।

18 ਪ੍ਰੰਤੂ ਕਾਰਣ ਕਿ ਜੱਥੇਬੰਦੀਆਂ ਹਨ। ਹੁਣ, ਇਹ ਉਹ ਥਾਂ ਹੈ ਜਿੱਥੋਂ ਜੱਥੇਬੰਦੀਆਂ ਸ਼ੁਰੂ ਹੁੰਦੀਆਂ ਹਨ। ਪ੍ਰਮੇਸ਼ੁਰ ਕਿਸੇ ਉੱਤੇ ਇੱਕ ਨਿੱਕੀ ਜਿਹੀ ਗੱਲ ਪ੍ਰਗਟ ਕਰੇਗਾ, ਅਤੇ ਉਹ ਆਉਣਗੇ ਉਹਨਾਂ ਦੇ ਵਿਸ਼ਵਾਸ ਨੂੰ ਜੱਥੇਬੰਦ ਕਰ ਦੇਣਗੇ, ਅਤੇ ਫੇਰ ਪ੍ਰਮੇਸ਼ੁਰ ਉਹਨਾਂ ਨਾਲ ਹੋਰ ਅੱਗੇ ਨਹੀਂ ਚੱਲ ਸਕੇਗਾ।

19 ਕਿਵੇਂ ਮੈਥੋਡਿਸਟ ਕਦੇ ਕ੍ਰਿਪਾ ਦੇ ਦੂਸਰੇ ਕੰਮ ਤੋਂ ਇਲਾਵਾ ਕੁਝ ਹੋਰ ਕਬੂਲ ਕਰ ਸੱਕਦੇ ਹਨ? ਉਹਨਾਂ ਨੇ ਆਪ ਖੁਦ ਹੀ ਇਹਨੂੰ ਜੱਥੇਬੰਦੀ ਬਣਾਇਆ ਸੀ। ਕਿਵੇਂ ਬੈਪਟਿਸਟ ਜੋ ਉਹ ਮੰਨਦੇ ਹਨ, ਉਹਦੇ ਨਾਲੋਂ ਵੱਧ ਨਿਹਚਾ ਕਰ ਸੱਕਦੇ ਹਨ... ''ਉਹ ਕੇਵਲ...'' ਜਾਂ ਬਲਕਿ ਲੂਥਰਨ, ''ਬਸ ਨਿਹਚਾ ਰਾਹੀਂ ਜੀਉਂਦੇ ਰਹਿਣਾ ਹੈ।'' ਇਹੋ ਹੀ ਹੈ ਜਿਹਦੇ ਅਧੀਨ ਉਹਨਾਂ ਨੇ ਇਹਨੂੰ ਜੱਥੇਬੰਦ ਕੀਤਾ ਸੀ। ਕਿਵੇਂ ਬੈਪਟਿਸਟ ਉਸ ਤੋਂ ਅੱਗੇ ਜਾ ਸੱਕਦੇ ਹਨ ਜਿੱਥੇ ਤੱਕ ਉਹ ਗਏ ਸਨ ? ''ਕਿਉਂ, ਜਦੋਂ ਤੁਸੀਂ ਨਿਹਚਾ ਕਰਦੇ ਹੋ ਤਾਂ ਤੁਹਾਨੂੰ ਪਵਿੱਤਰ ਆਤਮਾ ਮਿਲ ਜਾਂਦਾ ਹੈ। ਅਤੇ ਪਾਣੀ ਵਿੱਚ ਡੁਬਕੀ ਲਗਾਉਂਦੇ ਹੋ, ਬਸ ਇੱਥੇ ਹੀ ਗੱਲ ਖਤਮ ਹੋ ਜਾਂਦੀ ਹੈ।'' ਕਿਉਂ ? ਉਹਨਾਂ ਨੇ ਇਹਨੂੰ ਇਸੇ ਦੇ ਹੀ ਅਧੀਨ ਜੱਥੇਬੰਦ ਕੀਤਾ ਸੀ। ਕੀ ਤੁਸੀਂ ਸਮਝਦੇ ਹੋ? ਕਿਉਂ ਪੈਂਟੀਕਾਸਟਲ ਇਹ ਨਿਹਚਾ ਕਰਦੇ ਹਨ ਕਿ, ''ਜਦੋਂ ਤੁਸੀਂ ਪਰਾਈ ਭਾਸ਼ਾ ਬੋਲਦੇ ਹੋ, ਤਾਂ ਤੁਹਾਨੂੰ ਪਵਿੱਤਰ ਆਤਮਾ ਮਿਲ ਜਾਂਦਾ ਹੈ, ਅਤੇ ਗੱਲ ਇੱਥੇ ਹੀ ਖਤਮ ਹੋ ਜਾਂਦੀ ਹੈ ?'' ਕਿਉਂਕਿ ਉਹਨਾਂ ਨੇ ਇਹਨੂੰ ਇਸੇ ਹੀ ਢੰਗ ਨਾਲ ਜੱਥੇਬੰਦ ਕੀਤਾ ਹੈ। ਭਾਈ ਜੀ, ਭਾਵੇਂ ਉਹਨਾਂ ਦੀ ਹਰੇਕ ਗੱਲ ਠੀਕ ਵੀ ਹੋਵੇ, ਪਰ ਪ੍ਰਮੇਸ਼ੁਰ ਕਿਸੇ ਵੀ ਜੱਥੇਬੰਦੀ ਦਾ ਬੱਝਾ ਹੋਇਆ ਨਹੀਂ ਹੈ। ਉਹ ਤਾਂ ਬਸ ਸਾਰੀ ਹੀ ਚੀਜ ਨੂੰ ਫੈਲਾ ਦਿੰਦਾ ਹੈ, ਇਹੋ ਹੀ ਗੱਲ ਹੈ। ਅਤੇ-ਅਤੇ ਅਸੀਂ– ਅਸੀਂ ਇਹਦੇ ਉੱਤੇ ਹੀ ਵਿਸ਼ਵਾਸ ਕਰਦੇ ਹਾਂ।

20 ਅਤੇ ਇਹੋ ਹੀ ਕਾਰਣ ਹੈ ਕਿ ਅਸੀਂ ਕਦੇ ਵੀ ਇੱਕ ਜੱਥੇਬੰਦੀ ਨਹੀਂ ਬਣੇ ਹਾਂ। ਪ੍ਰਮੇਸ਼ੁਰ ਨੇ ਸਾਨੂੰ ਮੌਕਾ ਦਿੱਤਾ ਹੈ ਕਿ ਅਸੀਂ ਇਸ ਛੋਟੀ ਜਿਹੀ ਕਲੀਸਿਯਾ ਨੂੰ ਅਲੱਗ- ਅਲੱਗ ਜੱਥੇਬੰਦੀਆਂ ਵਿੱਚ ਸ਼ਾਮਿਲ ਕਰ ਦੇਈਏ, ਪਰ ਅਸੀਂ ਅਜਿਹਾ ਨਹੀਂ ਕਰਦੇ। ਕਿਉਂਕਿ, ਅਸੀਂ ਤਾਂ ਇਹਨੂੰ ਇਸੇ ਹੀ ਤਰ੍ਹਾਂ ਰੱਖਣਾ ਚਾਹੁੰਦੇ ਹਾਂ ਤਾਂ ਕਿ ਇਹ ਯਿਸੂ ਮਸੀਹ ਦੀ ਹੁਕਮਰਾਨੀ ਅਤੇ ਅਗੁਵਾਈ ਵਿੱਚ ਰਹਿ ਸਕੇ। ਇਹ ਸੱਚੀ ਗੱਲ ਹੈ। ਉਹ ਜੋ ਕੁਝ ਵੀ ਸਾਡੇ ਉੱਤੇ ਪ੍ਰਗਟ ਕਰਦਾ ਹੈ, ਅਤੇ ਅਸੀਂ ਵੇਖਦੇ ਹਾਂ ਕਿ ਇਹ ਸੱਚਾਈ ਹੈ, ਅਤੇ ਇਹ ਉਹਦੇ ਵਚਨ ਨਾਲ ਮੇਲ ਖਾਂਦਾ ਹੈ, ਸਾਰੀ ਹੀ ਬਾਈਬਲ ਵਿੱਚ ਅੱਗੇ ਪਿੱਛੇ ਮੇਲ ਖਾਂਦਾ ਹੈ, ਅਤੇ ਇਹ ਕਿ ਇਹ ਸੱਚਾਈ ਹੈ, ਅਤੇ ਆਤਮਾ ਇਹਦੇ ਨਾਲ ਸਹਿਮਤ ਹੁੰਦਾ ਹੈ, ਸਾਡੇ ਕੋਲ ਕੋਈ ਵੀ ਜੱਥੇਬੰਦੀ ਦੀ ਰੁਕਾਵਟ ਨਹੀਂ ਹੈ ਜਿਹੜੀ ਸਾਨੂੰ ਉਹਨੂੰ ਕਬੂਲ ਕਰਨ ਤੋਂ ਰੋਕੇ। ਅਸੀਂ ਠੀਕ ਇਹਦੇ ਵਿੱਚ ਅਗਾਂਹ ਵੱਧਦੇ ਹਾਂ, ਅਤੇ ਚੱਲਦੇ ਜਾਂਦੇ ਹਾਂ।

21 ਅਤੇ ਇਸ ਲਈ ਜਦੋਂ ਆਖਦੀ ਹੈ ਕਿ, ਉਦਾਹਰਣ ਦੇ ਤੌਰ ‘ਤੇ ਚਰਚ ਅੱਫ ਕਰਾਈਸਟ ਹੈ, ਉਹ ਇੱਕ ਜੱਥੇਬੰਦੀ ਦੇ ਅਧੀਨ ਹਨ, ਪਰ ਚਰਚ ਅੱਫ ਕਰਾਈਸਟ ਅਖਵਾਉਂਦੇ ਹਨ, ਅਤੇ ਆਖਦੇ ਹਨ ਕਿ, ‘‘ਕਰਾਮਾਤਾਂ ਦੇ ਦਿਨ ਲੰਘ ਗਏ ਹਨ ਅਤੇ ਅਜਿਹਾ ਹੀ ਸਾਰਾ ਕੁਝ।’’ ਕਿਉਂ ਵਚਨ ਵਿੱਚ ਇਹ ਤੁਹਾਨੂੰ ਕਿੱਥੇ ਮਿਲਦਾ ਹੈ ? ਪਰ ਉਹ ਇਹਦੇ ਬਾਰੇ ਕੁਝ ਹੋਰ ਨਹੀਂ ਕਰ ਸੱਕਦੇ ਹਨ। ਉਹ ਇਸੇ ਦੇ ਹੀ ਅਧੀਨ ਜੱਥੇਬੰਦ ਹੋਏ ਹਨ, ਵੇਖੋ, ਤੁਸੀਂ ਇਹਦੇ ਬਾਰੇ ਕੁਝ ਨਹੀਂ ਕਰ ਸੱਕਦੇ ਹੋ।

ਪ੍ਰੰਤੂ ਅਸੀਂ ਅਜਾਦ ਰਹਿਣਾ ਚਾਹੁੰਦੇ ਹਾਂ ਤਾਂ ਕਿ ਅਸੀਂ ਡੂੰਘਿਆਈਆਂ ਅਤੇ ਉਚਿਆਈਆਂ ਵਿੱਚ ਪਵਿੱਤਰ ਆਤਮਾ ਦੇ ਚਲਾਏ ਚੱਲ ਸਕੀਏ, ਅਤੇ ਜਿੱਥੇ ਕਿਤੇ ਵੀ ਉਹ ਸਾਨੂੰ ਲੈ ਕੇ ਜਾਵੇ, ਬਸ ਹੋਰ ਅੱਗੇ, ਅੱਗੇ, ਅੱਗੇ, ਹੋਰ ਅੱਗੇ, ਅੱਗੇ ਵਧਦੇ ਜਾਈਏ।

22 ਪਰ ਹੁਣ ਅਸੀਂ ਕੋਈ ਵੀ ਕੱਟੜਤਾ ਕਬੂਲ ਨਹੀਂ ਕਰਾਂਗੇ। ਅਸੀਂ ਇੱਥੇ ਇੱਕ ਲਾਈਨ ਖਿੱਚ ਦਿੰਦੇ ਹਾਂ। ਜੇਕਰ ਕਿਸੇ ਉੱਤੇ ਇੱਕ ਨਿੱਕੀ ਜਿਹੀ ਗੱਲ ਪ੍ਰਭੂ ਵੱਲੋ ਪ੍ਰਗਟ ਹੁੰਦੀ ਹੈ, ਅਤੇ ਉਹ ਇਸ ਬਾਈਬਲ ਨਾਲ ਮੇਲ ਨਹੀਂ ਖਾਂਦੀ, ਉਤਪਤ ਤੋਂ ਲੈ ਕੇ ਪ੍ਰਕਾਸ਼ ਦੀ ਪੋਥੀ ਤੱਕ ਠੀਕ ਮੇਲ ਨਹੀਂ ਖਾਂਦੀ, ਅਤੇ ਉਹਨੂੰ ਇੱਕ ਸਿੱਖਿਆ ਬਣਾ ਲਿਆ ਜਾਂਦਾ ਹੈ, ਤਾਂ ਅਸੀਂ ਇਹਨੂੰ ਕਬੂਲ ਨਹੀਂ ਕਰਾਂਗੇ। ਸਮਝੇ? ਇਹਨੇ ਤਾਂ ਬਾਈਬਲ ਵਿੱਚੋਂ ਹੀ ਆਉਣਾ ਹੁੰਦਾ ਹੈ। ਅਤੇ ਇਹ ਕਿਸੇ ਦਾ ਵੀ ਪ੍ਰਕਾਸ਼ ਨਹੀਂ ਹੋ ਸੱਕਦਾ। ਜੇਕਰ ਉਹ ਪ੍ਰਕਾਸ਼ ਬਿਲਕੁਲ ਠੀਕ ਵਚਨ ਨਾਲ ਮੇਲ ਖਾਂਦਾ ਹੈ ਤਾਂ ਇਹ ਬਿਲਕੁਲ ਠੀਕ ਹੈ।

23 ਕੁਝ ਚਿਰ ਪਹਿਲਾਂ ਇੱਕ ਆਦਮੀ ਮੇਰੇ ਕੋਲ ਆਇਆ, ਅਤੇ ਉਹਨੇ ਆਖਿਆ, ‘‘ਭਾਈ ਬ੍ਰਾਨਹਾਮ, ਮੈਂ ਹੁਣੇ ਹੀ ਸੰਯੁਕਤ ਰਾਜ ਵਿੱਚ ਆਇਆ ਹਾਂ।’’ ਉਹਨੇ ਆਖਿਆ, ‘‘ਮੈਂ ਇੱਕ ਮਸੀਹੀ ਭੈਣ ਨਾਲ ਵਾਕਫੀ ਕੀਤੀ ਹੈ, ਅਤੇ ਇਹ ਮਸੀਹੀ ਭੈਣ ਬਹੁਤ ਹੀ ਪਿਆਰੀ ਔਰਤ ਹੈ। ਪ੍ਰੰਤੂ ਉਹਨਾਂ ਨੇ ਵੇਖਿਆ ਹੈ ਕਿ ਉਹਦੇ ਤਿੰਨ ਜਾਂ ਚਾਰ ਪਤੀ ਹਨ।’’ ਅਤੇ ਆਖਿਆ, ‘‘ਜਦੋਂ ਕਿ ਮੈਂ ਤਿੰਨ ਮਹੀਨਿਆਂ ਤੋਂ ਇੱਥੇ ਹਾਂ ਅਤੇ ਉਹਦੇ ਬਾਰੇ ਜਾਣਿਆ ਹੈ ਕਿ ਉਹਨੇ ਉਸ ਨੂੰ ਵੀ ਛੱਡ ਦਿੱਤਾ ਹੈ ਅਤੇ ਕਿਸੇ ਹੋਰ ਨਾਲ ਵਿਆਹ ਕਰਵਾ ਲਿਆ ਹੈ।’’ ਅਤੇ ਕਿਹਾ, ‘‘ਉਹਨੇ ਪਵਿੱਤਰ ਆਤਮਾ ਪਾਇਆ ਹੈ, ਅਤੇ ਲਗਾਤਾਰ ਹਰ ਵੇਲੇ ਪਰਾਈ ਭਾਸ਼ਾ ਬੋਲਦੀ ਹੈ, ਅਤੇ ਅਗੰਮ ਵਾਕ

ਕਰਦੀ ਅਤੇ ਪ੍ਰਕਾਸ਼ ਦਿੰਦੀ ਹੈ।'' ਆਖਿਆ, ''ਉਹ ਪੂਰੀ ਤਰ੍ਹਾਂ ਆਤਮਾ ਨਾਲ ਭਰੀ ਹੋਈ ਔਰਤ ਹੈ। ਅਤੇ ਉਹ ਔਰਤ ਇੱਕ ਪ੍ਰਚਾਰਕ ਹੈ।'' ਅਤੇ ਕਿਹਾ, ''ਮੈਂ ਪ੍ਰਭੂ ਕੋਲੋਂ ਜਾ ਕੇ ਪੁੱਛਿਆ, '*ਕਿਉਂ ਇਸ ਤਰ੍ਹਾਂ ਹੋ ਰਿਹਾ ਹੈ ?* ਕਿਵੇਂ ਉਹ ਔਰਤ ਅਜਿਹਾ ਕਰ ਸੱਕਦੀ ਹੈ ?''' ਅਤੇ ਕਿਹਾ, ''ਮੈਂ ਆਪਣੀ ਪਤਨੀ ਬਾਰੇ ਇੱਕ ਸੁਫਨਾ ਵੇਖਿਆ। ਅਤੇ ਮੇਰੀ ਪਤਨੀ ਦਾ ਕਿਸੇ ਦੂਸਰੇ ਆਦਮੀ ਨਾਲ ਪ੍ਰੇਮ-ਪ੍ਰਸੰਗ ਚੱਲ ਰਿਹਾ ਸੀ ਜੋ ਕਿ ਅਨੈਤਿਕਤਾ ਹੈ। ਅਤੇ ਫੇਰ ਬਾਦ ਵਿੱਚ ਉਹ ਝੁਕ ਕੇ ਮੇਰੇ ਪੈਰਾਂ ਅੱਗੇ ਡਿੱਗ ਪਈ ਅਤੇ ਕਿਹਾ, 'ਕੀ ਤੁਸੀਂ ਮੈਨੂੰ ਜੋ ਮੈਂ ਕੀਤਾ ਹੈ ਮਾਫ਼ ਕਰ ਦਿਉਗੇ?''' ਉਹਨੇ ਕਿਹਾ,'''ਯਕੀਨਨ, ਮੈਂ ਤੈਨੂੰ ਮਾਫ ਕਰਦਾ ਹਾਂ।' ਅਤੇ ਉਹਨੇ ਆਖਿਆ, 'ਕਿਉਂ ਤੁਸੀਂ ਐਨੀ ਅਸਾਨੀ ਨਾਲ ਮੈਨੂੰ ਮਾਫ ਕਰ ਦਿੱਤਾ ?' ਕਿਹਾ, 'ਕਿਉਂਕਿ ਮੈਂ ਤੈਨੂੰ ਪਿਆਰ ਕਰਦਾ ਹਾਂ।''' ਅਤੇ ਆਖਿਆ, ''ਸੁਫ਼ਨੇ ਵਿੱਚ ਪ੍ਰਭੂ ਨੇ ਮੈਨੂੰ ਕਿਹਾ ਕਿ, 'ਇਹੋ ਹੀ ਕਾਰਣ ਹੈ ਸ਼ਕ ਮੈਂ ਉਸ ਔਰਤ ਨੂੰ ਮਾਫ਼ ਕਰ ਦਿੱਤਾ, ਕਿਉਂਕਿ ਮੈਂ ਉਹਨੂੰ ਪਿਆਰ ਕਰਦਾ ਹਾਂ।'''

24 ਮੈਂ ਆਖਿਆ, ''ਸ਼੍ਰੀਮਾਨ ਜੀ, ਹੋ ਸੱਕਦਾ ਹੈ ਕਿ ਤੁਹਾਡਾ ਸੁਫਨਾ ਬਹੁਤ ਹੀ ਪਿਆਰਾ ਹੋਵੇ। ਇਹ ਬਹੁਤ ਹੀ ਵਧੀਆ ਹੋਵੇ, ਪਰ ਇਹ ਸੁਫਨਾ ਤੁਹਾਨੂੰ ਪ੍ਰਭੂ ਨੇ ਕਦੇ ਨਹੀਂ ਵਿਖਾਇਆ ਹੈ। ਤੁਹਾਡਾ ਇਹ ਸੁਫਨਾ ਉਹਦੇ ਵਚਨ ਨਾਲ ਮੇਲ ਨਹੀਂ ਖਾਂਦਾ ਹੈ।'' ਇਹ ਠੀਕ ਗੱਲ ਹੈ। ਇਹ ਉਹਦੇ ਵਚਨ ਨਾਲ ਕੰਮ ਨਹੀਂ ਕਰੇਗਾ। ਕੋਈ ਮਤਲਬ ਨਹੀਂ ਕਿ ਇਹ ਕਿੰਨਾ ਅਸਲੀ ਲੱਗਦਾ ਹੈ, ਇਹਨੇ ਤਾਂ ਵਚਨ ਵਿੱਚੋਂ ਹੀ ਆਉਣਾ ਹੈ।

25 ਪੁਰਾਣੇ ਨੇਮ ਵਿੱਚ ਕਿਸੇ ਸੰਦੇਸ਼ ਨੂੰ ਜਾਨਣ ਲਈ ਉਹਨਾਂ ਕੋਲ ਤਿੰਨ ਤਰੀਕੇ ਹੁੰਦੇ ਸਨ। ਪਹਿਲਾ ਤਾਂ ਅਸਲ ਵਿੱਚ ਸ਼ਰਾ ਸੀ, ਅਗਲਾ ਨਬੀ ਦੇ ਰਾਹੀਂ, ਅਤੇ ਉਸ ਤੋਂ ਅਗਲਾ ਸੁਫਨਾ ਵੇਖਣ ਵਾਲਾ ਹੁੰਦਾ ਸੀ। ਹੁਣ, ਸ਼ਰਾ ਲਿਖੇ ਹੋਏ ਦਸਤਾਵੇਜ ਸਨ ਜਿਹੜੇ ਸੰਦੂਕ ਵਿੱਚ ਰੱਖੇ ਹੋਏ ਸਨ, ਅਤੇ ਉਹ ਹੁਕਮ ਸਨ, ਅਤੇ ਸ਼ਰਾ ਹੁਕਮਾਂ ਉੱਤੇ ਅਧਾਰਿਤ ਸੀ। ਅਤੇ ਫਿਰ ਇੱਕ ਨਬੀ ਭਵਿੱਖਬਾਣੀ ਕਰ ਸੱਕਦਾ ਸੀ, ਜਾਂ ਇੱਕ ਸੁਫਨਾ ਵੇਖਣ ਵਾਲਾ ਸੁਫਨਾ ਵੇਖ ਸੱਕਦਾ ਸੀ। ਪ੍ਰਮੇਸ਼ੁਰ ਦੋਹਾਂ ਢੰਗਾਂ ਨਾਲ ਹੀ ਕੰਮ ਕਰਦਾ ਹੈ, ਨਬੀਆਂ ਰਾਹੀਂ ਅਤੇ ਸੁਫਨਿਆਂ ਰਾਹੀਂ। ''ਜੇਕਰ ਤੁਹਾਡੇ ਵਿੱਚੋਂ ਕੋਈ ਆਤਮਿਕ ਹੋਵੇ, ਜਾਂ ਨਬੀ ਹੋਵੇ, ਮੈਂ ਯਹੋਵਾਹ ਆਪਣੇ ਆਪ ਨੂੰ ਉਹਦੇ ਉੱਤੇ ਸੁਫਨਿਆਂ ਵਿੱਚ ਪ੍ਰਗਟ ਕਰਾਂਗਾ, ਅਤੇ ਉਹਦੇ ਉੱਤੇ ਆਪਣੇ ਆਪ ਨੂੰ ਦਰਸ਼ਣਾਂ ਵਿੱਚ ਪ੍ਰਗਟ ਕਰਾਂਗਾ। ਅਤੇ ਜੇਕਰ ਜੋ ਉਹ ਆਖਦਾ ਹੈ ਉਹੋ ਹੀ ਵਾਪਰਦਾ ਹੈ, ਤਾਂ ਉਹਦੀ ਸੁਣੋ, ਕਿਉਂਕਿ ਮੈਂ ਉਹਦੇ ਨਾਲ ਹਾਂ। ਜੇਕਰ ਉਹੋ ਹੀ ਨਹੀਂ ਵਾਪਰਦਾ ਹੈ, ਤਾਂ ਉਹਦੀ ਨਾ ਸੁਣੋ।''

26 ਹੁਣ, ਜਦੋਂ ਉਹ ਕਿਸੇ ਭਵਿੱਖਬਾਣੀ ਕਰਨ ਵਾਲੇ ਨੂੰ, ਨਬੀ ਨੂੰ, ਜਾਂ ਕਿਸੇ ਸੁਫਨਾ ਵੇਖਣ ਵਾਲੇ ਨੂੰ ਲੈਂਦੇ ਸਨ, ਅਤੇ (ਉਹਨਾਂ) ਉਹਦੇ ਕੋਲ ਸੁਫਨਾ ਜਾਂ ਭਵਿੱਖਬਾਣੀ ਹੁੰਦੀ ਸੀ। ਅਤੇ ਉਹ ਇਹ ਜਾਨਣਾ ਚਾਹੁੰਦੇ ਸਨ ਕਿ ਇਹ ਸੱਚਾਈ ਹੈ ਜਾਂ ਨਹੀਂ, ਉਹ ਉਹਨੂੰ ਉਹਦੇ ਕੋਲ ਲੈ ਜਾਂਦੇ ਸਨ ਜਿਹੜਾ ਉਰੀਮ ਤੁਮੀਮ ਅਖਵਾਉਂਦਾ ਹੈ।

27 ਹੁਣ ਹੋ ਸੱਕਦਾ ਹੈ ਕਿ ਤੁਹਾਡੇ ਵਿੱਚੋਂ ਕਈਆਂ ਲਈ ਇਹ ਕਠੋਰ ਸ਼ਬਦ ਹੋਣ। ਪਰ ਅਸਲ ਵਿੱਚ ਅਜਿਹਾ ਸੀ ਕਿ... ਇਸਰਾਏਲ ਦੇ ਬਾਰਾਂ ਗੋਤਾਂ ਉੱਤੇ ਹਾਰੂਨ ਪ੍ਰਧਾਨ ਜਾਜਕ ਸੀ,

ਅਤੇ ਉਹਦੇ ਸੀਨੇਬੰਦ ਉੱਤੇ ਦੋਹੀਂ ਪਾਸੀਂ ਛੇ-ਛੇ ਪੱਥਰ ਸਨ। ਅਤੇ ਹਰੇਕ ਪੱਥਰ ਹਰ ਗੋਤ ਦਾ ਜਨਮ-ਪੱਥਰ ਸੀ, ਜਿਵੇਂ ਕਿ ਯਹੂਦਾਹ ਦਾ ਗੋਤ, ਗਾਦ ਦਾ ਗੋਤ, ਰਊਬੇਨ ਦਾ ਗੋਤ, ਬਿਨਯਾਮੀਨ ਦਾ ਗੋਤ। ਹਰੇਕ ਦਾ ਜਨਮ-ਪੱਥਰ ਸੀ। ਅਤੇ ਜਦੋਂ ਉਹ ਜਨਮ-ਪੱਥਰ... ਉਹ ਹੈਕਲ ਵਿੱਚ ਕੰਧ ਉੱਤੇ ਸੀਨੇਬੰਦ ਦੀਆਂ ਪੱਟੀਆਂ ਵਿੱਚੋਂ ਕਿਸੇ ਇੱਕ ਉੱਤੇ ਟੰਗਿਆ ਹੁੰਦਾ ਸੀ। ਅਤੇ ਫਿਰ ਉਹ ਉਸ ਨਬੀ ਨੂੰ ਜਿਹਨੇ ਭਵਿੱਖਬਾਣੀ ਕਰ ਕੇ ਆਖਿਆ ਹੁੰਦਾ ਸੀ ਕਿ ਪ੍ਰਮੇਸ਼ੁਰ ਅਜਿਹਾ ਕੰਮ ਕਰਨ ਵਾਲਾ ਹੈ, ਉਹਦੇ ਸਾਹਮਣੇ ਲੈ ਆਉਂਦੇ ਸਨ, ਅਤੇ ਉਹ ਉਹਦੇ ਸਾਹਮਣੇ ਆਪਣੀ ਭਵਿੱਖਬਾਣੀ ਦੱਸਦਾ ਸੀ, ਜਾਂ ਉਹ ਆਪਣਾ ਸੁਫਨਾ ਦੱਸਦਾ ਸੀ। ਹੁਣ, ਜੇਕਰ ਪ੍ਰਮੇਸ਼ੁਰ ਉਸ ਸੁਫਨੇ ਜਾਂ ਭਵਿੱਖਬਾਣੀ ਵਿੱਚ ਹੋਵੇ, ਤਾਂ ਉਹਦੇ ਵਿੱਚੋਂ ਰੌਸ਼ਨੀਆਂ ਇਕੱਠੀਆਂ ਹੋ ਕੇ ਨਿੱਕਲਦੀਆਂ ਸਨ ਜਿਨ੍ਹਾਂ ਨਾਲ ਇੱਕ ਮੇਘ-ਧਨੁੱਖ ਬਣਦਾ ਸੀ, ਅਤੇ ਇਹ ਉਸ ਅਲੌਕਿਕ ਪ੍ਰਮੇਸ਼ੁਰ ਵੱਲੋਂ ਇੱਕ ਜਵਾਬ ਦਾ ਪ੍ਰਗਟਾਵਾ ਹੁੰਦਾ ਸੀ ਕਿ ਉਹ ਆਦਮੀ ਸੱਚ ਬੋਲ ਰਿਹਾ ਹੈ। ਸਮਝ ਲੱਗੀ ? ਇਹ ਸਹੀ ਹੈ। ਉਹਦੇ ਵਿੱਚੋਂ ਹਰੇਕ ਪੱਥਰ ਸਹਿਮਤ ਹੁੰਦਾ ਸੀ, ਹਰੇਕ ਪੱਥਰ ਆਪਣੇ ਹਿੱਸੇ ਨੂੰ ਉਹਦੇ ਵਿੱਚ ਸ਼ਾਮਿਲ ਕਰ ਰਿਹਾ ਹੁੰਦਾ ਸੀ, ਅਤੇ ਇਹਦੇ ਰਾਹੀਂ ਪ੍ਰਮੇਸ਼ੁਰ ਦਾ ਜਵਾਬ ਪ੍ਰਗਟ ਹੁੰਦਾ ਸੀ, ਕਿ ''ਇਹ ਮਨੁੱਖ ਇੱਕ ਨਬੀ ਹੈ। ਉਹ ਸੱਚ ਬੋਲ ਰਿਹਾ ਹੈ।'' ਜਾਂ ''ਇਹ ਸੁਫਨਾ ਉਹਨੂੰ ਮੈਂ ਵਿਖਾਇਆ ਹੈ।'' ਅਤੇ ਜੇਕਰ ਇਹ ਬਿਨਾਂ ਹਰਕਤ ਦੇ ਰਹਿੰਦਾ ਹੈ ਅਤੇ ਕੋਈ ਹਲਚਲ ਨਹੀਂ ਹੁੰਦੀ ਸੀ, ਤਾਂ ਮੈਂ ਪਰਵਾਹ ਨਹੀਂ ਕਰਦਾ ਕਿ ਇਹ ਗੱਲ ਕਿੰਨੀ ਅਸਲੀ ਲੱਗਦੀ ਹੈ, ਇਹ ਤਾਂ ਗਲਤ ਅਤੇ ਝੂਠ ਹੀ ਹੈ। ਉਹ ਇਹਨੂੰ ਕਬੂਲ ਨਹੀਂ ਕਰਦੇ ਸਨ।

28 ਇਹ ਅੱਜ ਦੀ ਕਿੰਨੀ ਵਧੀਆ ਤਸਵੀਰ ਹੈ। ਹੁਣ, ਪੁਰਾਣੇ ਨੇਮ ਦਾ ਊਰੀਮ-ਤੁਮੀਮ ਤਾਂ ਉਹਦੇ ਨਾਲ ਹੀ ਖਤਮ ਹੋ ਗਿਆ, ਕਿਉਂਕਿ ਇਹਨੇ ਜਾਜਕਾਈ ਨੂੰ ਹੀ ਬਦਲ ਦਿੱਤਾ ਹੈ। ਹੁਣ ਦਾ ਊਰੀਮ-ਤੁਮੀਮ ਪ੍ਰਮੇਸ਼ੁਰ ਦਾ ਵਚਨ,ਬਾਈਬਲ ਹੀ ਹੈ। ਹਾਂ ਜੀ, ਸ਼੍ਰੀਮਾਨ ਜੀ। ਇੱਥੇ ਬਾਈਬਲ ਆਖਦੀ ਹੈ ਕਿ, ''ਹਰੇਕ ਮਨੁੱਖ ਦਾ ਵਚਨ ਝੂਠਾ ਠਹਿਰੇ ਅਤੇ ਮੇਰਾ ਸੱਚਾ।'' ਅਤੇ ਕੋਈ ਪਰਵਾਹ ਨਹੀਂ ਕਿ ਜਦੋਂ ਇੱਕ ਮਨੁੱਖ ਇਹ ਆਖਦਾ ਹੈ, ਇਹ ਕਿੰਨਾ ਅਸਲੀ ਲੱਗਦਾ ਹੈ, ਜਾਂ ਉਹਦਾ ਸੁਫਨਾ ਜਾਂ ਉਹਦਾ ਪ੍ਰਕਾਸ਼ਨ ਕਿੰਨਾ ਸੱਚਾ ਲੱਗਦਾ ਹੈ, ਅਤੇ ਜੇਕਰ ਬਾਈਬਲ ਦੀ ਹਰੇਕ ਪੁਸਤਕ, ਸਾਰੀ ਹੀ ਬਾਈਬਲ, ਇਹਦੇ ਉੱਤੇ ਪ੍ਰਕਾਸ਼ ਨਹੀਂ ਪਾਉਂਦੀ ਕਿ ਇਹ ਸੱਚਾਈ ਹੈ, ਤਾਂ ਇਹਨੂੰ ਛੱਡ ਦਿਓ, ਰਹਿਣ ਦਿਓ।

29 ਹੁਣ, ਤੁਸੀਂ ਵਚਨ ਦਾ ਛੋਟਾ ਜਿਹਾ ਹਿੱਸਾ ਲੈ ਸੱਕਦੇ ਹੋ, ਅਤੇ ਕਹਿ ਸੱਕਦੇ ਹੋ, ''ਯਿਸੂ ਨੇ *ਫਲਾਣਾ- ਫਲਾਣਾ* ਕੰਮ ਕੀਤਾ ਸੀ, ਅਤੇ ਸਾਨੂੰ ਵੀ ਇਹੋ ਹੀ ਕਰਨਾ ਚਾਹੀਦਾ ਹੈ,'' ਤੁਸੀਂ ਜੋ ਵੀ ਚਾਹੋ ਆਖ ਸੱਕਦੇ ਹੋ ਕਿ ਵਚਨ ਸਾਨੂੰ ਅਜਿਹਾ ਕਰਨ ਲਈ ਆਖਦਾ ਹੈ। ਪ੍ਰੰਤੂ ਇਹਨੂੰ ਤਾਂ ਪ੍ਰਮੇਸ਼ੁਰ ਦੇ ਵਚਨ ਨਾਲ ਪੂਰੀ ਤਰ੍ਹਾਂ ਮੇਲ ਖਾਣਾ ਚਾਹੀਦਾ ਹੈ, ਤਾਂ ਹੀ ਸੱਚ ਹੋਵੇਗਾ ਕਿ ਪ੍ਰਮੇਸ਼ੁਰ ਅਜਿਹਾ ਆਖ ਰਿਹਾ ਹੈ। *ਇਹੋ ਹੀ* ਉਹਦਾ ਊਰੀਮ-ਤੁਮੀਮ ਹੈ।

30 ਇਹੋ ਹੀ ਕਾਰਣ ਹੈ ਕਿ ਪ੍ਰਮੇਸ਼ੁਰ ਨੇ ਕਿਸੇ ਵੀ ਯੁੱਗ ਵਿੱਚ ਕੋਈ ਵੀ ਜੱਥੇਬੰਦੀ ਨਹੀਂ ਬਣਾਈ। ਤੁਸੀਂ ਮੈਨੂੰ ਦੱਸੋ ਕਿ ਕਦੋਂ ਬਣਾਈ ਸੀ। ਅਤੇ ਹੁਣ, ਆਖਰੀ ਚੇਲੇ ਦੀ ਮੌਤ ਤੋਂ ਤਿੰਨ ਸੌ ਸੱਠ ਸਾਲਾਂ ਤੱਕ ਕੋਈ ਵੀ ਜੱਥੇਬੰਦੀ ਨਹੀਂ ਸੀ। ਇਹ ਤਾਂ ਰੋਮਨ-ਕੈਥੋਲਿਕ ਕਲੀਸਿਯਾ ਸੀ।

ਅਤੇ ਉਹਦੇ ਵਿੱਚੋਂ ਹੀ... ਬਾਈਬਲ ਵਿੱਚ ਪ੍ਰਕਾਸ਼ ਦੀ ਪੋਥੀ 17 ਵਿੱਚ ਪ੍ਰਮੇਸ਼ੁਰ ਨੇ ਰੋਮਨ ਕੈਥੋਲਿਕ ਨੂੰ ਹੀ ''ਵੱਡੀ ਕੰਜਰੀ'' ਆਖਿਆ ਹੈ। ਉਹ ਇੱਕ ਨਾਪਾਕ ਔਰਤ ਹੈ। ਅਤੇ ਉਹਦੇ ਤੋ ਜਿਹੜੀਆਂ ਧੀਆਂ ਆਈਆਂ, ਉਹ ਉਹਦੇ ਹੀ ਵਾਂਗ ਕੰਜਰੀਆ ਅਤੇ ਨਾਪਾਕ ਸਨ। ਵਚਨ ਇਹੋ ਹੀ ਦੱਸਦਾ ਹੈ। ਅਤੇ ਰੋਮਨ ਕੈਥੋਲਿਕ ਨੇ ਹੀ ਸਾਰੇ ਪ੍ਰੋਟੈਸਟੈਂਟਵਾਦ ਨੂੰ ਜਨਮ ਦਿੱਤਾ, ਅਤੇ ਉਹ ਵਾਪਿਸ ਮੁੜੇ, ਅਤੇ ਉਹਨਾਂ ਨੇ ਵੀ ਉਹੋ ਹੀ ਕੁਝ ਕੀਤਾ ਜੋ ਉਹਨੇ ਕੀਤਾ ਸੀ।

31 ਅਤੇ ਇਹੋ ਹੀ ਕਾਰਣ ਹੈ ਕਿ ਉਹ ਭ੍ਰਿਸ਼ਟ ਸੀ, ਕਿ ਉਹਦੇ ਹੱਥ ਇੱਕ ਸਿੱਖਿਆਵਾਂ ਦਾ ਪਿਆਲਾ ਹੈ, ਉਹਦੀ ਹਰਾਮਕਾਰੀ ਦੇ ਕੋਪ ਦੀ ਮੈਂ ਦਾ ਪਿਆਲਾ ਹੈ। ਅਤੇ ਉਹਨੇ ਇਹ ਧਰਤੀ ਦੇ ਰਾਜਿਆਂ ਨੂੰ ਦਿੱਤਾ ਹੈ, ਅਤੇ ''ਬਹੁਤੇ ਪਾਣੀਆਂ'' ਉੱਤੇ ਬੈਠੀ ਸੀ, ਅਤੇ ਧਰਤੀ ਦੇ ਰਾਜਿਆਂ ਉੱਤੇ ਹਕੂਮਤ ਕਰਦੀ ਸੀ। ਅਸੀਂ ਬਾਈਬਲ ਵਿੱਚ ਇਹੋ ਹੀ ਵੇਖਿਆ ਹੈ। ਅਸੀਂ ਵੇਖਿਆ ਹੈ ਉਹ ਇੱਕ ਕਲੀਸਿਸਾ ਹੈ, ਜਿਹਨੂੰ ਸੱਤ ਟਿੱਲਿਆਂ ਉੱਤੇ ਬੈਠੀ ਹੋਈ ਹੋਣਾ ਚਾਹੀਦਾ ਹੈ। ਅਸੀਂ ਇਹੋ ਹੀ ਲੱਭਿਆ ਹੈ। ਅਸੀਂ ਵੇਖਿਆ ਹੈ ਕਿ ਉਹ ਤਿਹਰੇ ਮੁਕਟ ਨਾਲ ਸ਼ਿੰਗਾਰੀ ਹੋਈ ਹੈ, ਨਰਕ, ਅਕਾਸ਼ ਅਤੇ ਪਾਪਾਂ ਨੂੰ ਧੋਣ ਦਾ ਅਧਿਕਾਰ। ਇਹ ਠੀਕ ਹੈ। ਅਤੇ ਇੱਕ ਮਨੁੱਖ ਉਹਦਾ ਸ਼ਾਸਕ ਸੀ, ਅਤੇ ਉਹ ਇੱਕ ਮਸੀਹ-ਵਿਰੋਧੀ ਸੀ, ਅਤੇ ਉਹ ਪ੍ਰਮੇਸ਼ੁਰ ਦੀ ਹੈਕਲ ਵਿੱਚ ਬੈਠਾ ਹੋਇਆ ਸੀ, ਅਤੇ ਵਿਖਾ ਰਿਹਾ ਸੀ ਕਿ ਉਹ ਪ੍ਰਮੇਸ਼ੁਰ ਹੈ, ਅਤੇ ਧਰਤੀ ਉੱਤੇ ਪਾਪਾਂ ਨੂੰ ਮਾਫ ਕਰ ਰਿਹਾ ਹੈ। ਅਸੀਂ ਇਹਨਾਂ ਸਾਰੀਆਂ ਹੀ ਗੱਲਾਂ ਦਾ ਅਧਿਐਨ ਕਰ ਚੁੱਕੇ ਹਾਂ, ਅਤੇ ਵੇਖ ਚੁੱਕੇ ਹਾਂ ਕਿ ਇਹ ਠੀਕ ਹੈ।

32 ਆਖਿਆ ਹੈ, ''ਜਿਹਦੇ ਕੋਲ ਗਿਆਨ ਹੈ।'' ਅਸੀਂ ਇਹ ਲੱਭਿਆ ਹੈ ਕਿ ਆਤਮਾ ਇਹ ਆਖ ਰਿਹਾ ਹੈ, ''ਜਿਹਦੇ ਕੋਲ ਗਿਆਨ ਹੈ, ਜਿਹਦੇ ਕੋਲ ਬੁੱਧੀ ਹੈ, ਜਿਹਦੇ ਕੋਲ ਵੱਖਰੀਆਂ-ਵੱਖਰੀਆਂ ਆਤਮਾਵਾਂ ਹਨ, ਅਸਲੀ ਵਰਦਾਨ ਹਨ।'' ਕੀ ਤੁਸੀਂ ਨਹੀ ਵੇਖ ਸੱਕਦੇ ਕਿ ਅੰਤ ਦੇ ਦਿਨਾਂ ਵਿੱਚ ਪ੍ਰਮੇਸ਼ੁਰ ਕਲੀਸਿਯਾ ਦੀ ਅਗੁਵਾਈ ਕਰ ਰਿਹਾ ਹੈ? ਇੱਕ ਅਜਿਹੀ ਕਲੀਸਿਯਾ ਉੱਠ ਖੜੀ ਹੋਣੀ ਹੈ ਜਿਹੜੀ ਆਤਮਿਕ ਵਰਦਾਨਾਂ ਨਾਲ, ਪ੍ਰਮੇਸ਼ੁਰ ਦੇ ਸੱਚੇ ਵਰਦਾਨਾਂ ਨਾਲ ਭਰਪੂਰ ਹੋਵੇ। ''ਜਿਹਦੇ ਕੋਲ ਸਮਝ ਹੈ, ਉਹ ਦਰਿੰਦੇ ਦਾ ਅੰਕ ਗਿਣ ਲਵੇ, ਕਿਉਂਕਿ ਇਹ ਮਨੁੱਖ ਦਾ ਅੰਕ ਹੈ। ਅਤੇ ਉਹਦਾ ਅੰਕ ਛੇ ਸੌ ਛਿਆਹਠ ਹੈ। ਅਤੇ ਸਾਨੂੰ ਇਹ ਪਤਾ ਲੱਗਦਾ ਹੈ ਕਿ ਇਹ ਬਿਲਕੁਲ ਠੀਕ ਗੱਲ ਹੈ। ਇਹ ਹੋਰ ਜਿਆਦਾ ਸਿੱਧ ਨਹੀਂ ਹੋ ਸੱਕਦਾ। ਤੁਸੀਂ ਆਪ ਇਹਨੂੰ ਲਿਖੋ, ''ਵਿਕਾਰਿਵਸ'' ਜਿਹਦਾ ਅਰਥ ਹੈ ਮਸੀਹ ਦੇ ਸਥਾਨ 'ਤੇ, ਅਤੇ ''ਫਿਲੀ'' ਦਾ ਅਰਥ ਹੈ ਪ੍ਰਮੇਸ਼ੁਰ ਦੇ ਸਥਾਨ 'ਤੇ, 'ਵਿਕਾਰਿਅਸ ਫਿਲੀ ਡੇਈ' (VICARIVS FILLI DEI) ਅਤੇ ਇਹਦੀ ਤੁਲਨਾ ਰੋਮਨ ਅੰਕੜਿਆਂ ਨਾਲ ਕਰੋ, ਅਤੇ ਵੇਖੋ ਕਿ ਇਹਦਾ ਜੋੜ ਛੇ ਸੌ ਛਿਆਹਠ ਬਣਦਾ ਹੈ ਕਿ ਨਹੀਂ। ਤੁਸੀਂ ਇਸਨੂੰ *ਕਿਸੇ ਹੋਰ ਚੀਜ ਉੱਤੇ* ਨਾ ਰੱਖੋ, ਜਿਸ ਨਾਲ ਤੁਹਾਨੂੰ ਇਸ ਜਾਂ ਉਸ ਤੇ ਸ਼ੱਕ ਪਵੇ, ਪਰ ਤੁਸੀਂ ਉਸਨੂੰ ਉਸ ਸਥਾਨ ਤੇ ਰੱਖੋ, ਜਿੱਥੇ ਬਾਕੀ ਸਾਰਾ ਵਚਨ ਰੱਖਿਆ ਹੋਇਆ ਹੈ।

33 ਅਤੇ ਅਸੀਂ ਇਸ ਸਥਿਤੀ ਵਿੱਚ ਹਾਂ ਕਿ ਪ੍ਰੋਟੈਸਟੈਂਟ ਉਹਦੇ ਵਿੱਚੋ ਬਾਹਰ ਨਿੱਕਲ ਕੇ ਆ ਰਹੇ ਹਨ। ਅੱਜ ਅਸੀਂ ਇਹਨੂੰ ਹੋਰ ਵੀ ਸਪੱਸ਼ਟ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਕੈਥੋਲਿਕ ਕਲੀਸਿਯਾ ਜਿਹੜੀ ਸਿੱਖਿਆ ਨੂੰ ਲੈ ਕੇ ਆਈ ਸੀ, ਅਤੇ ਜਿਹੜੀ ਸਿੱਖਿਆ ਕੈਥੋਲਿਕ ਦੀ ਹੈ,

ਠੀਕ ਉਸੇ ਹੀ ਸਿੱਖਿਆ ਨੂੰ ਅਸੀਂ ਪ੍ਰੋਟੈਸਟੈਂਟਾਂ ਨੇ ਅਪਨਾ ਲਿਆ ਹੈ। ਅਤੇ ਅਸੀਂ ਉਹੋ ਹੀ ਸਿੱਖਿਆ ਲੋਕਾਂ ਨੂੰ ਦੇ ਰਹੇ ਹਾਂ, ਜਿਹੜਾ ਕਿ ਆਤਮਿਕ ਗੜਬੜੀਆਂ ਦਾ- ਆਤਮਿਕ ਜਨਾਹਕਾਰੀ ਦਾ ਪਿਆਲਾ ਹੈ, ਜਿਹੜਾ ਉਹ ਕੰਜਰੀ ਦਿੰਦੀ ਹੈ। ਕਿਉਂਕਿ ਉਹ ਸਿੱਖਿਆਵਾਂ ਵਚਨ ਮੁਤਾਬਿਕ ਨਹੀ ਹਨ। ਇਹ ਮਨੁੱਖ ਰਾਹੀਂ ਬਣੀਆਂ ਹਨ। ਇਹ ਝੂਠੀ ਭਵਿੱਖਬਾਣੀ ਹੈ। ਇਹ ਇੱਕ ਝੂਠ ਹੈ। ਇਹ ਤਾਂ ਸ਼ੈਤਾਨ ਵੱਲੋ ਹੈ।

34 ਅਤੇ ਫੇਰ ਅਸੀਂ ਇੱਕ ਛੋਟੀ ਜਿਹੀ ਰੂਪ-ਰੇਖਾ ਪ੍ਰਾਪਤ ਕਰਨ ਲਈ ਲੱਭਿਆ ਹੈ, ਕਿ ਸਾਨੂੰ ਉਸ ਯੁੱਗ ਬਾਰੇ ਪਤਾ ਲੱਗੇ ਜਿਹਦੇ ਵਿੱਚ ਅਸੀਂ ਰਹਿ ਰਹੇ ਹਾਂ। ਅਤੇ ਕੱਲ ਰਾਤ ਅਸੀਂ ਵੇਖਿਆ ਸੀ ਕਿ ਵਿਭਚਾਰ ਨਾਲ ਇੱਕ ਬੱਚਾ ਪੈਦਾ ਹੋਇਆ, ਨਜ਼ਾਇਜ ਬੱਚਾ ਜਿਹੜਾ ਕਿ ਚੌਦਾਂ ਪੀਹੜੀਆਂ ਤੱਕ ਯਹੋਵਾਹ ਦੀ ਸਭਾ ਵਿੱਚ ਨਹੀਂ ਆ ਸੱਕਦਾ ਸੀ। ਪਾਪ ਕਿੰਨਾ ਭਿਆਨਕ ਸੀ ! ਕਿੰਨਾ ਭਿਅੰਕਰ, ਉਸ ਸਮੇ ਹੀ ਨਹੀਂ, ਪ੍ਰੰਤੂ ਹੁਣ ਵੀ ਹੈ। ਅਤੇ ਜੇਕਰ ਇਹ ਸ਼ਰਾ ਦੇ ਅਧੀਨ ਸੀ...

35 ਅਤੇ ਮਸੀਹ ਸ਼ਰਾ ਵਿੱਚ ਵਾਧਾ ਕਰਨ ਆਇਆ ਸੀ। ਉਹਨੇ ਆਖਿਆ, ''ਪੁਰਾਣੇ ਸਮੇ ਵਿੱਚ ਤੁਸੀਂ ਉਹਨਾਂ ਨੂੰ ਇਹ ਆਖਦੇ ਸੁਣਿਆ ਸੀ, 'ਤੂੰ ਖ਼ੂਨ ਨਾ ਕਰ', ਪ੍ਰੰਤ ਮੈਂ ਤੁਹਾਨੂੰ ਆਖਦਾ ਹਾਂ ਕਿ ਜਿਹੜਾ ਬਿਨਾਂ ਕਾਰਣ ਆਪਣੇ ਭਰਾ ਨਾਲ ਗੁੱਸਾ ਕਰਦਾ ਹੈ, ਉਹ ਪਹਿਲਾਂ ਹੀ ਉਹਦਾ ਖ਼ੂਨ ਕਰ ਚੁੱਕਿਆ।'' ਇਹਦੇ ਵਿੱਚ ਵਾਧਾ ਕਰ ਦਿੱਤਾ। '' ਪੁਰਾਣੇ ਸਮੇਂ ਵਿੱਚ ਤੁਸੀਂ ਉਹਨਾਂ ਨੂੰ ਆਖਦੇ ਸੁਣਿਆ ਸੀ ਕਿ 'ਤੂੰ ਵਿਭਚਾਰ ਨਾ ਕਰ,' ਇਹ ਇੱਕ ਕਨੂੰਨ ਸੀ, ਪਰ ਮੈਂ ਤੁਹਾਨੂੰ ਆਖਦਾ ਹਾਂ ਕਿ ਜੇ ਕੋਈ ਮਨੁੱਖ ਕਿਸੇ ਔਰਤ ਵੱਲ ਬੁਰੀ ਨਿਗਾਹ ਨਾਲ ਵੇਖੇ, ਤਾਂ ਉਹ ਉਹਦੇ ਨਾਲ ਵਿਭਚਾਰ ਕਰ ਚੁੱਕਾ।'' ਉਹਨੇ ਇਹਨੂੰ ਹਜਾਰਾਂ ਗੁਣਾ ਵਧਾ ਦਿੱਤਾ। ਅੱਛਾ, ਜੇਕਰ ਇਹਦੇ ਸ਼ੁੱਧ ਹੋਣ ਨੂੰ ਚੌਦਾਂ ਪੀਹੜੀਆਂ ਲੱਗਦੀਆਂ ਸਨ, ਤਾਂ ਫੇਰ ਉਹਦੇ ਬਾਰੇ ਕੀ ਹੈ ਜਦੋਂ ਪ੍ਰਮੇਸ਼ੁਰ ਦਾ ਵਾਧਾ ਕਰਨ ਵਾਲਾ ਸ਼ੀਸ਼ਾ ਇਹਦੇ ਉੱਤੇ ਰੱਖਿਆ ਜਾਂਦਾ ਹੈ।

36 ਅਤੇ ਅੱਜ ਲੋਕ...ਹਾਈ ਸਕੂਲਾਂ ਵਿੱਚ ਕਿਸ਼ੋਰ ਮੁੰਡੇ- ਕੁੜੀਆਂ, ਬੀਅਰ ਪਾਰਟੀਆਂ ਵਿੱਚ ਜਾਂਦੇ ਹਨ, ਸ਼ਰਾਬ ਪੀਂਦੇ ਹਨ ਅਤੇ ਇਹੋ ਜਿਹਾ ਜੀਵਨ ਗੁਜਾਰਦੇ ਹਨ... ਛੋਟੀ ਉਮਰ ਦੇ ਮੁੰਡੇ ਅਤੇ ਕੁੜੀਆਂ ਵਿਭਚਾਰ ਵਾਲੀ ਜਿੰਦਗੀ ਜੀਉਂਦੇ ਹਨ, ਅਤੇ ਇਹ ਜਿਹੇ ਕੰਮ ਕਰਦੇ ਹਨ। ਇਸ ਤੋਂ ਬਾਦ ਕਿਸ ਤਰ੍ਹਾਂ ਦੀ ਪੀੜ੍ਹੀ ਆ ਰਹੀ ਹੈ ? ਕਿਹੜੀ ਚੀਜ ਇਹਨਾਂ ਛੋਟੀਆਂ ਕੁੜੀਆਂ ਕੋਲੋਂ ਅਜਿਹੇ ਕੰਮ ਕਰਵਾਉਂਦੀ ਹੈ ? ਉਹਨਾਂ ਦੀਆਂ ਮਾਂਵਾਂ ਮੱਖੀ-ਮਾਰ ਸਨ, ਉਹਨਾਂ ਦੀਆਂ ਦਾਦੀਆਂ-ਨਾਨੀਆਂ ਗੀਤ-ਮੰਡਲੀ ਵਿੱਚ ਹੁੰਦੀਆਂ ਸਨ। ਅਤੇ ਉਹਨੇ ਕਿਹਾ ਸੀ ਕਿ ਉਹ ਮਾਪਿਆਂ ਦੇ ਕੁਧਰਮ ਦੀ ਸਜਾ ਉਹਨਾਂ ਦੇ ਬੱਚਿਆਂ ਦੇ ਬੱਚਿਆਂ ਦੇ ਬੱਚਿਆਂ ਨੂੰ, ਤੀਜੀ ਚੌਥੀ ਪੀੜ੍ਹੀ ਨੂੰ ਦੇਵੇਗਾ। ਇਸ ਤੋਂ ਵੱਧ ਤੁਸੀਂ ਹੋਰ ਕੀ ਆਸ ਰੱਖ ਸੱਕਦੇ ਹੋ ?

37 ਅਤੇ ਜਦੋਂ ਸਾਰੀਆਂ ਚੀਜਾਂ ਚੋਣ ਲੱਗ ਪਈਆਂ ਹਨ, ਅਤੇ ਧਰਮੀ ਬੀਜ ਇੱਕ ਪਾਸੇ ਸਥਿਰ ਹੋਣ ਲੱਗ ਪਿਆ ਹੈ, ਅਤੇ ਉਹ ਪਤਲਾ ਹੋਰ ਪਤਲਾ ਹੁੰਦਾ ਜਾ ਰਿਹਾ ਹੈ। ਅਤੇ ਦੁਸ਼ਟ ਵੱਧਦੇ-ਫੁੱਲਦੇ ਜਾ ਰਹੇ ਹਨ, ਬਹੁਤ ਧਾਰਮਿਕ ਬਣਦੇ ਜਾ ਰਹੇ ਹਨ, ਬਸ ਦੁਸ਼ਟ, ਹੋਰ ਦੁਸ਼ਟ ਹੋਰ ਦੁਸ਼ਟ ਹੁੰਦੇ ਜਾ ਰਹੇ ਹਨ, ਇਸ ਸੱਭ ਕਾਸੇ ਨੂੰ ਨਸ਼ਟ ਕਰਨ ਤੋਂ ਇਲਾਵਾ ਕੁਝ ਹੋਰ ਨਹੀਂ ਬਚਿਆ ਹੈ, ਜਿਵੇਂ ਉਹਨੇ ਜਲ-ਪਰਲੋ ਦੇ ਸਮੇਂ ਕੀਤਾ ਸੀ। ਮਨੁੱਖ ਦੀਆਂ ਸੋਚਾਂ ਲਗਾਤਾਰ ਪਾਪ

ਨਾਲ ਭਰੀਆਂ ਰਹਿੰਦੀਆਂ ਹਨ। ਅੱਜ ਹਰੇਕ ਆਦਮੀ ਵਿਸਕੀ ਦੀ ਬੋਤਲ ਬਾਰੇ ਜਾਂ ਕਿਸੇ ਔਰਤ ਬਾਰੇ ਜਾਂ ਅਵਾਰਾਗਰਦੀ ਕਰਨ ਬਾਰੇ ਹੀ ਸੋਚਦਾ ਹੈ, ਅਤੇ ਆਦਮੀ ਆਪਣੀਆਂ ਪਤਨੀਆਂ ਪ੍ਰਤੀ ਸੱਚੇ ਨਹੀਂ ਰਹਿ ਸੱਕਦੇ। ਜਵਾਨ ਮੁੰਡੇ ਆਪਣੀਆਂ ਦੋਸਤ ਕੁੜੀਆਂ ਪ੍ਰਤੀ ਸੱਚੇ ਨਹੀਂ ਰਹਿ ਸੱਕਦੇ ਹਨ। ਕੁੜੀਆਂ ਵੀ ਆਪਣੇ ਦੋਸਤ ਮੁੰਡਿਆਂ ਪ੍ਰਤੀ ਸੱਚੀਆਂ ਨਹੀਂ ਰਹਿ ਸੱਕਦੀਆਂ ਹਨ। ਕਿਉਂ, ਉਹ ਤਾਂ ਅਜਿਹੀ ਸਥਿਤੀ ਵਿੱਚ ਆ ਪਹੁੰਚੇ ਹਨ ਜਿੱਥੇ ਸ਼ੈਤਾਨ ਨੇ ਉਹਨਾਂ ਨੂੰ ਦੁਸ਼ਟ ਆਤਮਾ ਰਾਹੀਂ ਐਨਾ ਜਕੜਿਆ ਹੋਇਆ ਹੈ ਕਿ ਸੱਭ ਕੁਝ ਪਾਪ ਦਾ ਢੇਰ ਬਣ ਕੇ ਰਹਿ ਗਿਆ ਹੈ। ਇਸੇ ਹੀ ਕਾਰਣ ਅਸੀਂ ਇਹਨਾਂ ਦਿਨਾਂ ਵਿੱਚ ਹਾਂ। ਅਤੇ ਇਸੇ ਹੀ ਕਾਰਣ ਰੂਸ ਠੀਕ ਪ੍ਰਮੇਸ਼ੁਰ ਦੇ ਹੱਥਾਂ ਵਿੱਚ ਕੰਮ ਰਿਹਾ ਹੈ, ਕਿ ਇਸ ਚੀਜ ਨੂੰ ਇੱਥੋ ਉਖਾੜ ਸੁੱਟੇ। ਬਾਈਬਲ ਅਜਿਹਾ ਹੀ ਆਖਦੀ ਹੈ। ਯਕੀਨਨ ਹੀ। ਪ੍ਰਮੇਸ਼ੁਰ ਸਾਮਵਾਦ ਨੂੰ ਵਰਤ ਰਿਹਾ ਹੈ। ਉਹ ਇਹਦੀ ਵਰਤੋਂ ਕਰੇਗਾ। ਵਚਨ ਦੇ ਅਨੁਸਾਰ ਸਾਮਵਾਦ ਅਜਿਹੇ ਸੱਭ ਕਾਸੇ ਦਾ ਸਫਾਇਆ ਕਰ ਦੇਵੇਗਾ, ਅਤੇ ਅਸੀਂ ਇਹਨਾਂ ਹੀ ਦਿਨਾਂ ਵਿੱਚ ਹਾਂ।

38 ਹੁਣ ਵੇਖੋ, ਅਸੀਂ ਉਹਨਾਂ ਗੱਲਾਂ ਦਾ ਖੁਲਾਸਾ ਕਰ ਰਹੇ ਹਾਂ। ਲੋਕੋ, ਸੁਣੋ, ਤੁਸੀਂ ਇਹਨਾਂ ਚੀਜਾਂ ਦਾ ਸਾਹਮਣਾ ਕਰ ਰਹੇ ਹੋ। ਅਤੇ ਤੁਸੀਂ ਇਹ... ਇਹ ਤੁਹਾਡੀ ਅਨੰਤ ਮੰਜਿਲ ਨੂੰ ਤੈਅ ਕਰਦਾ ਹੈ, ਅਤੇ ਇਹਨਾਂ ਗੱਲਾਂ ਨੂੰ ਹਲਕਾ-ਫੁਲਕਾ ਨਾ ਸਮਝਿਓ। ਇਹਨੂੰ ਉਰੀਮ-ਤੁਮੀਮ ਵਿੱਚ ਵੇਖੋ ਕਿ ਇਹ ਪ੍ਰਭਾਵ ਪਾ ਰਿਹਾ ਹੈ ਜਾਂ ਨਹੀਂ, ਇਹ ਵਚਨ ਉੱਤੇ ਕਿਵੇਂ ਪ੍ਰਭਾਵ ਪਾਉਂਦਾ ਹੈ।

39 ਹੁਣ, ਜਦੋਂ ਅਸੀਂ ਇਹਨਾਂ ਚੀਜਾਂ ਬਾਰੇ ਗੱਲਬਾਤ ਕਰ ਰਹੇ ਹਾਂ ਤਾਂ ਤੁਸੀਂ ਵੇਖੋ ਕਿ ਇਹ ਬਾਈਬਲ ਨਾਲ ਮੇਲ ਖਾਂਦਾ ਹੈ ਜਾਂ ਨਹੀਂ, ਵੇਖੋ ਕਿ ਇਹ ਜੋ ਵਚਨ ਆਖਦਾ ਹੈ ਉਹਦੇ ਨਾਲ ਮਿਲਦਾ ਹੈ ਕਿ ਨਹੀਂ।

40 ਹੁਣ, ਜਿਵੇਂ ਕਿ ਤੁਸੀਂ ਕਹਿੰਦੇ ਹੋ, ਹਰ ਕਲੀਸਿਯਾ ਆਖਦੀ ਹੈ ਕਿ, ''ਮੈਂ ਇੱਕ ਮਸੀਹੀ ਹਾਂ।'' ''ਤੁਸੀਂ ਕਿਹੜੀ ਜੱਥੇਬੰਦੀ ਨਾਲ ਸੰਬੰਧ ਰੱਖਦੇ ਹੋ?'' ਅਸੀਂ ਵੇਖਦੇ ਹਾਂ ਕਿ ਜੱਥੇਬੰਦੀਆਂ ਦਾ ਬਾਈਬਲ ਨਾਲ ਕੋਈ ਵਾਹ-ਵਾਸਤਾ ਨਹੀਂ ਹੈ। ਅਤੇ ਸਾਰੀਆਂ ਹੀ ਪ੍ਰੋਟੈਸਟੈਂਟ ਕਲੀਸਿਯਾਂ ਕੰਜਰੀਆਂ ਹਨ। ਤੁਹਾਡੀ ਬਾਈਬਲ ਅਜਿਹਾ ਹੀ ਆਖਦੀ ਹੈ। ਜਦੋਂ ਤੁਸੀਂ ਆਖਦੇ ਹੋ ਕਿ ਤੁਸੀਂ ਮੈਥੋਡਿਸਟ ਹੋ, ਤਾਂ ਤੁਸੀਂ ਮੈਥੋਡਿਸਟ ਕੰਜਰੀ ਹੋ। ਤੁਸੀਂ ਆਖਦੇ ਹੋ ਕਿ ਤੁਸੀਂ ਬੈਪਟਿਸਟ ਹੋ, ਤਾਂ ਤੁਸੀਂ ਬੈਪਟਿਸਟ ਕੰਜਰੀ ਹੋ। ਜਦੋਂ ਤੁਸੀਂ ਆਖਦੇ ਹੋ ਕਿ ਤੁਸੀਂ ਪੈਂਟੀਕਾਸਟਲ ਹੋ, ਤਾਂ ਤੁਸੀਂ ਪੈਂਟੀਕਾਸਟਲ ਕੰਜਰੀ ਹੋ। ਬਾਈਬਲ ਅਜਿਹਾ ਹੀ ਆਖਦੀ ਹੈ। ਇਸ ਲਈ ਉਹ, ''ਕੰਜਰੀਆਂ ਦੀ ਮਾਂ'' ਹੈ। ਹੁਣ, ਜੇਕਰ ਤੁਹਾਨੂੰ ਇਹੋ ਕੁਝ ਹੀ ਮਿਲਦਾ ਹੈ...

41 ਹੁਣ, ਜੇਕਰ ਤੁਸੀਂ ਕਿਸੇ ਜੱਥੇਬੰਦੀ ਵਿੱਚ ਸੰਗਤੀ ਕਰ ਰਹੇ ਹੋ ਅਤੇ ਫੇਰ ਵੀ ਇੱਕ ਮਸੀਹੀ ਹੋ, ਤਾਂ ਤੁਸੀਂ ਇੱਕ ਮਸੀਹੀ ਹੀ ਹੋ, ਅਤੇ ਤੁਸੀਂ ਇੱਕ ਮੈਥੋਡਿਸਟ ਨਹੀਂ ਹੋ, ਨਾ ਹੀ ਤੁਸੀਂ ਇੱਕ ਬੈਪਟਿਸਟ ਹੋ, ਅਤੇ ਨਾ ਹੀ ਤੁਸੀਂ ਇੱਕ ਪੈਂਟੀਕਾਸਟਲ ਹੋ। ਤੁਸੀਂ ਤਾਂ ਕੇਵਲ ਇੱਕ ਮਸੀਹੀ ਹੋ। ਇਸ ਕਾਰਣ ਨਹੀਂ ਕਿ...

42 ਅੱਜ ਜਦੋਂ ਮੈਂ ਚਰਚ ਆਉਣ ਲਈ ਤਿਆਰ ਹੋ ਰਿਹਾ ਸੀ, ਤਾਂ ਮੈਂ ਰੇਡੀਓ ਉੱਤੇ ਲੂਈਵਿਲੇ ਵਿੱਚ ਕਰਿਸ਼ਚਿਅਨ ਗੋਲ ਮੇਜ਼ ਬਾਰੇ ਗੱਲਬਾਤ ਸੁਣੀ। ਅਤੇ ਕਲੀਸਿਆਵਾਂ ਨੇ

ਆਪਣੇ ਬੱਚਿਆਂ ਨੂੰ ਸਿੱਖਿਆ ਦੇਣ ਵਾਲੇ ਪ੍ਰੋਗਰਾਮਾਂ ਵਿੱਚ ਆਧੁਨਿਕ ਸ਼ਰਾਬ ਪੀਣ ਨੂੰ ਸ਼ਾਮਿਲ ਕਰ ਲਿਆ ਹੈ।

ਅਸੀਂ ਕਿਸ ਤਰ੍ਹਾਂ ਦੇ ਮੂਰਖ ਲੋਕਾਂ ਦਾ ਝੁੰਡ ਉਤਪੰਨ ਕਰਨ ਜਾ ਰਹੇ ਹਾਂ ? ਅਜਿਹਾ ਕਿਉਂ ਹੈ ? ਕਿਉਂਕਿ ਘਰ ਵਿੱਚ ਉਹਨਾਂ ਦੇ ਮਾਂ-ਬਾਪ ਪ੍ਰਮੇਸ਼ੁਰ ਬਾਰੇ ਐਨਾ ਨਹੀਂ ਜਾਣਦੇ ਜਿੰਨਾ ਕਿ ਅਫਰੀਕੀ ਹੋਟਨਟੋਟ ਜਾਤੀ ਮਿਸਰ ਦੀ ਰਾਤ ਬਾਰੇ ਜਾਣਦੀ ਹੈ।ਉਸ ਸੱਭ ਕਾਸੇ ਨਾਲੋਂ ਵੱਖਰੇ ਹੋ ਜਾਓ। ਤੁਸੀਂ ਆਧੁਨਿਕ ਨਹੀਂ... ਆਪਣੇ ਆਪ ਨੂੰ ਆਧੁਨਿਕ ਨਾ ਬਣਾਓ। ਜਦੋਂ ਤੁਸੀਂ ਅਜਿਹਾ ਕਰਦੇ ਹੋ ਤਾਂ ਤੁਸੀਂ ਆਪਣੇ ਆਪ ਨੂੰ ਪਿਅੱਕੜ ਬਣਾਉਂਦੇ ਹੋ। ''ਓਹ, *ਅਸੀਂ* ਆਪਣੀ ਕੁੜੀ ਨੂੰ *ਇਹ* ਕਰਨ ਦਿਆਂਗੇ, ਅਤੇ ਅਸੀਂ ਆਪਣੇ ਮੁੰਡੇ ਨੂੰ ਇਹ ਕਰਨ ਦਿਆਂਗੇ, ਅਤੇ ਇਸੇ ਹੀ ਪ੍ਰਕਾਰ ਦੇ ਹੋਰ ਕੰਮ। ਤੁਸੀਂ ਕਾਹਦੀ ਉਮੀਦ ਕਰ ਸੱਕਦੇ ਹੋ ? ਅਸੀਂ ਹੋਰ ਦੂਸਰੀ ਪੀੜ੍ਹੀ ਤੱਕ ਨਹੀਂ ਜਾ ਸੱਕਦੇ। ਅਸੀਂ ਅਜਿਹਾ ਨਹੀਂ ਕਰ ਸੱਕਦੇ। ਅਸੀਂ ਅੰਤ ਸਮੇਂ ਵਿੱਚ ਹਾਂ।

43 ਇਸ ਲਈ, ਮੈਂ ਇਹ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਕਿਸੇ ਪ੍ਰਕਾਰ ਦਾ ਮੂਰਖ ਨਾ ਸਮਝਿਓ। ਹੋ ਸੱਕਦਾ ਹੈ ਕਿ ਮੈਂ ਹੋਵਾਂ, ਜੇਕਰ ਮੈਂ ਹਾਂ, ਤਾਂ ਮੈਂ ਬਸ... ਮੈਂ ਇਸ ਤੋਂ ਅਣਜਾਣ ਹਾਂ।

44 ਮੈਂ ਆਪਣੀ ਪਤਨੀ ਨੂੰ ਜੋ ਕਿ ਇੱਥੇ ਬੈਠੀ ਹੋਈ ਹੈ ਆਖਿਆ। ਮੈਂ ਕਿਹਾ, ''ਮੀਡਾ, ਕੀ ਮੈਂ ਧਾਰਮਿਕ ਕੱਟੜ ਬਣ ਗਿਆ ਹਾਂ ? ਕੀ ਮੇਰਾ ਦਿਮਾਗ ਖਰਾਬ ਹੋ ਗਿਆ ਹੈ ? ਜਾਂ ਕੀ ਇਹ ਪ੍ਰਮੇਸ਼ੁਰ ਦਾ ਆਤਮਾ ਹੈ ਜਿਹੜਾ ਇਹਨਾਂ ਕੰਮਾਂ ਨੂੰ ਬਰਦਾਸ਼ਤ ਨਹੀਂ ਕਰ ਸੱਕਦਾ, ਅਤੇ ਇਹਨਾਂ ਗੱਲਾਂ ਦੇ ਵਿਰੁੱਧ ਰੌਲਾ ਪਾ ਰਿਹਾ ਹੈ ? ਕੀ ਮੇਰੇ ਅੰਦਰ ਕੋਈ ਅਜਿਹੀ ਚੀਜ਼ ਹੈ ਜਿਹਨੇ ਮੈਨੂੰ ਅਜਿਹਾ ਬਣਾ ਦਿੱਤਾ ਹੈ ਕਿ ਮੈਂ ਆਪਣੀ ਹੀ ਮਰਜ਼ੀ ਅਤੇ ਆਪਣੀ ਹੀ ਇੱਛਾ ਦੇ ਵਿਰੁੱਧ ਚਲਾ ਜਾਂਦਾ ਹਾਂ ? ਮੈਂ ਆਖਿਆ, ''ਤਿੰਨ ਗੱਲਾਂ ਹਨ ਜਿਹੜੀਆਂ ਹੋ ਸੱਕਦੀਆਂ ਹਨ। ਜਾਂ ਤਾਂ ਫਿਰ ਮੇਰਾ ਦਿਮਾਗ ਖਰਾਬ ਹੋ ਗਿਆ ਹੈ...।'' ਜੇਕਰ ਮੈਂ ਪਾਗਲ ਹੋ ਗਿਆ ਹਾਂ, ਤਾਂ ਮੈਂ ਇਹ ਨਹੀਂ ਜਾਣਦਾ। ਮੈਂ ਤਾਂ ਇੱਕ ਛੇਤੀ ਘਬਰਾ ਜਾਣ ਵਾਲਾ ਅਤੇ ਪਰੇਸ਼ਾਨ ਹੋਣ ਵਾਲਾ ਵਿਅਕਤੀ ਹਾਂ। ਇਹ ਤਾਂ ਮੇਰਾ ਸੁਭਾਅ ਹੀ ਹੈ। ਪ੍ਰੰਤੂ ਇੱਕ ਪ੍ਰਚਾਰਕ ਹੋਣ ਦੇ ਨਾਤੇ ਮੇਰਾ ਵਰਦਾਨ ਹੀ ਅਜਿਹਾ ਕਰਦਾ ਹੈ। ਪ੍ਰੰਤੂ ਮੈਂ-ਮੈਂ... ''ਜਾਂ ਤਾਂ ਮੇਰਾ ਦਿਮਾਗ ਖਰਾਬ ਹੋ ਗਿਆ ਹੈ, ਜਾਂ ਫਿਰ ਮੈਂ ਕੱਟੜ ਬਣ ਗਿਆ ਹਾਂ, ਜਾਂ ਫਿਰ ਇਹ ਪ੍ਰਮੇਸ਼ੁਰ ਦਾ ਆਤਮਾ ਹੈ।'' ਇਹਨਾਂ ਵਿੱਚੋਂ ਕੋਈ ਇੱਕ ਗੱਲ ਤਾਂ ਹੋਣੀ ਚਾਹੀਦੀ ਹੈ।

45 ਪ੍ਰੰਤੂ, ਮੈਂ ਉਹਨਾਂ ਗੱਲਾਂ ਨੂੰ ਵੇਖਣ ਲਈ ਖੜ੍ਹਾ ਨਹੀਂ ਰਹਿ ਸੱਕਦਾ, ਅਤੇ ਮੇਰੇ ਅੰਦਰ ਕੋਈ ਚੀਜ਼ ਹੈ ਜਿਹੜੀ ਚਿੱਲਾ ਉੱਠਦੀ ਹੈ।ਅਤੇ ਫਿਰ ਵੀ ਮੈਂ ਜਾਣਦਾ ਹਾਂ ਕਿ ਬਾਈਬਲ ਦੇ ਅਨੁਸਾਰ ਇਸਨੇ ਅਜਿਹਾ ਹੀ ਹੋਣਾ ਹੈ। ਤਾਂ ਫਿਰ ਚੀਕਣ-ਚਿੱਲਾਉਣ ਨਾਲ ਕੀ ਲਾਭ ਹੁੰਦਾ ਹੈ ? ਜੇਕਰ ਪ੍ਰਮੇਸ਼ੁਰ ਕੋਲ ਇਹਨਾਂ ਗੱਲਾਂ ਦੇ ਵਿਰੁੱਧ ਰੌਲਾ ਪਾਉਣ ਲਈ ਕੋਈ ਅਵਾਜ ਨਾ ਹੋਵੇ ਕਿ ਉਹ ਇਹਨਾਂ ਉੱਤੇ ਨਿਆਂ ਲਿਆਵੇ, ਤਾਂ ਫਿਰ ਕਿਵੇਂ ਪ੍ਰਮੇਸ਼ੁਰ ਨਿਆਂ ਲਈ ਖੜ੍ਹਾ ਹੋਵੇਗਾ, ਅਤੇ ਇਸ ਪੀੜ੍ਹੀ ਨੂੰ ਜਿਹੜੀ ਇੱਥੇ ਹੈ, ਇਹਨੂੰ ਨਿਆਂ ਵਿੱਚ ਸੁੱਟੇਗਾ ? ਉਹਨਾਂ ਫਰੀਸੀਆਂ ਦਾ ਕੀ ਹੁੰਦਾ, ਜੇਕਰ ਉੱਥੇ ਯੂਹੰਨਾ ਨਾ ਹੁੰਦਾ, ਜਿਹੜਾ ਜੰਗਲ ਵਿੱਚੋਂ ਰੌਲਾ ਪਾਉਂਦਾ ਆਇਆ ਸੀ ? ਇਹਦੇ ਨਾਲ ਕੀ ਭਲਾ ਹੋਵੇਗਾ, ਜਦੋਂ ਮੈਂ ਇਹ ਆਖਾਂ, ''ਉਹਨਾਂ ਨੂੰ *ਇਹ* ਨਹੀਂ ਕਰਨਾ ਚਾਹੀਦਾ, ਅਤੇ *ਇਹ* ਨਹੀਂ ਕਰਨਾ ਚਾਹੀਦਾ, ਅਤੇ *ਇਹ* ਨਹੀਂ ਕਰਨਾ ਚਾਹੀਦਾ, ਅਤੇ ਤੁਹਾਨੂੰ *ਇਹ* ਨਹੀਂ

ਕਰਨਾ ਚਾਹੀਦਾ। ਅਤੇ ਤੁਹਾਨੂੰ ਪਵਿੱਤਰ ਆਤਮਾ ਨਾਲ ਭਰ ਜਾਣਾ ਚਾਹੀਦਾ ਹੈ''?

ਉਹ ਮੇਰੇ ਲਾਗਿਓਂ ਲੰਘ ਕੇ ਚਲੇ ਜਾਂਦੇ ਹਨ ਅਤੇ ਆਖਦੇ ਹਨ, ''ਉਹ ਤਾਂ ਪਾਗਲ ਹੋ ਗਿਆ ਹੈ ! ਮੂਰਖ ਹੈ ! ਉਹਨੂੰ ਕੁਝ ਹੋ ਗਿਆ ਹੈ !''

ਅੱਛਾ, ਅਜਿਹਾ ਕਰਨ ਦਾ ਕੀ ਲਾਭ ਹੈ ? ਕਿਉਂਕਿ ਪ੍ਰਮੇਸ਼ੁਰ ਕੋਲ ਇੱਕ ਅਵਾਜ਼ ਹੋਣੀ ਹੁੰਦੀ ਹੈ। ਕੁਝ ਵੀ ਹੋਵੇ, ਉਹਨੇ ਤਾਂ ਕਹਿਣਾ ਹੀ ਹੁੰਦਾ ਹੈ, ਤਾਂ ਕਿ ਨਿਆਂ ਲਿਆ ਸਕੇ, ਆਖੇ, ''ਇਹ ਅਵਾਜ਼ ਉੱਥੇ ਸੀ। ਤੁਸੀਂ ਇਸ ਤੋਂ ਅਣਜਾਣ ਨਹੀਂ ਹੋ।'' ਇਹ ਠੀਕ ਹੈ। ਅਤੇ ਜੇਕਰ ਤੁਸੀਂ ਰੌਲਾ ਨਹੀਂ ਪਾਉਂਦੇ, ਤਾਂ ਉਹ ਕੀ ਕਰੇਗਾ ? ਤੁਹਾਡੇ ਅੰਦਰ ਕੋਈ ਚੀਜ਼ ਹੈ ਜਿਹੜੀ ਰੌਲਾ ਪਾਉਂਦੀ ਹੈ। ਤੁਸੀਂ ਇਹਦੇ ਵਿੱਚ ਆਪ ਕੁਝ ਨਹੀਂ ਕਰ ਸੱਕਦੇ ਹੋ।

46 ਹੁਣ, ਅਸੀਂ ਲੱਭਿਆ ਹੈ ਕਿ ਜਦੋਂ ਅਸੀਂ ਦੂਸਰੇ ਲੇਖ ਨੂੰ ਲੈ ਕੇ ਆਏ ਜਿਹੜਾ ਸਾਡੇ ਕੋਲ ਹੈ, ਤਾਂ ਸਾਨੂੰ ਪਤਾ ਲੱਗਾ ਕਿ ਅਸੀਂ ਕਿਉਂ ਇੱਕ ਜੱਥੇਬੰਦੀ ਨਹੀਂ ਹਾਂ। ਅਤੇ ਅਸੀਂ ਨਿਹਚਾ ਕਰਦੇ ਹਾਂ ਕਿ ਮੈਥੋਡਿਸਟ, ਬੈਪਟਿਸਟ, ਪ੍ਰੈਸਬਾਈਟੇਰੀਅਨ, ਪੈਂਟੀਕਾਸਟਲ ਅਤੇ ਹੋਰਨਾਂ ਜੱਥੇਬੰਦੀਆਂ ਵਿੱਚ ਨਵਾਂ ਜਨਮ ਪਾਏ ਹੋਏ ਮਸੀਹੀ ਅਤੇ ਪਵਿੱਤਰ ਲੋਕ ਹਨ। ਅਸੀਂ ਨਿਹਚਾ ਕਰਦੇ ਹਾਂ ਕਿ ਪ੍ਰਮੇਸ਼ੁਰ ਦੀ ਕਲੀਸਿਆ ਉਹ ਬੀਜ ਹੈ ਜਿਹੜਾ ਇਸ ਖੇਤਰ ਵਿੱਚ ਇੱਥੇ ਹੇਠਾਂ ਮਿਲਾ ਦਿੱਤਾ ਗਿਆ ਹੈ, ਜਿਵੇਂ ਕਿ ਅਸੀਂ ਕੱਲ ਰਾਤ ਗੱਲਬਾਤ ਕੀਤੀ ਸੀ ਕਿ ਇਹ ਅਗੇਤਰੇ ਠਹਿਰਾਏ ਜਾਣ ਰਾਹੀਂ ਅੰਦਰ ਆਉਂਦਾ ਹੈ, ਅਤੇ ਅਸੀਂ ਇਹਦੇ ਉੱਤੇ ਹੋਰ ਚਰਚਾ ਕਰਾਂਗੇ। ਅਜਿਹਾ ਨਹੀਂ ਹੈ ਕਿ ਪ੍ਰਮੇਸ਼ੁਰ ਕਿਸੇ ਵੀ ਗੱਲ ਨੂੰ ਵਾਪਰਨ ਲਈ ਅਗੇਤਰਾ ਠਹਿਰਾਉਂਦਾ ਹੈ, ਪ੍ਰੰਤੂ ਉਹ ਆਪਣੇ ਪੂਰਵ–ਗਿਆਨ ਰਾਹੀਂ ਅਗੇਤਰਾ ਠਹਿਰਾ ਸੱਕਦਾ ਹੈ, ਕਿਉਂਕਿ ਉਹ ਸੱਭ ਕੁੱਝ ਜਾਣਦਾ ਸੀ।

47 ਅਤੇ ਪਿਛਲੀ ਰਾਤ ਸਾਨੂੰ ਇਹ ਪਤਾ ਲੱਗਾ ਕਿ ਕੋਈ ਵੀ ਅੱਜ ਰਾਤ ਨਹੀਂ ਬਚਾਇਆ ਗਿਆ, ਅਤੇ ਉਹਨਾਂ ਦੇ ਨਾਮ ਲੇਲੇ ਦੇ ਜੀਵਨ ਦੀ ਪੋਥੀ ਵਿੱਚ ਲਿਖੇ ਹੋਏ ਸਨ। ਤੁਹਾਡਾ ਨਾਮ ਜਾਂ ਤਾਂ ਲੇਲੇ ਦੀ ਪੋਥੀ ਵਿੱਚ ਜਗਤ ਦੇ ਅਰੰਭ ਤੋਂ ਪਹਿਲਾਂ ਹੀ ਲਿਖ ਦਿੱਤਾ ਗਿਆ ਸੀ, ਜਾਂ ਫਿਰ ਕਦੇ ਵੀ ਨਹੀਂ ਲਿਖਿਆ ਗਿਆ ਸੀ ਜਾਂ ਨਾ ਹੀ ਕਦੇ ਲਿਖਿਆ ਜਾਵੇਗਾ। ਅਸੀਂ ਵੇਖਿਆ ਹੈ ਕਿ ਜਦੋਂ ਪ੍ਰਮੇਸ਼ੁਰ ਨੇ ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ ਲੇਲੇ ਨੂੰ ਕੁਰਬਾਨ ਕੀਤਾ ਤਾਂ ਤੁਸੀਂ ਵੀ ਲੇਲੇ ਦੇ ਨਾਲ ਹੀ ਕੁਰਬਾਨ ਕੀਤੇ ਗਏ ਸੀ। ਕੀ ਤੁਸੀਂ ਇਹਦੇ ਉੱਤੇ ਵਿਸ਼ਵਾਸ ਕਰਦੇ ਹੋ ? ਬਸ ਅਸੀਂ ਇੱਕ ਪਲ ਵਿੱਚ ਪਤਾ ਲਗਾਉਣ ਜਾ ਰਹੇ ਹਾਂ।

48 ਆਉ ਅਸੀਂ ਪ੍ਰਕਾਸ਼ ਦੀ ਪੋਥੀ ਕੱਢੀਏ, ਅਸੀਂ ਪ੍ਰਕਾਸ਼ ਦੀ ਪੋਥੀ 17 ਤੋਂ ਹੀ ਸ਼ੁਰੂ ਕਰੀਏ... ਜਾਂ ਪ੍ਰਕਾਸ਼ ਦੀ ਪੋਥੀ 13:8 ਕੱਢ ਲਈਏ; ਅਤੇ ਇੱਥੇ ਇਹ ਪਤਾ ਲਗਾਈਏ, ਕਿ ਬਾਈਬਲ ਇਹਦੇ ਬਾਰੇ ਕੀ ਕਹਿੰਦੀ ਹੈ, ਕਿ ਕੀ... ਜਦੋਂ ਲੇਲਾ ਕੁਰਬਾਨ ਕੀਤਾ ਗਿਆ ਸੀ। ਦੇਖੋ ਜੇਕਰ ਇਹ ਸੰਨ 33 ਈਸਵੀ ਵਿੱਚ ਜਾਂ 33 ਈਸਵੀ ਵਿੱਚ, ਬਲੀਦਾਨ ਕੀਤਾ ਗਿਆ ਸੀ, ਜਾਂ ਜੋ ਕੁਝ ਵੀ ਹੈ ਇਹ ਉਦੋਂ ਬਲੀਦਾਨ ਕੀਤਾ ਗਿਆ ਸੀ... ਜਦੋਂ ਇਹ ਬਲੀਦਾਨ ਕੀਤਾ ਗਿਆ ਸੀ। ਠੀਕ ਹੈ। ਹੁਣ, ਅਸਲ ਵਿੱਚ ਇੱਥੇ ਇਹ ਸੰਯੁਕਤ ਰਾਜ ਅਮਰੀਕਾ ਬਾਰੇ ਭਵਿੱਖਬਾਣੀ ਕੀਤੀ ਜਾ

ਰਹੀ ਹੈ। ਹੁਣ ਅਸੀਂ ਇਹਨੂੰ ਪੜ੍ਹਦੇ ਹਾਂ।

*ਅਤੇ ਧਰਤੀ ਦੇ ਵਾਸੀ ਸੱਭੇ ਉਹ ਨੂੰ (ਕਿਸਨੂੰ ? ਦਰਿੰਦੇ ਨੂੰ।) ਮੱਥਾ ਟੇਕਣਗੇ ਅਰਥਾਤ ਹਰੇਕ ਜਿਹਦਾ ਨਾਉਂ ਓਸ ਲੇਲੇ ਦੀ ਜਿਹੜਾ ਜਗਤ ਦੇ ਮੁੱਢੋ ਕੋਹਿਆ ਗਿਆ ਸੀ ਜੀਵਨ ਦੀ ਪੋਥੀ ਵਿੱਚ ਨਹੀਂ ਲਿਖਿਆ ਗਿਆ।*

49 ਲੇਲਾ ਕਦੋਂ ਕੁਰਬਾਨ ਕੀਤਾ ਗਿਆ ਸੀ, ਕੀ ਦੋ ਹਜ਼ਾਰ ਸਾਲ ਪਹਿਲਾਂ ? ਹੋ ਸੱਕਦਾ ਹੈ ਕਿ ਉਹ ਇੱਕ ਅਰਬ ਸਾਲ ਪਹਿਲਾਂ ਬਲੀਦਾਨ ਕੀਤਾ ਗਿਆ ਹੋਵੇ। ਧਰਤੀ ਦੀ ਨੀਹ ਰੱਖਣ ਤੋਂ ਪਹਿਲਾਂ ਜਦੋਂ ਕਦੇ ਇਹ ਦੀ ਨੀਂਹ ਰੱਖੀ ਗਈ, ਯਿਸੂ ਮਸੀਹ ਸਾਡੇ ਪਾਪਾਂ ਲਈ ਮਰ ਗਿਆ। ਔਹ, ਪਰ ਹੁਣ ਮੈਂ ਧਾਰਮਿਕ ਮਹਿਸੂਸ ਕਰ ਰਿਹਾ ਹਾਂ। ਇਸ ਤੋਂ ਪਹਿਲਾਂ ਕਿ ਕਦੀ ਜਗਤ ਸੀ, ਯਿਸੂ ਮਸੀਹ ਇਹਨੂੰ ਬਚਾਉਣ ਲਈ ਮਰ ਗਿਆ।

50. ਤੁਸੀਂ ਕਹਿੰਦੇ ਹੋ, ''ਅੱਛਾ, ਤਾਂ ਫਿਰ ਪ੍ਰਮੇਸ਼ੁਰ ਨੇ ਇਸ ਤਰ੍ਹਾਂ ਕਿਉਂ ਕੀਤਾ ਸੀ; ਕਿਉਂ ਉਸ ਅਨੰਤ ਪ੍ਰਮੇਸ਼ੁਰ ਨੇ ਪਾਪ ਨੂੰ ਆਗਿਆ ਦਿੱਤੀ ਸੀ ?''

ਤੁਸੀਂ ਜਾਣਦੇ ਹੋ, ਕਿ ਪ੍ਰਮੇਸ਼ੁਰ ਵਿੱਚ ਗੁਣ ਹਨ। ਅਤੇ ਜੇਕਰ ਪ੍ਰਮੇਸ਼ੁਰ ਨੇ ਸ਼ੈਤਾਨ ਨੂੰ ਕਦੀ ਆਗਿਆ ਨਾ ਦਿੱਤੀ ਹੁੰਦੀ... ਜਦੋਂ ਉਹਨੇ ਲੂਸੀਫਰ ਦੀ ਰਚਨਾ ਕੀਤੀ, ਤਾਂ ਪ੍ਰਮੇਸ਼ੁਰ ਜਾਣਦਾ ਸੀ, ਕਿ ਇੱਕ ਇਹੋ ਹੀ ਹੈ ਜੋ ਜਗਤ ਨੂੰ ਭਰਿਸ਼ਟ ਕਰੇਗਾ। ਔਹ, ਸਾਡਾ ਪ੍ਰਮੇਸ਼ੁਰ ਕੋਈ ਛੋਟੀ ਜਿਹੀ ਚੀਜ਼ ਨਹੀਂ ਹੈ, ਜਿਹਨੂੰ ਕਿਸੇ ਨੁੱਕਰ ਵਿੱਚ ਧੱਕ ਦਿੱਤਾ ਜਾਵੇ, ਪਰ ਉਹ ਤਾਂ ਅਨੰਤ ਪ੍ਰਮੇਸ਼ੁਰ ਹੈ, ਜਿਹਦਾ ਨਾ ਕੋਈ ਆਦ ਸੀ ਜਾਂ ਨਾ ਹੀ ਕਦੀ ਅੰਤ ਹੋਵੇਗਾ। ਅਤੇ, ਉਹਦੇ ਅੰਦਰ, ਉਹ ਆਪਣੇ ਗੁਣਾਂ ਦੇ ਅੰਦਰ ਹੈ। ਉਹ ਇੱਕ ਬਚਾਉਣ ਵਾਲਾ ਹੈ। ਅਤੇ ਉਹ ਇੱਕ ਬਚਾਉਣ ਵਾਲੇ ਦੇ ਰੂਪ ਵਿੱਚ ਕਿਸ ਤਰ੍ਹਾਂ ਜਾਣਿਆ ਜਾ ਸੱਕਦਾ ਸੀ ਜੇਕਰ ਉੱਥੇ ਕੁਝ ਬਚਾਏ ਜਾਣ ਲਈ ਹੁੰਦਾ ਹੀ ਨਾ ? ਭਲਾ ਅਸੀਂ ਉਸਨੂੰ ਕਿਸ ਤਰ੍ਹਾਂ ਕਦੀ ਜਾਣ ਸਕਦੇ ਸੀ....

51 ਪਹਿਲਾਂ ਕੌਣ ਸੀ ? ਜਿਸ ਤਰ੍ਹਾਂ ਕਿ ਮੈਂ ਪ੍ਰਸ਼ਨ ਪੁੱਛਦਾ ਹਾਂ।ਕੌਣ ਪਹਿਲਾਂ ਸੀ ? ਬਚਾਉਣ ਵਾਲਾ ਜਾਂ ਇੱਕ ਪਾਪੀ ? ਠੀਕ ਹੈ, ਜੇਕਰ ਬਚਾਉਣ ਵਾਲਾ ਪਹਿਲਾਂ ਸੀ, ਅਤੇ ਬਚਾਉਣ ਵਾਲਾ ਇੱਕ ਪਾਪੀ ਤੋਂ ਉੱਚਾ ਹੈ, ਤਾਂ ਕਿਸ ਤਰ੍ਹਾਂ ਕਦੀ ਪਾਪੀ ਹੋਇਆ ? ਜੇਕਰ ਉਥੇ ਕੋਈ ਪਾਪੀ ਨਾ ਹੋਇਆ ਹੁੰਦਾ, ਤਾਂ ਉਹਨੇ ਪ੍ਰਮੇਸ਼ੁਰ ਨੂੰ ਕਦੀ ਵੀ ਇੱਕ ਮੁਕਤੀ ਦੇਣ ਵਾਲੇ ਦੇ ਰੂਪ ਵਿੱਚ ਨਾ ਜਾਣਿਆ ਹੁੰਦਾ। ਕੌਣ ਜਿਆਦਾ ਸ਼ਕਤੀਸ਼ਾਲੀ ਹੈ, ਚੰਗਾ ਕਰਨ ਵਾਲਾ ਜਾਂ ਇੱਕ ਬਿਮਾਰ ਆਦਮੀ ? ਚੰਗਾ ਕਰਨ ਵਾਲਾ ਬਸ ਬਿਮਾਰੀ ਨੂੰ ਲੈਂਦਾ ਹੈ ਅਤੇ ਉਸਨੂੰ ਖ਼ਤਮ ਕਰ ਦਿੰਦਾ ਹੈ।ਪਹਿਲਾਂ ਕੌਣ ਸੀ, ਪ੍ਰਮੇਸ਼ੁਰ ਜਾਂ ਕੈਂਸਰ ? ਕਿਉਂ, ਪਹਿਲਾਂ ਤਾਂ ਪ੍ਰਮੇਸ਼ੁਰ ਹੀ ਸੀ। ਤਦ ਫਿਰ ਕਿਉਂ ਉਹਨੇ ਬਿਮਾਰੀਆਂ ਨੂੰ ਆਗਿਆ ਦਿੱਤੀ ? ਕਿਉਂਕਿ, ਜੇਕਰ ਉਹ ਇਹਨੂੰ ਹੁਣੇ ਹੀ ਖ਼ਤਮ ਕਰ ਸੱਕਦਾ ਹੈ, ਤਾਂ ਉਹ ਅਜਿਹਾ ਕਰ ਸੱਕਦਾ ਸੀ ਕਿ ਇਹ ਨਾ ਹੀ ਹੁੰਦਾ। ਅਤੇ ਜੇਕਰ ਉਹ ਅਨੰਤ ਹੈ, ਤਾਂ ਉਹਨੇ ਜਾਣ ਲਿਆ ਸੀ ਕਿ ਇਹ ਹੋਣਗੀਆਂ। ਪਰ ਜੇਕਰ, ਉਹ ਨਾ ਹੁੰਦਾ... ਜੇਕਰ ਉਹ ਨਾ ਹੁੰਦਾ, ਜੇਕਰ ਉੱਥੇ ਕੋਈ ਬਿਮਾਰੀ ਨਾ ਹੁੰਦੀ, ਤਾਂ ਉਹ ਕਦੀ ਵੀ ਚੰਗਾ ਕਰਨ ਵਾਲੇ ਦੇ ਰੂਪ ਵਿੱਚ ਨਾ ਜਾਣਿਆ ਜਾਂਦਾ। ਪਰ ਕਿਉਂਕਿ ਉਹਦੇ ਇੱਕ ਚੰਗਾ ਕਰਨ ਵਾਲਾ ਹੋਣ

ਦੇ ਕਾਰਣ ਉੱਥੇ ਬਿਮਾਰੀ ਨੇ ਹੋਣਾ ਹੀ ਸੀ। ਕੀ ਤੁਸੀਂ ਸਮਝ ਗਏ ਕਿ ਮੇਰਾ ਕੀ ਮਤਲਬ ਹੈ ? ਹੁਣ, ਉਹ ਸੱਭ ਕੁਝ ਜਾਣਦਾ ਸੀ।

52 ਹੁਣ, ਪ੍ਰਕਾਸ਼ ਦੀ ਪੋਥੀ 13:8 ਵਿੱਚ, ਸੁਣੋ। ''ਮੇਮਣਾ ਬਲੀਦਾਨ ਕੀਤਾ ਗਿਆ ਸੀ'' (ਕਦੋਂ?) ''ਜਗਤ ਦੀ ਨੀਂਹ ਰੱਖਣ ਤੋਂ ਵੀ ਪਹਿਲਾਂ ।'' ਪ੍ਰਮੇਸ਼ੁਰ ਆਪਣੀ ਅਨੰਤ ਬੁੱਧੀ ਵਿੱਚ ਸਮੇਂ ਦੀਆਂ ਧਾਰਾਵਾਂ ਵਿੱਚੋਂ ਦੀ ਹੋ ਕੇ ਹੇਠਾਂ ਨੂੰ ਵੇਖ ਰਿਹਾ ਸੀ, ਅਤੇ ਉਹਨੇ ਵੇਖ ਲਿਆ ਸੀ ਕਿ, ਕੀ ਕੁਝ ਹੋਵੇਗਾ, ਅਤੇ ਕਿਸ ਤਰ੍ਹਾਂ ਉਹਨੇ ਰਚਨਾ ਕਰਨੀ ਹੈ ਅਤੇ ਸਮੇਂ ਦੇ ਇਸ ਕਾਲ ਵਿੱਚ ਹੇਠਾਂ ਆਉਣਾ ਹੈ, ਕਿ ਉਸ ਚੀਜ਼ ਨੂੰ ਬਾਹਰ ਖਿੱਚ ਕੇ ਲਿਆਉਣਾ ਹੈ ਜੋ ਉਹ ਖੁਦ ਹਕੀਕਤ ਵਿੱਚ ਹੈ।

53 ਜਵਾਨੋ ਤੁਸੀਂ ਕਿਉਂ ਨਹੀਂ.... ਤੁਸੀਂ ਆਦਮੀਓ, ਜਿਨ੍ਹਾਂ ਕੋਲ ਆਪਣੀ-ਆਪਣੀ ਪਤਨੀ ਹੈ, ਤੁਸੀਂ ਆਪਣੀ ਪਤਨੀ ਨੂੰ ਜਾਂਚ ਕੇ ਵੇਖੋ, ਅਤੇ ਤੁਸੀਂ ਵੇਖੋਗੇ, ਕਿ ਉਹ ਕਿਹਦੀ ਬਣੀ ਹੋਈ ਹੈ। ਇਹ ਠੀਕ ਹੈ। ਤੁਸੀਂ ਇੱਕ ਪੁਰਖ ਨੂੰ ਜਾਂਚ ਕੇ ਵੇਖੋ, ਜੇਕਰ ਉਹ ਸ਼ਰਾਬੀ ਹੈ, ਤਾਂ ਉਹ ਸ਼ਰਾਬ ਦੀ ਬੋਤਲ ਨੂੰ ਆਪਣੇ ਮੂੰਹ ਨਾਲ ਲਾ ਕੇ ਪੀ ਰਿਹਾ ਹੋਵੇਗਾ। ਇਹ ਤੁਹਾਨੂੰ ਦੱਸ ਦੇਵੇਗਾ ਕਿ ਉਹ ਇਸ ਤੋਂ ਬਚਿਆ ਹੋਇਆ ਹੈ ਜਾਂ ਨਹੀਂ। ਜੇਕਰ ਉਹ ਦੁਸ਼ਟ ਪ੍ਰਾਣੀ ਹੀ ਰਿਹਾ ਹੈ, ਤਾਂ ਇੱਧਰ-ਉੱਧਰ ਅਵਾਰਾਗਰਦੀ ਕਰਨ ਵਾਲਾ ਹੀ ਰਹਿੰਦਾ ਹੈ ਜੋ ਦੂਸਰੇ ਮਨੁੱਖਾਂ ਦੇ ਘਰਾਂ ਨੂੰ ਤੋੜ ਦਿੰਦਾ ਹੈ, ਕਿਸੇ ਔਰਤ ਦੇ ਕੱਪੜੇ ਲਹਾ ਦੇਵੇ, ਅਤੇ ਉਸ ਨੂੰ ਸ਼ੁਰੂ ਕਰ ਦੇਵੇ... ਅਤੇ ਉਹ ਨਾਲ ਸ਼ੁਰੂ ਕਰ ਦੇਵੇ, ਇਹੋ ਦੱਸ ਦੇਵੇਗਾ ਕਿ ਉਹ ਕਾਹਦਾ ਬਣਿਆ ਹੋਇਆ ਹੈ। ਇਹ ਸਹੀ ਗੱਲ ਹੈ। ਯਕੀਨਨ ਅਜਿਹਾ ਹੀ ਹੈ।

54 ਪ੍ਰਮੇਸ਼ੁਰ ਨੇ ਆਪਣੀ ਸ਼ਕਤੀ ਵਿਖਾਉਣ ਲਈ, ਇਹ ਵਿਖਾਉਣ ਲਈ ਕਿ ਉਹ ਕੀ ਸੀ। ਇਹ ਵਿਖਾਉਣ ਲਈ ਕਿ ਉਹ ਇੱਕ ਮੁਕਤੀਦਾਤਾ ਹੈ, ਉਹਨੇ ਪਾਪੀ ਨੂੰ ਇੱਥੇ ਰਹਿਣ ਦੀ ਆਗਿਆ ਦਿੱਤੀ।

55 ਜਿਸ ਤਰ੍ਹਾਂ ਕਿ ਮੈਂ ਆਖਿਆ ਸੀ, ਕਿ ਸਵਰਗ ਦੂਤ ਛੁਟਕਾਰੇ ਦੀਆਂ ਕਹਾਣੀਆਂ ਕਿਸ ਤਰ੍ਹਾਂ ਗਾਉਣਗੇ, ਜਦ ਕਿ ਉਹ ਇਹ ਨਹੀਂ ਜਾਣਦੇ ਕਿ ਛੁਟਕਾਰੇ ਦਾ ਕੀ ਮਤਲਬ ਹੁੰਦਾ ਹੈ ? ਪਰ, ਅਸੀਂ ਇਹਨੂੰ ਗਾ ਸੱਕਦੇ ਹਾਂ। ਅਸੀਂ ਜਾਣਦੇ ਹਾਂ ਕਿ ਗੁਆਚੇ ਜਾਣ ਦਾ ਕੀ ਮਤਲਬ ਹੁੰਦਾ ਹੈ, ਅਤੇ ਲੱਭੇ ਜਾਣ ਦਾ ਕੀ ਮਤਲਬ ਹੁੰਦਾ ਹੈ। ਜੇਕਰ ਤੁਸੀਂ ਕਦੀ ਗੁਆਚੇ ਹੀ ਨਹੀਂ ਹੋ ਤਾਂ ਤੁਸੀਂ ਨਹੀਂ ਜਾਣਦੇ ਹੋ ਕਿ ਇਸ ਲੱਭੇ ਜਾਣ ਦਾ ਕੀ ਮਤਲਬ ਹੁੰਦਾ ਹੈ। ਇਹ ਉਹ ਹਨ ਜਿਹੜੇ ਗੁਆਚੇ ਹੋਏ ਹਨ ਜੋ ਜਾਣਦੇ ਹਨ ਕਿ ਇਹਦਾ ਕੀ ਮਤਲਬ ਹੁੰਦਾ ਹੈ। ਇਹ ਉਹ ਹਨ ਜਿਨ੍ਹਾਂ ਨੂੰ ਬਿਮਾਰੀ ਸੀ ਜੋ ਜਾਣਦੇ ਹਨ ਕਿ ਚੰਗੀ ਸਿਹਤ ਅਤੇ ਤੰਦਰੁਸਤੀ ਦਾ ਅਨੰਦ ਕਿਸ ਤਰ੍ਹਾਂ ਲਿਆ ਜਾਂਦਾ ਹੈ ਜਦੋ ਇਹ ਆਉਂਦੀ ਹੈ। ਇਹ ਉਹ ਨੀਚ ਵਿਅਕਤੀ ਹੈ ਜਿਹੜਾ ਗਲੀਆਂ ਵਿੱਚ ਇੱਧਰ-ਉੱਧਰ ਘੁੰਮਦਾ ਫਿਰਦਾ ਸੀ, ਜਿਹਦਾ ਕਦੀ ਕੋਈ ਮਿੱਤਰ ਨਹੀਂ ਸੀ, ਅਤੇ ਕਦੀ ਵੀ ਕੋਈ ਇਸ ਤਰ੍ਹਾਂ ਦਾ ਨਹੀਂ ਸੀ ਜਿਹੜਾ ਉਸਦੇ ਚਾਰੇ ਪਾਸੇ ਆਪਣੀਆਂ ਬਾਹਾਂ ਪਾ ਦਿੰਦਾ, ਅਤੇ ਇੱਥੋਂ ਤੱਕ ਕਿ ਕੋਈ ਇਸ ਤਰ੍ਹਾਂ ਦਾ ਵੀ ਨਹੀਂ ਸੀ ਜਿਹੜਾ ਉਹਦੇ ਵੱਲ ਨਿਗਾਹ ਹੀ ਕਰਦਾ, ਅਤੇ ਉਹਦੇ ਬਾਰੇ ਸੋਚਦਾ; ਇਹ ਉਹ ਵਿਅਕਤੀ ਹੈ ਜਿਹੜਾ ਜਾਣਦਾ ਹੈ ਕਿ ਇੱਕ ਅਸਲ ਮਿੱਤਰ ਦਾ ਕੀ ਮਤਲਬ ਹੁੰਦਾ ਹੈ, ਕਿਸੇ ਦੀ ਬਾਂਹ ਆਪਣੇ ਚਾਰੇ ਪਾਸੇ ਪਏ ਹੋਣ ਦਾ ਕੀ

ਮਤਲਬ ਹੁੰਦਾ ਹੈ। ਯਕੀਨਨ, ਤੁਸੀਂ ਇਹ ਜਾਨਣਾ ਹੁੰਦਾ ਹੈ।

56 ਅਸੀਂ ਕਿਸ ਤਰ੍ਹਾਂ ਕਦੀ ਇਸ ਸੂਰਜ ਦੇ ਪ੍ਰਕਾਸ਼ ਦੀ ਪ੍ਰਸ਼ੰਸਾ ਕਰਨਾ ਜਾਣਦੇ, ਜੇਕਰ ਕਦੀ ਕੋਈ ਰਾਤ ਹੀ ਨਾ ਹੁੰਦੀ ? ਤੁਸੀਂ ਭਲਾ ਕਿਸ ਤਰ੍ਹਾਂ ਕਦੀ ਸੁਨਹਿਰੇ, ਚਮਕਦਾਰ ਦਿਨ ਦੀ ਪ੍ਰਸ਼ੰਸਾ ਕਰਨੀ ਜਾਣਦੇ, ਜੇਕਰ ਕਦੀ ਕੋਈ ਬੱਦਲਾਂ ਨਾਲ ਭਰਿਆ ਦਿਨ ਹੀ ਨਾ ਹੁੰਦਾ ? ਤੁਸੀਂ ਭਲਾ ਕਿਸ ਤਰ੍ਹਾਂ ਕਦੀ ਗਰਮੀ ਦੇ ਨਿੱਘੇ ਚਮਕਦਾਰ ਦਿਨ ਦੀ ਪ੍ਰਸ਼ੰਸਾ ਕਰਨਾ ਜਾਣਦੇ, ਜੇਕਰ ਕਦੀ ਕੋਈ ਸਰਦੀ ਹੀ ਨਾ ਹੁੰਦੀ ? ਇਹ ਤਾਂ ਅਨੁਕੂਲ-ਪ੍ਰਤੀਕੂਲ ਦਾ ਨਿਯਮ ਹੈ। ਮੈਂ ਆਪਣੇ ਪ੍ਰਚਾਰ ਤੋਂ ਪਾਸੇ ਜਾ ਰਿਹਾਂ ਹਾਂ। ਮੇਰਾ ਇਸ ਤਰ੍ਹਾਂ ਕਰਨ ਦਾ ਕੋਈ ਮਤਲਬ ਨਹੀਂ ਹੈ। ਠੀਕ ਹੈ।

57 ਹੁਣ, ਤੁਸੀਂ ਬਸ ਇੱਕ ਮਿੰਟ ਲਈ ਪ੍ਰਕਾਸ਼ ਦੀ ਪੋਥੀ 17:8 ਨੂੰ ਵੇਖੋ; ਜੋ ਹੁਣ ਮੈਂ ਵਿਖਾਉਣਾ ਚਾਹੁੰਦਾ ਹਾਂ। ਲੇਲਾ ਕਦੋਂ ਬਲੀਦਾਨ ਕੀਤਾ ਗਿਆ ਸੀ ? ''ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ ਹੀ।'' ਠੀਕ ਹੈ। ਪ੍ਰਕਾਸ਼ ਦੀ ਪੋਥੀ 17:8

> *ਉਹ ਦਰਿੰਦਾ ਜਿਹੜਾ ਤੈਂ ਵੇਖਿਆ ਸੋ ਹੈਸੀ ਅਤੇ ਨਹੀਂ ਹੈਗਾ ਅਤੇ ਉਹਨੇ ਅਥਾਹ ਕੁੰਡ ਵਿੱਚੋਂ ਚੜ੍ਹ ਆਉਣਾ ਅਤੇ ਨਸ਼ਟ ਹੋ ਜਾਣਾ ਹੈ, ਅਤੇ ਧਰਤੀ ਦੇ ਵਾਸੀ ਜਿਨ੍ਹਾਂ ਦਾ ਨਾਉਂ* (ਕਦੋਂ ਤੋਂ) *ਜਗਤ ਦੇ ਮੁੱਢੋਂ ਜੀਵਨ ਦੀ ਪੋਥੀ ਵਿੱਚ ਨਹੀਂ ਲਿਖਿਆ ਗਿਆ ਉਸ ਦਰਿੰਦੇ ਨੂੰ ਵੇਖ ਕੇ ਭਈ ਉਹ ਹੈਸੀ ਅਤੇ ਨਹੀਂ ਹੈਗਾ ਅਤੇ ਫੇਰ ਆਉਂਦਾ ਹੈ ਅਚਰਜ ਹੋ ਜਾਣਗੇ।*

58 ਤੁਹਾਡੇ ਨਾਮ ਜੀਵਨ ਦੀ ਪੁਸਤਕ ਵਿੱਚ ਕਦੋਂ ਲਿਖੇ ਗਏ ਸੀ ? ਜਿਸ ਤਰ੍ਹਾਂ ਮੈਂ ਬੀਤੀ ਰਾਤ ਕਿਹਾ ਸੀ ਕਿ, ਉਹ ਆਦਮੀ ਜਿਹਨੇ ਗੀਤ ਲਿਖਿਆ ਸੀ, ''ਉੱਥੇ ਮਹਿਮਾ ਵਿੱਚ ਇੱਕ ਨਵਾਂ ਨਾਮ ਲਿਖਿਆ ਹੋਇਆ ਹੈ, ਅਤੇ ਉਹ ਮੇਰਾ ਹੈ, ਉਹ ਮੇਰਾ ਹੈ,'' ਅਰਥ ਦੇ ਅਨੁਸਾਰ ਤਾਂ ਉਹ ਠੀਕ ਸੀ, ਪਰ ਵਚਨ ਦੇ ਅਨੁਸਾਰ ਉਹ ਗਲਤ ਸੀ। ਤੁਹਾਡਾ ਨਾਮ ਉਸ ਰਾਤ ਨਹੀਂ ਲਿਖਿਆ ਗਿਆ ਸੀ, ਜਦੋਂ ਤੁਸੀਂ ਮਸੀਹ ਕੋਲ ਆਏ ਸੀ।

ਯਿਸੂ ਨੇ ਆਖਿਆ, ''ਜਿੰਨਿਆਂ ਨੂੰ ਪਿਤਾ ਨੇ ਮੈਨੂੰ ਦਿੱਤਾ ਹੈ, ਉਹ ਮੇਰੇ ਕੋਲ ਆਉਣਗੇ। ਅਤੇ ਕੋਈ ਵੀ ਮੇਰੇ ਕੋਲ ਉਦੋਂ ਤੱਕ ਨਹੀਂ ਆ ਸੱਕਦਾ, ਜਦ ਤੱਕ ਪਿਤਾ ਹੀ ਉਹਨੂੰ ਮੇਰੇ ਕੋਲ ਖਿੱਚ ਨਾ ਲਿਆਵੇ। ਅਤੇ ਜਿੰਨੇ ਮੇਰੇ ਕੋਲ ਆਉਣਗੇ, ਮੈਂ ਉਹਨਾਂ ਨੂੰ ਅਨੰਤ ਜੀਵਨ ਦਿਆਂਗਾ, ਅਤੇ ਅੰਤ ਦੇ ਦਿਨ ਉਹਨਾਂ ਨੂੰ ਫਿਰ ਉਠਾ ਖੜ੍ਹਾ ਕਰਾਂਗਾ। ਉਹਨਾਂ ਵਿੱਚੋ ਇੱਕ ਵੀ ਨਾ ਗੁਆਚੇਗਾ। ਮੈਂ ਕਿਸੇ ਨੂੰ ਵੀ ਨਾ ਗੁਆਵਾਂਗਾ, ਕਿਉਂਕਿ ਕੋਈ ਵੀ ਆਦਮੀ ਉਹਨਾਂ ਨੂੰ ਮੇਰੇ ਪਿਤਾ ਦੇ ਹੱਥਾਂ ਵਿੱਚੋਂ ਖੋਹ ਨਹੀਂ ਸੱਕਦਾ ਹੈ, ਜਿਸਨੇ ਉਹਨਾਂ ਨੂੰ ਮੈਨੂੰ ਦਿੱਤਾ ਹੈ।'' ਔਹ, ਮੇਰੇ ਪ੍ਰਮੇਸ਼ੁਰ ! ਵਾਹ ! ਸੰਤ ਯੂਹੰਨਾ 5:24 ਵਿੱਚ ਲਿਖਿਆ ਹੈ, ''ਜੋ ਮੇਰੇ ਵਚਨ ਸੁਣਦਾ ਹੈ, ਅਤੇ ਉਹ ਦੀ ਪ੍ਰਤੀਤ ਕਰਦਾ ਹੈ ਜਿਨ੍ਹੇ ਮੈਨੂੰ ਘੱਲਿਆ ਸਦੀਪਕ ਜੀਉਣ ਉਹ ਦਾ ਹੈ ਅਰ ਉਸ ਉੱਤੇ ਸਜ਼ਾ ਦਾ ਹੁਕਮ ਨਹੀਂ ਹੁੰਦਾ ਸਗੋਂ ਮੌਤ ਤੋਂ ਪਾਰ ਲੰਘ ਕੇ ਉਹ ਜੀਉਣ ਵਿੱਚ ਜਾ ਪਹੁੰਚਿਆ ਹੈ।'' ਇਹੋ ਹੀ ਕਾਰਣ ਹੈ, ਕਿ ਇਹ ਕਲੀਸਿਆ ਸੰਤਾਂ ਅਰਥਾਤ ਪਵਿੱਤਰ ਲੋਕਾਂ ਦੀ ਅਨੰਤ ਸੁਰੱਖਿਆ ਵਿੱਚ ਮਜ਼ਬੂਤੀ ਨਾਲ ਵਿਸ਼ਵਾਸ ਕਰਦੀ ਹੈ, ਬੈਪਟਿਸਟ ਦੇ ਰੂਪ ਵਿੱਚ ਨਹੀਂ, ਪ੍ਰੈਸਬਾਈਟੇਰੀਅਨ ਦੇ ਰੂਪ ਵਿੱਚ ਨਹੀਂ, ਪਰ ਇਹ ਤਾਂ ਬਾਈਬਲ ਦੇ ਰੂਪ ਵਿੱਚ ਹੀ ਵਿਸ਼ਵਾਸ ਕਰਦੀ ਹੈ।

59 ਤੁਸੀਂ ਕਹਿੰਦੇ ਹੋਵੋਗੇ, ''ਅੱਛਾ, ਭਾਈ ਬ੍ਰਾਨਹਾਮ, ਮੈਂ ਸੋਚਦਾ ਹਾਂ, ਕਿ ਜਿਹੜਾ ਇੱਕ ਵਾਰੀ

ਕਿਰਪਾ ਵਿੱਚ ਆ ਗਿਆ, ਉਹ ਸਦਾ ਲਈ ਕਿਰਪਾ ਵਿੱਚ ਹੀ ਰਹਿੰਦਾ ਹੈ।'' ਇਹ ਬਹੁਤ ਨਿੰਦਿਆ ਲੈ ਕੇ ਆਉਂਦਾ ਹੈ। ਪਰ ਜਦੋਂ ਇੱਕ ਆਦਮੀ ਜਾਂ ਇੱਕ ਔਰਤ ਪ੍ਰਮੇਸ਼ੁਰ ਦੇ ਆਤਮਾ ਤੋਂ ਜਨਮ ਲੈ ਚੁੱਕੀ ਹੁੰਦੀ ਹੈ, ਤਾਂ ਪੁਰਾਣੀਆਂ ਗੱਲਾਂ ਬੀਤ ਗਈਆਂ, ਸਾਰੀਆਂ ਗੱਲਾਂ ਨਵੀਆਂ ਬਣ ਗਈਆਂ ਹਨ; ਅਤੇ ਉਹ ਅਨੰਤ ਪ੍ਰਮੇਸ਼ੁਰ ਰਾਹੀਂ ਜੰਮਿਆਂ ਅਤੇ ਬਰਕਤ ਪਾਇਆ ਹੋਇਆ ਹੈ। ਅਤੇ ਉਹ ਕਦੀ ਵੀ ਨਾਸ਼ ਨਹੀਂ ਹੋ ਸੱਕਦੇ ਹਨ, ਕਿਉਂਕਿ ਪ੍ਰਮੇਸ਼ੁਰ ਆਪ ਵੀ ਕਦੇ ਖਤਮ ਨਹੀਂ ਹੋ ਸੱਕਦਾ।

60 ਕੀ ਤੁਹਾਡਾ ਮੈਨੂੰ ਦੱਸਣ ਦਾ ਇਹ ਮਤਲਬ ਹੈ ਕਿ ਇੱਕ ਪ੍ਰਮੇਸ਼ੁਰ, ਅਨੰਤ ਪ੍ਰਮੇਸ਼ੁਰ, ਹੇਠਾਂ ਆਵੇਗਾ ਅਤੇ ਤੁਹਾਨੂੰ ਅਨੰਤ ਜੀਵਨ ਦੇਵੇਗਾ, ਜਦੋਂ ਕਿ ਉਹਨੂੰ ਇਹ ਵੀ ਪਤਾ ਹੁੰਦਾ ਹੈ ਕਿ ਉਹ ਤੁਹਾਨੂੰ ਗਵਾ ਲਵੇਗਾ ? ਤੁਹਾਨੂੰ ਇੱਥੇ ਬਚਾਵੇਗਾ, ਇਹ ਜਾਣਦੇ ਹੋਏ ਕਿ ਉਹ ਤੁਹਾਨੂੰ ਉੱਥੇ ਗਵਾ ਲਵੇਗਾ ? ਉਹਨੇ ਤੁਹਾਡਾ ਕਾਹਦਾ ਬਚਾਓ ਕੀਤਾ ਹੈ ? ਕਿਉਂ, ਉਹ ਆਪਣੇ ਹੀ ਵਿਰੋਧ ਵਿੱਚ ਕੰਮ ਕਰ ਰਿਹਾ ਹੈ। ਜੇਕਰ ਉਸਨੇ ਇੱਕ ਵਾਰੀ ਤੁਹਾਨੂੰ ਬਚਾ ਲਿਆ ਹੈ, ਤਾਂ ਤੁਸੀਂ ਸਾਰੀ ਅਨੰਤਤਾ ਲਈ ਬਚਾਏ ਗਏ ਹੋ। ਨਰਕ ਵਿੱਚ ਐਨੀਆਂ ਦੁਸ਼ਟ ਆਤਮਾਵਾਂ ਨਹੀਂ ਹਨ ਜੋ ਤੁਹਾਨੂੰ ਪਰੇਸ਼ਾਨ ਕਰ ਸਕਣ।

61 ਹੁਣ, ਸਦੀਪਕ ਪ੍ਰਮੇਸ਼ੁਰ ਜੋ ਸ਼ੁਰੂ ਤੋਂ ਲੈ ਕੇ ਆਖਿਰ ਤੱਕ ਦੱਸ ਸੱਕਦਾ ਹੈ, ਅਤੇ ਫਿਰ ਕੀ ਤੁਹਾਨੂੰ ਇੱਥੇ, ਇਸ ਹਫਤੇ ਬਚਾਵੇਗਾ, ਇਹ ਜਾਣਦੇ ਹੋਏ ਕਿ ਅਗਲੇ ਸਾਲ ਨੂੰ ਤੁਸੀਂ ਨਿਹਚਾ ਤੋਂ ਖਿਸਕ ਜਾਓਗੇ, ਅਤੇ ਉਹ ਤੁਹਾਨੂੰ ਗਵਾ ਦੇਵੇਗਾ ? ਅੱਛਾ, ਉਹ ਕਿਸ ਲਈ ਇਸ ਤਰ੍ਹਾਂ ਦਾ ਕੰਮ ਕਰ ਰਿਹਾ ਹੈ? ਇਹ ਮੂਰਖਤਾ ਵਾਲਾ ਕੰਮ ਹੋਵੇਗਾ; ਮੈਂ ਇਸ ਤਰ੍ਹਾਂ ਨਹੀਂ ਕਰਾਗਾਂ। ਜੇਕਰ ਅੱਜ ਮੈਂ ਤੁਹਾਨੂੰ ਆਪਣਾ ਮਿੱਤਰ ਬਣਾਉਂਦਾ ਹਾਂ, ਇਹ ਜਾਣਦਿਆਂ ਹੋਇਆਂ ਕਿ ਤੁਸੀਂ ਕੱਲ ਨੂੰ ਮੇਰੇ ਦੁਸ਼ਮਣ ਬਣਨ ਵਾਲੇ ਹੋ, ਖੈਰ, ਮੈਂ ਇਸ ਤਰ੍ਹਾਂ ਨਾ ਕੀਤਾ ਹੁੰਦਾ। ਮੈਂ ਬਸ ਤੁਹਾਨੂੰ ਇਕੱਲਾ ਛੱਡ ਦਿੱਤਾ ਹੁੰਦਾ। ਸਮਝੇ ? ਪ੍ਰਮੇਸ਼ੁਰ ਅੱਜ ਤੁਹਾਨੂੰ ਆਪਣਾ ਸੇਵਕ ਬਣਾਉਂਦਾ ਹੈ; ਕਿਉਂਕਿ ਉਹ ਜਾਣਦਾ ਹੈ, ਅਤੇ ਉਹ ਤੁਹਾਨੂੰ ਉਸ ਵੇਲੇ ਤੋਂ ਜਾਣਦਾ ਹੈ, ਇਸ ਤੋਂ ਪਹਿਲਾਂ ਕਿ ਤੁਸੀਂ ਕਦੇ ਧਰਤੀ ਉੱਤੇ ਆਉਂਦੇ। ਅਤੇ ਜਦੋਂ ਉਹ ਕੈਲਸ਼ੀਅਮ ਨੂੰ ਬਣਾ ਰਿਹਾ ਸੀ ਜੋ ਤੁਹਾਡੇ ਸ਼ਰੀਰ ਵਿੱਚ ਗਿਆ, ਜਦੋ ਉਹਨੇ ਬ੍ਰਹਿਮੰਡ ਦੇ ਪ੍ਰਕਾਸ਼ ਦੀ ਉਤਪਤੀ ਕੀਤੀ ਜੋ ਤੁਸੀਂ... ਜੋ ਤੁਹਾਡੇ ਅੰਦਰ ਹੈ। ਜਦੋਂ ਪੈਟ੍ਰੋਲੀਅਮ ਅਤੇ ਸੱਭ ਕੁਝ ਜਿਹਦੇ ਨਾਲ ਤੁਸੀਂ ਬਣਾਏ ਗਏ ਹੋ, ਜਦੋਂ ਪ੍ਰਮੇਸ਼ੁਰ ਨੇ ਇਸਨੂੰ ਧਰਤੀ ਉੱਤੇ ਉਤਪਤ ਕੀਤਾ, ਉਹ ਤੁਹਾਡੇ ਹਰ ਇੱਕ ਰੇਸ਼ੇ ਨੂੰ ਜਾਣਦਾ ਸੀ; ਇਹ ਵੀ ਜਾਣਦਾ ਸੀ ਕਿ ਤੁਸੀਂ ਕੀ ਕਰੋਗੇ। ਸਦੀਪਕ ਪ੍ਰਮੇਸ਼ੁਰ ਇਸ ਤਰ੍ਹਾਂ ਕਿਵੇਂ ਕਰ ਸੱਕਦਾ ਹੈ...

62 ''ਅੱਛਾ, ਮੈਂ ਅੱਜ ਸਾਵਧਾਨੀ ਨਾਲ ਚੱਲਾਂਗਾ; ਹੋ ਸੱਕਦਾ ਹੈ ਕਿ ਮੈਂ ਕੱਲ ਨੂੰ ਫਿਸਲ ਜਾਵਾਂ ਅਤੇ ਨਾਸ਼ ਹੋ ਜਾਵਾਂ।'' ਤੁਸੀਂ ਆਦ ਤੋਂ ਹੀ ਬਚਾਏ ਹੋਏ ਨਹੀਂ ਸੀ। ਹੋ ਸੱਕਦਾ ਤੁਸੀਂ ਭਾਵਨਾਵਾਂ ਦੇ ਥੱਲੇ ਰਹਿ ਕੇ ਹੀ ਕੰਮ ਕਰਦੇ ਹੋਵੋ। ਹੋ ਸੱਕਦਾ ਹੈ ਕਿ ਤੁਸੀਂ ਬਸ ਇਹ ਸੋਚਦੇ ਹੋਵੋ ਕਿ ਤੁਸੀਂ ਬਚਾਏ ਹੋਏ ਹੋ। ਹੋ ਸੱਕਦਾ ਹੈ ਕਿ ਤੁਸੀਂ ਬਚਾਏ ਹੋਏ ਵਾਂਙੂ ਮਹਿਸੂਸ ਕਰਦੇ ਹੋਵੋ। ਹੋ ਸੱਕਦਾ ਹੈ ਕਿ ਤੁਸੀਂ ਇਹ ਵਿਸ਼ਵਾਸ ਕਰਦੇ ਹੋਵੋ ਕਿ ਤੁਸੀਂ ਬਚਾਏ ਹੋਏ ਹੋ। ਤੁਸੀਂ ਕਿਸੇ ਕਲੀਸਿਆ ਵਿੱਚ ਸ਼ਾਮਿਲ ਹੋਏ ਹੋ ਸੱਕਦੇ ਹੋ। ਤੁਸੀਂ ਇੱਕ ਵਧੀਆ ਬੈਪਟਿਸਟ, ਮੈਥੋਡਿਸਟ ਜਾਂ

ਪੈਂਟੀਕਾਸਟਲ ਹੋ ਸੱਕਦੇ ਹੋ। ਉਹਨਾਂ ਗੱਲਾਂ ਵਿੱਚੋਂ ਕਿਸੇ ਦਾ ਵੀ ਇਹਦੇ ਨਾਲ ਕੋਈ ਮਤਲਬ ਨਹੀਂ ਹੈ। ਜੇ ਕਦੀ ਤੁਹਾਡੇ ਨਾਮ... ਜੇਕਰ ਤੁਸੀਂ ਕਦੇ ਬਚਾਏ ਗਏ ਹੋ, ਤਾਂ ਤੁਸੀਂ ਦੁਨੀਆਂ ਦੇ ਬਣਨ ਤੋਂ ਪਹਿਲਾਂ ਹੀ ਬਚਾਏ ਗਏ ਸੀ, ਜਦੋਂ ਪ੍ਰਮੇਸ਼ੁਰ ਨੇ ਆਪਣੇ ਵਿਚਾਰਾਂ ਵਿੱਚ ਹੀ ਯਿਸੂ ਨੂੰ ਬਚਾਉਣ ਲਈ ਘੱਲਿਆ, ਉਹਨੇ ਉਸ ਹਰੇਕ ਜਣੇ ਨੂੰ ਵੇਖ ਲਿਆ ਜੋ ਬਚਾਏ ਜਾਣ ਦੇ ਯੋਗ ਸੀ। ਹੁਣ, ਉਹ ਨਹੀ ਚਾਹੁੰਦਾ ਕਿ ਕੋਈ ਵੀ ਨਾਸ਼ ਹੋਵੇ।ਉਹ ਨਹੀਂ ਚਾਹੁੰਦਾ, ਪਰ ਜੇਕਰ ਉਹ ਪ੍ਰਮੇਸ਼ੁਰ ਹੈ ਤਾਂ ਉਹ ਜਾਣਦਾ ਹੈ ਕਿ ਕੌਣ ਨਾਸ਼ ਹੋਵੇਗਾ ਅਤੇ ਕੌਣ ਨਾਸ਼ ਨਹੀਂ ਹੋਵੇਗਾ। ਵਚਨ ਇਸੇ ਤਰ੍ਹਾਂ ਦੱਸਦਾ ਹੈ। ਇਸੇ ਹੀ ਤਰ੍ਹਾਂ ਤੁਸੀਂ ਹੋ।

63 ਇਸੇ ਲਈ ਅਸੀਂ ਬੈਪਟਿਸਟਾਂ ਤੋਂ, ਮੈਥੋਡਿਸਟਾਂ ਤੋਂ ਅਤੇ ਹੋਰਨਾਂ... ਕੈਲਵਿਨ ਦੀ ਵਿਚਾਰਧਾਰਾ ਵਾਲੇ ਲੋਕਾਂ ਤੋਂ ਵੱਖਰੇ ਹਾਂ। ਪਰ, ਕੈਲਵਿਨਵਾਦ ਸਹੀ ਹੈ।

64 ਫਿਰ ਅਸੀਂ ਅਰਮੇਨਿਅਨ ਵਾਲੇ ਪਾਸੇ ਵੱਲ ਆਉਂਦੇ ਹਾਂ। ਉਹਨਾਂ ਨੂੰ ਕੀ ਮਿਲਿਆ ? ਕੰਮ। ਉਹ ਤਾਂ ਹੋਲੀਨੈੱਸ ਦੇ ਝੁੰਢ ਹਨ। ਕੰਮ, ਔਰਤਾਂ ਆਖਦੀਆਂ ਹਨ, ''ਪ੍ਰਮੇਸ਼ੁਰ ਦੀ ਵਡਿਆਈ ਹੋਵੇ, ਮੈਂ ਆਪਣੇ ਵਾਲਾਂ ਨੂੰ ਵਧਣ ਦੇਵਾਂਗੀ।'' ਅਤੇ ਆਦਮੀ ਕਹਿਣਗੇ, ''ਔਹ, ਪ੍ਰਮੇਸ਼ੁਰ ਦੀ ਮਹਿਮਾ ਹੋਵੇ, ਮੈਂ ਤਾਂ ਅੱਧੀਆਂ ਬਾਹਾਂ ਵਾਲੀ ਕਮੀਜ਼ ਵੀ ਨਹੀਂ ਪਹਿਨਾਂਗਾ,'' ਅਤੇ ਹੋਰ ਇਸ ਤਰ੍ਹਾਂ ਦੀਆਂ ਗੱਲਾਂ। ਇਹਦਾ ਪ੍ਰਮੇਸ਼ੁਰ ਦੇ ਰਾਜ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਨਹੀਂ ਸ਼੍ਰੀਮਾਨ ਜੀ। ਤੁਸੀਂ ਆਪਣਿਆਂ ਵਾਲਾਂ ਨੂੰ ਵਧਣ ਦੇ ਸੱਕਦੀਆਂ ਹੋ, ਤੁਸੀਂ ਜੋ ਚਾਹੋ ਪਹਿਨ ਸੱਕਦੇ ਹੋ ਜਾਂ ਤੁਸੀਂ *ਇਹ* ਜਾਂ *ਉਹ* ਕਰ ਸੱਕਦੇ ਹੋ ਜਾਂ *ਹੋਰ ਕੁਝ ਵੀ*, ਅਤੇ ਇਹਦਾ ਉਹਦੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਤੁਸੀਂ ਆਪਣੇ ਕੱਪੜਿਆਂ ਕਰਕੇ ਨਹੀਂ ਬਚਾਏ ਗਏ ਹੋ। ਜੇਕਰ ਅਜਿਹਾ ਹੁੰਦਾ ਤਾਂ ਪ੍ਰਮੇਸ਼ੁਰ ਨੇ ਕੱਪੜਿਆਂ ਦੇ ਕੁਝ ਨਮੂਨੇ ਬਣਾ ਦਿੱਤੇ ਹੁੰਦੇ। ਯਿਸੂ ਨੇ ਆਪਣੀ ਜਾਨ ਨਾ ਦਿੱਤੀ ਹੁੰਦੀ।

ਤੁਸੀਂ ਬਚਾਏ ਗਏ ਹੋ ਕਿਉਂਕਿ ਪ੍ਰਮੇਸ਼ੁਰ ਨੇ ਤੁਹਾਨੂੰ ਕਿਰਪਾ ਰਾਹੀਂ ਬਚਾਇਆ ਹੈ ਅਤੇ ਤੁਸੀਂ ਇਹਨਾਂ ਚੀਜ਼ਾਂ ਨੂੰ ਬਸ ਪ੍ਰਸ਼ੰਸਾ ਦੇ ਰੂਪ ਵਿੱਚ ਹੀ ਕਰਦੇ ਹੋ। ਆਮ ਮਰਿਯਾਦਾ ਹੀ ਤੁਹਾਨੂੰ ਇਹਦੇ ਬਾਰੇ ਦੱਸ ਦੇਵੇਗੀ। ਤੁਸੀਂ ਉਹਨਾਂ ਕੰਮਾਂ ਨੂੰ ਬੱਸ ਵਡਿਆਈ ਵਿੱਚ ਹੀ ਕਰਦੇ ਹੋ। ਇਹ ਕੰਮ ਹਨ ਜੋ ਮੈਂ ਪ੍ਰਮੇਸ਼ੁਰ ਲਈ ਕਰਦਾ ਹਾਂ।

65 ਜੇਕਰ ਮੈਂ ਇੱਥੇ ਡੇਢ ਸੌ ਸਾਲ ਜੀਉਂਦਾ ਰਹਾਂ, ਅਤੇ ਹੋਰ ਪ੍ਰਚਾਰ ਨਾ ਕਰਾਂ, ਮੈਂ ਤਾਂ ਵੀ ਬਚਾਇਆ ਹੋਇਆ ਹਾਂ। ਯਕੀਨਨ। ਮੈਂ ਇਸ ਲਈ ਬਚਾਇਆ ਹੋਇਆ ਨਹੀਂ ਹਾਂ ਕਿ ਮੈਂ ਇੱਕ ਪ੍ਰਚਾਰਕ ਹਾਂ। ਮੈਂ ਤਾਂ ਇਸ ਲਈ ਬਚਾਇਆ ਹੋਇਆ ਹਾਂ ਕਿਉਂਕਿ ਇਹ ਪ੍ਰਮੇਸ਼ੁਰ ਦੀ ਕਿਰਪਾ ਹੈ ਜਿਹਨੇ ਮੈਨੂੰ ਬਚਾਇਆ ਹੋਇਆ ਹੈ। ਇਸ ਤਰ੍ਹਾਂ ਦੀ ਕੋਈ ਵੀ ਚੀਜ ਨਹੀਂ ਹੈ, ਜੋ ਮੈਂ ਇਸਨੂੰ ਪ੍ਰਾਪਤ ਕਰਨ ਲਈ ਕਰ ਸਕਦਾ ਹਾਂ।

66 ਮੇਰੇ ਉੱਤੇ ਇਸ ਸਮੇਂ ਪੰਜਾਹ ਹਜ਼ਾਰ ਡਾਲਰਾਂ ਲਈ ਕਾਨੂੰਨ ਮੁਕੱਦਮਾ ਚਲਾਉਣਾ ਚਾਹੁੰਦਾ ਹੈ। ਅਤੇ ਉਹਨਾਂ ਨੇ ਆਖਿਆ, ''ਤੁਸੀਂ ਕਿਉਂ ਗਏ ਸੀ... ਉਹ ਪੈਸਾ ਜਿਹੜਾ ਤੁਸੀਂ ਆਪਣੇ ਬਿੱਲਾਂ ਦਾ ਭੁਗਤਾਨ ਕਰਨ ਲਈ ਇੱਥੇ ਲਿਆ ਸੀ। ਇਹ ਤੁਹਾਡੇ ਬਿੱਲਾਂ ਦੇ ਭੁਗਤਾਨ ਕਰਨ ਤੋਂ

ਪਹਿਲਾਂ ਹੀ ਤੁਹਾਡਾ ਸੀ। ਤੁਸੀਂ ਉਸ ਰਕਮ ਨੂੰ ਆਪਣੀ ਕਲੀਸਿਯਾ ਰਾਹੀਂ ਅੱਗੇ ਲਿਆਂਦਾ, ਪਰ ਇਹ ਪਹਿਲਾਂ ਤੋਂ ਹੀ ਤੁਹਾਡਾ ਸੀ।''

ਮੈਂ ਕਿਹਾ, ''ਪਰ ਮੈਂ ਤਾਂ ਇਹਦੇ ਲਈ ਕਦੇ ਵੀ ਕੁਝ ਨਹੀਂ ਕੀਤਾ ਹੈ।''

ਕਿਹਾ, ''ਹਾਂ, ਤੁਸੀਂ ਕੀਤਾ ਹੈ,'' ਕਿਹਾ, ''ਤੁਸੀਂ ਉਹਨਾਂ ਨੂੰ ਦੱਸਿਆ ਸੀ ਕਿ ਤੁਸੀਂ ਪ੍ਰੇਮ ਭੇਂਟ ਲਵੋਗੇ।''

ਮੈਂ ਕਿਹਾ, ''ਮੈਂ ਚਾਹੁੰਦਾ ਹਾਂ ਕਿ ਕੋਈ ਮੈਨੂੰ ਦੱਸੇ ਕਿ ਇਸ ਤਰ੍ਹਾਂ ਕਦੋਂ ਸੀ।''

''ਅੱਛਾ, ਤੁਸੀਂ ਬੇਨਤੀ ਕਰਕੇ ਚਿੱਠੀ-ਪੱਤਰ ਰਾਹੀਂ ਪੈਸੇ ਮੰਗੇ ਹੋਣੇ ਆ ?''

ਮੈਂ ਕਿਹਾ, ''ਮੇਰੇ ਦਫ਼ਤਰ ਦੀ ਛਾਣ ਬੀਨ ਕਰ ਲਓ; ਇੱਕ ਵੀ ਪੈਸਾ ਨਹੀਂ ਹੈ।''

67 ਤੁਸੀਂ ਜਾਣਦੇ ਹੋ ਕਿ ਬਾਈਬਲ ਆਖਦੀ ਹੈ ਕਿ, ''ਤੁਸੀਂ ਇਹ ਨਾ ਸੋਚਣਾ ਕਿ ਤੁਸੀਂ ਕੀ ਕਹੋਗੇ, ਕਿਉਂਕਿ ਇਹ ਤੁਹਾਨੂੰ ਉਸੇ ਵੇਲੇ ਦਿੱਤਾ ਜਾਵੇਗਾ।'' ਅਤੇ ਮੈਂ ਉੱਥੇ ਉਹਨਾਂ ਕੇਂਦਰ ਸਰਕਾਰ ਦੇ ਪ੍ਰਤੀਨਿਧਿਆਂ ਕੋਲ ਬੈਠਾ ਹੋਇਆ ਸੀ, ਅਤੇ ਉਹਨਾਂ ਵਿੱਚੋਂ ਹਰ ਇੱਕ ਜਣਾ ਮੇਰੇ ਕੋਲੋ ਇੱਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤੱਕ ਪੁੱਛ-ਗਿੱਛ ਕਰ ਰਿਹਾ ਸੀ; ਅਤੇ ਮੈਂ ਤਾਂ ਮੁਸ਼ਕਿਲ ਨਾਲ ਹੀ ਆਪਣੀ ਏ.ਬੀ.ਸੀ. ਜਾਣਦਾ ਹਾਂ। ਅਤੇ ਉਹਨਾਂ ਚੁਸਤ ਹੁਸ਼ਿਆਰ ਆਦਮੀਆਂ ਨਾਲ ਜਿਹੜੇ ਸਿਖਾਏ ਹੋਏ ਹੁੰਦੇ ਹਨ ਕਿ ਤੁਹਾਡੇ ਕੋਲੋਂ ਉਹ ਗੱਲਾਂ ਵੀ ਅਖਵਾ ਲੈਣ ਜਿਨ੍ਹਾਂ ਨੂੰ ਕਹਿਣ ਦਾ ਤੁਹਾਡਾ ਕੋਈ ਮਤਲਬ ਨਹੀਂ ਹੁੰਦਾ; ਤਾਂ ਫਿਰ ਭਲਾ ਉਸ ਵਰਗੇ ਕਿਸੇ ਨਾਲ ਤੁਹਾਡੀ ਸੂਝ-ਬੂਝ ਕਿਸ ਤਰ੍ਹਾਂ ਮੇਲ ਖਾ ਸੱਕਦੀ ਹੈ ? ਤਾਂ ਵੀ ਉਹਨਾਂ ਕੋਲ ਮੇਰੇ ਸਵਾਮੀ ਪ੍ਰਭੂ ਦੀ ਹਾਜ਼ਰ-ਜਵਾਬੀ ਦਾ ਕੋਈ ਵੀ ਤੋੜ ਨਹੀਂ ਹੋ ਸੱਕਦਾ। ਇਹ ਵਚਨ ਨੇ ਕਿਹਾ ਹੈ, ''ਤੁਸੀਂ ਬਿਲਕੁਲ ਨਹੀਂ ਸੋਚਣਾ ਜਦੋਂ ਤੁਹਾਨੂੰ ਰਾਜਿਆਂ ਅਤੇ ਹਾਕਮਾਂ ਸਾਮ੍ਹਣੇ ਲਿਜਾਇਆ ਜਾਵੇ।''

ਮੈਂ ਜਾਣਦਾ ਹਾਂ ਕਿ ਜਿਹੜੇ ਪੈਸੇ ਮੈਂ ਉੱਥੇ ਲਏ ਸਨ, ਮੈਂ ਇਹਨੂੰ... ਲਈ ਖਰਚ ਦਿੱਤੇ ਸਨ ਅਤੇ ਉਹਨਾਂ ਨੇ ਇਸ ਉੱਤੇ ਕੋਈ ਵੀ ਝਗੜਾ ਨਹੀਂ ਕੀਤਾ ਸੀ। ਇਹਨੂੰ ਤਾਂ ਬਸ ਜਾਇਜ ਤਰੀਕੇ ਨਾਲ ਹੀ ਖਰਚ ਕੀਤਾ ਗਿਆ ਸੀ ਜਿਸ ਤਰ੍ਹਾਂ ਇਹਨੂੰ ਕੀਤਾ ਜਾਣਾ ਚਾਹੀਦਾ ਸੀ। ਪਰ ਉਹਨਾਂ ਨੇ ਕਿਹਾ, ''ਪਹਿਲਾਂ ਤਾਂ ਇਹ ਤੁਹਾਡਾ ਹੀ ਸੀ, ਤਦ ਫਿਰ ਤੁਸੀਂ ਇਹ ਬ੍ਰਾਨਹਾਮ ਡੇਰੇ ਨੂੰ ਦੇ ਦਿੱਤਾ ਸੀ।''

ਮੈਂ ਆਖਿਆ, ''ਪਰ ਮੈਂ ਬ੍ਰਾਨਹਾਮ ਡੇਰੇ ਦਾ ਖਜਾਨਚੀ ਹਾਂ।'' ਅਤੇ ਇਹ..

ਉਹਨੇ ਕਿਹਾ, ''ਮੈਂ ਇਹਦੇ ਬਾਰੇ ਕੁਝ ਵੀ ਨਹੀਂ ਜਾਣਦਾ ਹਾਂ। ਤਾਂ ਫਿਰ ਟਰਸਟੀਆਂ ਨੇ ਇਹ, ਉਹ ਜਾਂ ਹੋਰ ਕੁਝ ਕਿਉਂ ਨਹੀਂ ਕੀਤਾ ?

ਮੈਂ ਕਿਹਾ, ''ਫਿਰ ਤਾਂ ਤੁਸੀਂ ਮੈਨੂੰ ਬੇਈਮਾਨ ਕਹਿ ਰਹੇ ਹੋ ?''

68 ਕਿਹਾ, ''ਅਸੀਂ ਸੋਚਦੇ ਹਾਂ ਕਿ ਤੁਸੀਂ ਬਹੁਤ ਇਮਾਨਦਾਰ ਹੋ।'' ਉਸ ਪ੍ਰਤੀਨਿਧੀ ਨੇ ਕਿਹਾ, ਸ਼੍ਰੀਮਾਨ ਬ੍ਰਾਨਹਾਮ, ਮੈਂ ਤੁਹਾਨੂੰ ਕੁਝ ਵਿਖਾਉਣਾ ਚਾਹੁੰਦਾ ਹਾਂ।''

ਹੁਣ, ਮੈਂ ਇਹ ਗੱਲ ਸਿਰਫ ਪ੍ਰਭੂ ਦੀ ਮਹਿਮਾਂ ਲਈ ਕਹਿ ਰਿਹਾ ਹਾਂ, ਅਤੇ ਖਾਸ ਕਰਕੇ

ਨੌਜਵਾਨਾਂ ਲਈ। ਉਹਨੇ ਕਿਹਾ, ਮੈਂ ਤੁਹਾਨੂੰ ਕੁਝ ਵਿਖਾਉਣਾ ਚਾਹੁੰਦਾ ਹਾਂ।'' ਵਿਖਾਉਣ ਲਈ ਕਿ ਕਿਸ ਤਰ੍ਹਾਂ...।'' ਜੇਕਰ ਤੁਸੀਂ ਬਾਈਬਲ ਦੁਆਰਾ ਹੀ ਜੀਵਨ ਗੁਜ਼ਾਰਦੇ ਹੋ, ਤਾਂ ਪ੍ਰਮੇਸ਼ੁਰ ਤੁਹਾਡੇ ਦੁਆਰਾ ਜੀਵੇਗਾ। ਅਤੇ ਜੇਕਰ ਤੁਹਾਡਾ ਆਤਮਾ ਉਹਦੇ ਨਾਲ ਸਹਿਮਤ ਨਹੀਂ ਹੁੰਦਾ ਜੋ ਪ੍ਰਮੇਸ਼ੁਰ ਨੇ ਕਿਹਾ ਹੈ, ਤਾਂ ਫਿਰ ਤੁਸੀਂ ਬਾਈਬਲ ਦੇ ਰਾਹੀਂ ਜੀਵਨ ਨਹੀਂ ਗੁਜ਼ਾਰ ਰਹੇ ਹੋ।

69 ਯਾਦ ਕਰੋ ਜਦੋਂ ਅਸੀਂ ਬੀਤੀ ਰਾਤ ਪ੍ਰਚਾਰਕ ਔਰਤਾਂ ਬਾਰੇ ਗੱਲ ਕੀਤੀ ਸੀ, ਜਦੋਂ ਉਹ ਕਹਿੰਦੀਆਂ ਹਨ, ''ਓਹ, ਮੈਂ ਵਿਸ਼ਵਾਸ ਕਰਦੀ ਹਾਂ ਕਿ ਪਵਿੱਤਰ ਆਤਮਾ ਨੇ ਹੀ ਮੈਨੂੰ ਪ੍ਰਚਾਰ ਕਰਨ ਲਈ ਬੁਲਾਇਆ ਹੈ,'' ਅਤੇ ਹੋਰ ਇਸ ਤਰ੍ਹਾਂ ਦੀਆਂ ਗੱਲਾਂ ? ਬਾਈਬਲ ਕਹਿੰਦੀ ਹੈ, ''ਜੇਕਰ ਕੋਈ ਮਨੁੱਖ ਆਖਦਾ ਭਈ ਉਹ ਨਬੀ ਹੈ, ਜਾਂ ਆਤਮਿਕ ਜਨ ਹੈ, ਤਾਂ ਉਹ ਜਾਣ ਲਵੇ ਕਿ ਇਹ ਪ੍ਰਭੂ ਦੇ ਹੁਕਮ ਹਨ; ਪਰ ਜੇਕਰ ਉਹ ਨਾ ਜਾਣੇ, ਤਾਂ ਉਹਨੂੰ ਬਸ ਅਣਜਾਣ ਹੀ ਰਹਿਣ ਦਿਉ।'' ਉਪਰੰਤ ਜਦੋਂ ਤੁਸੀਂ ਆਦਮੀਆਂ ਨੂੰ ਇਹ ਕਹਿੰਦੇ ਹੋਏ ਸੁਣਦੇ ਹੋ ਕਿ ਉਹ ਪ੍ਰਚਾਰਕ ਔਰਤਾਂ ਵਿੱਚ ਨਿਹਚਾ ਰੱਖਦੇ ਹਨ, ਤਾਂ ਇਹ ਦਿਖਾਉਂਦਾ ਹੈ ਕਿ ਤੁਹਾਡਾ ਸਬੰਧ ਪ੍ਰਮੇਸ਼ੁਰ ਨਾਲ ਠੀਕ ਨਹੀਂ ਹੈ, ਜਾਂ ਉਹ ਸੱਚਾਈ ਨੂੰ ਨਹੀਂ ਜਾਣਦੇ ਹਨ। ਇਹ ਬਿਲਕੁਲ ਸੱਚੀ ਗੱਲ ਹੈ। ਵਚਨ ਅਜਿਹਾ ਹੀ ਕਹਿੰਦਾ ਹੈ। ਅਸੀਂ ਇਹਨੂੰ ਵਚਨ ਵਿੱਚੋਂ ਵੇਖਿਆ ਹੈ, ਅਤੇ ਵਚਨ ਦੇ ਰਾਹੀਂ ਹੀ ਇਸ ਨਾਲ ਸਹਿਮਤ ਹੁੰਦੇ ਹਾਂ। ਹੁਣ, ਇਹਦਾ ਕੋਈ ਮਤਲਬ ਨਹੀਂ ਹੈ ਕਿ ਇਹ ਕਿੰਨਾ ਅਸਲੀ ਵਿਖਾਈ ਦਿੰਦਾ ਹੈ, ਇਹ ਬਿਲਕੁਲ ਉਲਟ ਹੈ। ਇਹ ਠੀਕ ਨਹੀਂ ਹੈ।

70 ਹੁਣ, ਹੁਣ ਅਸੀਂ ਇੱਥੇ ਕੁਝ ਹਾਸਿਲ ਕਰਨ ਜਾ ਰਹੇ ਹਾਂ। ਧਿਆਨ ਦਿਉ। ਪ੍ਰਮੇਸ਼ੁਰ, ਉਹ ਅਨੰਤ ਪ੍ਰਮੇਸ਼ੁਰ, ਜਿਹਨੇ ਧਰਤੀ ਨੂੰ, ਅਤੇ ਆਕਾਸ਼ਾਂ ਨੂੰ ਬਣਾਇਆ, ਅਤੇ ਸੱਭ ਚੀਜ਼ਾਂ ਨੂੰ ਜਾਣਦਾ ਸੀ, ਅਤੇ ਇਸ ਤੋਂ ਪਹਿਲਾਂ ਕਿ ਕਦੇ ਸੰਸਾਰ ਬਣਦਾ, ਉਹਨੇ ਹਰੇਕ ਪਿੱਸੂ, ਹਰੇਕ ਮੱਖੀ, ਹਰੇਕ ਮੱਛਰ ਨੂੰ, ਅਤੇ ਹਰੇਕ ਚੀਜ ਨੂੰ ਜੋ ਸੰਸਾਰ ਵਿੱਚ ਹੋ ਸੱਕਦੀ ਸੀ ਜਾਣ ਲਿਆ। ਅਤੇ ਤੁਸੀਂ ਉਹਦੇ ਵਚਨ ਦੇ ਰਾਹੀਂ ਹੀ ਜੀਉਂਦੇ ਰਹਿੰਦੇ ਹੋ।

71 ਤਦ, ਮੈਂ ਉਹਨਾਂ ਪ੍ਰਤੀਨਿਧੀਆਂ ਕੋਲ ਖੜ੍ਹਾ ਸੀ। ਇੱਧਰ ਵਾਲਾ ਪ੍ਰਤੀਨਿਧੀ ਉੱਥੇ ਤੁਰ ਕੇ ਆਇਆ ਅਤੇ ਕਿਹਾ, ''ਅਸੀਂ ਕਿਸੇ ਵੀ ਤਰੀਕੇ ਨਾਲ ਇਹ ਕਹਿਣ ਦੀ ਕੋਸ਼ਿਸ਼ ਨਹੀਂ ਕਰ ਰਹੇ ਹਾਂ ਕਿ ਤੁਸੀਂ ਬੇਈਮਾਨ ਹੋ।'' ਕਿਹਾ, ''ਤੁਸੀਂ ਤਾਂ ਉਸ ਸੱਚਾਈ ਤੋ ਹੀ ਅਣਜਾਣ ਸੀ ਕਿ ਜਦੋਂ ਕੋਈ ਤੁਹਾਨੂੰ ਪੈਸਾ ਦਿੰਦਾ ਹੈ ਤਾਂ ਇਹ ਪਹਿਲਾਂ ਤੁਹਾਡਾ ਹੀ ਸੀ।'' ਕਿਹਾ, ''ਤੁਸੀਂ ਉਸ ਚੈੱਕ ਉੱਤੇ ਦਸਤਖ਼ਤ ਕਰ ਦਿੱਤੇ ਸਨ ਜਿਹੜਾ ਸ਼੍ਰੀਮਾਨ ਮਿਨਰ ਅਰਗਨਬ੍ਰਾਈਟ, ਕੈਲੀਫੋਰਨੀਆ ਦੇ ਫੁੱਲ ਗੌਸਪਲ ਕਰਿਸਚਿਅਨ ਬਿਜਨਸਮੈਨ ਫੈਲੋਸ਼ਿਪ ਤੋਂ *ਬਹੁਤ ਸਾਰੇ* ਹਜ਼ਾਰਾਂ ਡਾਲਰਾਂ ਵਾਸਤੇ ਮਿਲਿਆ ਸੀ। ਅਤੇ ਉਸੇ ਦਿਨ ਤੁਸੀਂ ਇਹਦੇ ਪੈਸੇ ਆਪਣੇ ਬੈਂਕ ਵਿੱਚੋਂ ਕੱਢਵਾ ਲਏ ਸਨ ਅਤੇ ਵਿਦੇਸ਼ ਯਾਤਰਾ ਲਈ ਚਾਰ ਜਾਂ ਪੰਜ ਟਿਕਟਾਂ ਲਗਭਗ ਚੌਵੀ ਕੁ ਹਜ਼ਾਰ ਡਾਲਰ ਦੀਆਂ ਖਰੀਦ ਲਈਆਂ ਸਨ।

ਮੈਂ ਕਿਹਾ, ''ਜੀ ਹਾਂ, ਸ਼੍ਰੀਮਾਨ।''

ਉਹਨੇ ਕਿਹਾ, ''ਤੁਸੀਂ ਉਸ ਉੱਤੇ ਆਮਦਨੀ ਦੇ ਟੈਕਸ ਦੇ ਦੇਣਦਾਰ ਹੋ।''

ਮੈਂ ਕਿਹਾ, ''ਕਿਉਂ, ਅਸੀਂ ਤਾਂ ਉਸੇ ਹੀ ਬੈਂਕ ਵਿੱਚ ਖੜ੍ਹੇ ਸੀ, ਅਤੇ ਉਹਨੇ ਮੈਨੂੰ ਚੈੱਕ ਦਿੱਤਾ, ਅਤੇ ਮੈਂ ਉਸਨੂੰ ਬੈਂਕ ਵਿੱਚ ਲਾ ਦਿੱਤਾ ਅਤੇ ਬਾਅਦ ਵਿੱਚ ਉਸ ਤੋਂ ਟਿਕਟਾਂ ਲੈ ਲਈਆਂ ਸਨ।''

ਉਸਨੇ ਕਿਹਾ, ''ਜੇਕਰ ਤੁਹਾਡੇ ਕੋਲ ਇੱਕ ਮਿੰਟ ਲਈ ਵੀ ਚੈੱਕ ਸੀ,'' ਤਾਂ ਇਸ ਤੋ ਪਹਿਲਾਂ ਕਿ ਇਹ ਕਲੀਸਿਆ ਦੀ ਪੂੰਜੀ ਬਣਦਾ, ਉਹ ਅੱਧੇ ਮਿੰਟ ਲਈ ਤਾਂ ਤੁਹਾਡਾ ਹੀ ਸੀ। ਕਿਹਾ, ''ਤੁਸੀਂ ਉਸ ਉੱਤੇ ਟੈਕਸ ਦੇ ਦੇਣਦਾਰ ਹੋ।''

ਉਸਨੇ ਕਿਹਾ, ''ਉਸਨੇ ਇਹ ਕਲੀਸਿਆ ਨੂੰ ਦਿੱਤਾ ਸੀ। ਉਸਨੇ ਇਹਦਾ ਟੈਕਸ ਚੁਕਾ ਦਿੱਤਾ ਸੀ, ਅਤੇ ਉਸਨੇ ਇਹ ਕਲੀਸਿਆ ਨੂੰ ਦਿੱਤਾ ਸੀ। ਉਹਨੇ ਇਹ ਤੁਹਾਨੂੰ ਦਿੱਤਾ ਸੀ।''

ਅਤੇ ਮੈਂ ਕਿਹਾ, ''ਤੁਸੀਂ ਇਹਦਾ ਇਨਕਮ ਟੈਕਸ ਦਿੰਦੇ ਹੋ, ਇਹ ਕਲੀਸਿਆ ਨੂੰ ਚਲਾ ਜਾਂਦਾ ਹੈ, ਫਿਰ ਉਸ ਉੱਤੇ ਟੈਕਸ ਨਹੀਂ ਲੱਗਦਾ ਹੈ।''

ਕਿਹਾ, ''ਅਸੀਂ ਤੁਹਾਡੀ ਕਲੀਸਿਆ ਨੂੰ ਟੈਕਸ ਨਹੀਂ ਲਗਾ ਰਹੇ, ਅਸੀਂ ਤਾਂ ਤੁਹਾਨੂੰ ਹੀ ਟੈਕਸ ਲਗਾ ਰਹੇ ਹਾਂ।''

ਤਦ ਫਿਰ ਮੈਂ ਕਿਹਾ, ''ਕਿਉਂ,'' ਮੈਂ ਕਿਹਾ, ''ਉਹੀ ਆਦਮੀ ਜਿਹਨੇ ਆਪਣੇ ਨਾਮ ਦੇ ਦਸਤਖਤ ਕੀਤੇ ਸਨ, ਜੋ ਕਿ ਇਨਕਮ ਟੈਕਸ ਵਾਲਿਆਂ ਦਾ ਸੰਗੀ ਸੀ, ਉਸੇ ਨੇ ਮੈਨੂੰ ਉਸ ਤਰ੍ਹਾਂ ਕਰਨ ਲਈ ਕਿਹਾ ਸੀ।''

ਉਸਨੇ ਕਿਹਾ, ''ਉਹ ਤਾਂ ਹੁਣ ਸਰਕਾਰ ਨਾਲ ਨਹੀਂ ਹੈ।''

ਮੈਂ ਕਿਹਾ, ''ਉਹ ਜਿਨ੍ਹਾਂ ਨੇ ਸੰਵਿਧਾਨ ਲਿਖਿਆ ਸੀ, ਉਹ ਵੀ ਤਾਂ ਹੁਣ ਸਰਕਾਰ ਦੇ ਨਾਲ ਨਹੀਂ ਹਨ, ਕੀ ਇਹ ਹੁਣ ਤੱਕ ਕਾਇਮ ਹੈ ?'' ਮੈਂ ਕਿਹਾ, ''ਕਿਸੇ ਦਿਨ ਤੁਸੀਂ ਵੀ ਸਰਕਾਰ ਨਾਲ ਜਿਆਦਾ ਦੇਰ ਤੱਕ ਨਹੀਂ ਰਹੋਗੇ, ਅਤੇ ਉਦੋਂ ਤੁਸੀਂ ਕੀ ਆਖੋਗੇ?'' ਮੈਂ ਕਿਹਾ, ''ਅਸੀਂ ਕਿਸ ਤਰ੍ਹਾਂ ਦੀ ਸਰਕਾਰ ਦੀ ਸੇਵਾ ਕਰ ਰਹੇ ਹਾਂ ?'' ਯਕੀਨਨ ਹੀ।

ਪਰ, ਫਿਰ, ਅਤੇ ਦੂਸਰੇ ਆਦਮੀ ਨੇ ਕਿਹਾ, ''ਸ਼੍ਰੀਮਾਨ ਬ੍ਰਾਨਹਾਮ,'' ਉਹਨੇ ਕਿਹਾ, ''ਸਾਨੂੰ ਇੱਥੇ ਪਤਾ ਲੱਗਾ ਹੈ, ਮੈਂ ਤੁਹਾਨੂੰ ਦਿਖਾਉਂਦਾ ਹਾਂ ਜੋ ਸਾਨੂੰ ਪਤਾ ਲੱਗਾ ਹੈ ਕਿ ਤੁਸੀਂ ਹਰੇਕ ਪੈਸਾ ਕਿੱਥੇ ਖ਼ਰਚ ਕੀਤਾ ਹੈ।''

ਮੈਂ ਕਿਹਾ, ''ਠੀਕ ਹੈ।''

ਉਹਨੇ ਆਖਿਆ, ''ਇੱਥੇ ਇੱਕ ਸਥਾਨ ਹੈ ਜਿੱਥੇ ਤੁਹਾਡੀ ਕਨੇਡਾ ਦੇ ਏਲਬਰਟਾ ਵਿੱਚ ਇੱਕ ਸਭਾ ਹੋ ਰਹੀ ਸੀ, ਅਤੇ ਉੱਥੇ ਤੁਹਾਨੂੰ ਤਿੰਨ ਹਜ਼ਾਰ ਡਾਲਰਾਂ ਦੀ ਇੱਕ ਦਾਨ ਭੇਟ ਦਿੱਤੀ ਗਈ ਸੀ।''

ਮੈਂ ਕਿਹਾ, ''ਜੀ ਹਾਂ, ਸ਼੍ਰੀਮਾਨ।''

ਅਤੇ ਕਿਹਾ, ''ਥੱਲੇ ਲਿਖਿਆ ਹੈ... ਪਿਛਲੇ ਐਤਵਾਰ ਨੂੰ,... ਸਗੋਂ ਉਸੇ ਹੀ ਨੂੰ, ਤੁਸੀਂ ਬਾਹਰ ਚਲੇ ਗਏ, ਅਤੇ ਉੱਥੇ ਤੁਹਾਨੂੰ ਇੱਕ ਪੁਰਾਣਾ ਗਿਰਜਾ ਮਿਲਿਆ, ਅਤੇ ਉਹ ਇਸ ਗਿਰਜੇ ਵਿੱਚ ਬੰਦਗੀ ਉਪਾਸਨਾ ਕਰ ਰਹੇ ਸਨ, ਅਤੇ ਉਹਦੇ ਉੱਪਰ ਕੋਈ ਛੱਤ ਨਹੀਂ ਸੀ। ਅਤੇ ਤੁਸੀਂ ਉਹ ਤਿੰਨ ਹਜ਼ਾਰ ਡਾਲਰ ਉਹਨਾਂ ਲੋਕਾਂ ਨੂੰ ਇੱਕ ਗਿਰਜੇ ਦਾ ਨਿਰਮਾਣ ਕਰਨ ਲਈ ਦੇ ਦਿੱਤੇ।''

ਮੈਂ ਕਿਹਾ, ''ਇਹ ਬਿਲਕੁਲ ਠੀਕ ਹੈ।''

ਕਿਹਾ, ''ਪਰ ਤੁਸੀਂ ਉਸ ਉੱਤੇ ਟੈਕਸ ਦੇ ਦੇਣਦਾਰ ਹੋ। ਕਿਹਾ, ''ਤੁਸੀਂ ਇਹ ਕਲੀਸਿਆ ਨੂੰ ਦੇ ਦਿੱਤਾ।'' ਕਿਹਾ, ''ਦੇਖੋ, ਇਸ ਤੋਂ ਪਹਿਲਾਂ ਕਿ ਇਹ ਕਲੀਸਿਆ ਦਾ ਹੁੰਦਾ ਉਹ ਤੁਹਾਡਾ ਸੀ।''

ਉਹਨੇ ਕਿਹਾ, ''ਕੀ ਇਹ ਸੱਚ ਨਹੀਂ ਹੈ, ਕਿ ਉਸ ਆਦਮੀ ਨੇ...'' ਅਤੇ ਮੈਂ ਉਸ ਆਦਮੀ ਦਾ ਨਾਮ ਨਹੀਂ ਲਵਾਂਗਾਂ, ਕਿਉਂਕਿ ਤੁਹਾਡੇ ਵਿੱਚੋਂ ਬਹੁਤ ਸਾਰੇ ਉਹਨੂੰ ਜਾਣਦੇ ਹਨ। ''ਉਹਦਾ ਘਰ ਇਸੇ ਦੇਸ਼ ਵਿੱਚ ਸੜ ਗਿਆ ਸੀ, ਅਤੇ ਤੁਸੀਂ ਆਪਣੀ ਸਭਾ ਖਤਮ ਕਰਕੇ ਆਏ ਸੀ ਅਤੇ ਤੁਹਾਡੇ ਕੋਲ ਪੰਦਰਾਂ ਸੌ ਡਾਲਰ ਸਨ।'' ਹੁਣ, ਹੋ ਸੱਕਦਾ ਹੈ ਕਿ ਤੁਹਾਡੇ ਵਿੱਚੋਂ ਕਿਸੇ ਨੂੰ ਇਹ ਰਕਮ ਬਹੁਤ ਵੱਡੀ ਲੱਗੇ। ਪਰ ਮੇਰੇ ਲਈ ਤਾਂ ਇਹ ਪੰਦਰਾਂ ਦਿਨਾਂ ਦੇ ਰੋਟੀ ਪਾਣੀ ਖਾਣ ਜਾਂ ਆਰਾਮ ਕਰਨ ਦਾ ਖਰਚਾ ਹੀ ਸੀ। ਚਾਹੇ ਮੈ ਪ੍ਰਚਾਰ ਕਰਾਂ ਜਾਂ ਨਾ ਕਰਾਂ, ਮੈਨੂੰ ਆਪਣੇ ਦਫਤਰ ਅਤੇ ਹੋਰਨਾਂ ਚੀਜ਼ਾਂ ਦਾ ਧਿਆਨ ਰੱਖਣ ਲਈ ਸੌ ਡਾਲਰ ਦੇ ਹਿਸਾਬ ਨਾਲ ਭੁਗਤਾਨ ਕਰਨਾ ਪੈਂਦਾ ਹੈ। ਅਤੇ ਕਿਹਾ, ''ਤੁਹਾਡੇ ਕੋਲ ਪੰਦਰਾਂ ਸੌ ਡਾਲਰ ਸਨ। ਅਤੇ ਉਹ ਆਦਮੀ... ਘਰ ਸੜ ਗਿਆ ਸੀ। ਉਸਦੇ ਲਗਭਗ ਛੇ ਬੱਚੇ ਸਨ, ਅਤੇ ਤੁਸੀਂ ਉਹਨੂੰ ਉਹ ਪੰਦਰਾਂ ਸੌ ਡਾਲਰ ਦੇ ਦਿੱਤੇ ਸਨ। ਪੱਕੇ ਤੌਰ ਨਾਲ, ਉਹਨਾਂ ਕੋਲ ਮੇਰਾ ਚੈੱਕ ਉੱਥੇ ਰਖਿਆ ਹੋਇਆ ਸੀ।

ਮੈਂ ਕਿਹਾ, ''ਬਿਲਕੁਲ ਠੀਕ ਹੈ।'' ਮੈਂ ਕਿਹਾ, ''ਤੁਸੀਂ ਉਸ ਆਦਮੀ ਨਾਲ ਕੀ ਕਰੋਗੇ, ਜਿਹੜਾ ਆਪਣੇ ਪੰਜ ਬੱਚਿਆਂ ਨੂੰ ਲੈ ਕੇ ਤੰਬੂ ਵਿੱਚ ਰਹਿ ਰਿਹਾ ਹੈ, ਅਤੇ ਤਾਪਮਾਨ ਜੀਰੋ ਡਿਗਰੀ ਹੈ ਅਤੇ ਜ਼ਮੀਨ ਉੱਤੇ ਬਰਫ਼ ਪਈ ਹੋਈ ਹੈ ? ਅਤੇ ਤੁਸੀਂ ਸੋਚਦੇ ਹੋ ਕਿ, ਮੈਂ ਇੱਕ ਆਲੀਸ਼ਾਨ ਘਰ ਵਿੱਚ ਰਹਿ ਸੱਕਦਾ ਹਾਂ ਅਤੇ ਇਹ ਜਾਣਦੇ ਹੋਏ ਕਿ ਉਹ ਆਦਮੀ ਅਤੇ ਉਹਦੇ ਛੋਟੇ ਬੱਚੇ ਉਥੇ ਬਾਹਰ ਠੰਢ ਦੇ ਮਾਰੇ ਜੰਮ ਰਹੇ ਹਨ ਅਤੇ ਫਟੇ ਹੋਏ ਕੋਟਾਂ ਨਾਲ ਹੀ ਆਪਣੇ ਆਪ ਨੂੰ ਲਵੇਟਿਆ ਹੋਇਆ ਸੀ, ਅਤੇ ਪੈਸਿਆਂ ਨਾਲ ਉਹਦੀ ਮੱਦਦ ਕਰ ਸੱਕਦਾ ਸੀ ?

ਉਹਨੇ ਕਿਹਾ, ''ਕੀ ਇਹ ਸੱਚ ਨਹੀਂ ਹੈ ਕਿ ਇੱਕ ਖਾਸ ਆਦਮੀ ਇੱਥੇ ਗਲ੍ਹੀ ਵਿੱਚ ਮਰ ਗਿਆ ਸੀ ? ਅਤੇ ਉਹ ਕੰਟੈਕੀ ਤੋਂ ਆਇਆ ਸੀ। ਉਹਦੇ ਕੋਲ ਆਪਣੇ ਕਫਨ-ਦਫਨ ਦੀ ਰਸਮ ਲਈ ਪੈਸੇ ਵੀ ਨਹੀਂ ਸਨ, ਅਤੇ ਤੁਸੀਂ ਉਸ ਆਦਮੀ ਨੂੰ ਦਫਨ ਕੀਤਾ ਸੀ। ਅਤੇ ਤੁਸੀਂ ਅਤੇ ਤੁਹਾਡੀ ਪਤਨੀ ਪੈਸੇ ਲੈ ਕੇ ਜੇ.ਸੀ. ਪੈਨੀ ਕੋਲ ਚਲੇ ਗਏ।'' ਚੈੱਕਾਂ ਨੂੰ ਬਾਹਰ ਕੱਢਿਆ। ਕਿਹਾ, ''ਤੁਸੀਂ ਦੋ ਸੌ ਡਾਲਰ ਤਾਂ ਉਹਨਾਂ ਬੱਚਿਆਂ ਦੇ ਕੱਪੜਿਆਂ ਵਾਸਤੇ ਹੀ ਖਰਚ ਕਰ ਦਿੱਤੇ ਸਨ।''

ਮੈਂ ਕਿਹਾ, ''ਇਹ ਬਿਲਕੁਲ ਠੀਕ ਹੈ।''

ਉਹਨੇ ਕਿਹਾ, ''ਕੀ ਇਹ ਸੱਚ ਨਹੀਂ ਹੈ ਕਿ ਇੱਕ ਬਜ਼ੁਰਗ ਔਰਤ ਇੱਥੇ ਕਿਸੇ ਸ਼ਹਿਰ ਵਿੱਚ... ਜਿਹੜੀ ਉਸ ਸਮੇਂ ਨਿਊਅਲਬੈਨੀ ਵਿੱਚ ਰਹਿੰਦੀ ਹੁੰਦੀ ਸੀ। ਅਤੇ ਕਿਹਾ, ''ਤੁਸੀਂ ਉਹਨੂੰ ਤਿੰਨ ਸੌ ਕੁਝ ਡਾਲਰ ਉਦੇ ਰਾਸ਼ਨ ਦੇ ਬਿੱਲਾਂ ਦਾ ਭੁਗਤਾਨ ਕਰਨ ਲਈ ਦਿੱਤੇ ਸਨ, ਜਿਹੜੇ ਉਹਨਾਂ ਨੇ ਉਹਦੇ ਨਾਮ ਦੇ ਕੱਟੇ ਸਨ। ਅਤੇ ਤੁਸੀਂ ਪੰਜ ਸੌ ਡਾਲਰਾਂ ਦੇ ਕਰੀਬ ਉਹਦੇ ਕਿਰਾਏ ਦਾ ਭੁਗਤਾਨ ਕੀਤਾ ਸੀ, ਜੋ ਉਹਨੂੰ ਠੰਢ ਦੇ ਮੌਸਮ ਵਿੱਚ ਬਾਹਰ ਕੱਢਣ ਜਾ ਰਹੇ ਸਨ, ਅਤੇ ਤੁਸੀਂ ਉਹਦਾ ਅਗਲੇ ਜੂਨ ਤੱਕ ਦਾ ਕਿਰਾਇਆ ਭੁਗਤਾਨ ਕੀਤਾ ਅਤੇ ਤੁਸੀਂ ਉਹਦੇ ਰਾਸ਼ਣ ਦੇ ਬਿੱਲ ਵਾਸਤੇ ਵੀ ਖੜ੍ਹੇ ਰਹੇ ਜਿਹੜਾ ਫੇਰ ਤੋ ਚੌਦਾਂ ਜਾਂ ਪੰਦਰਾਂ ਸੌ ਡਾਲਰ ਹੋ ਗਿਆ ਸੀ।

ਮੈਂ ਕਿਹਾ, ''ਮੈਨੂੰ ਉਹ ਘਟਨਾ ਚੰਗੀ ਤਰਾਂ ਯਾਦ ਹੈ। ਜੌਰਜੀਆ ਵਿੱਚ ਇੱਕ ਅੱਸੀ ਸਾਲ ਦੀ ਬਜ਼ੁਰਗ ਮਾਂ ਆਪਣੀ ਅਪਾਹਿਜ ਬੇਟੀ ਅਤੇ ਇੱਕ ਪ੍ਰਚਾਰਕ ਮੁੰਡੇ ਨਾਲ ਜੋ ਜੋੜਾਂ ਦੀ ਸੋਜ ਨਾਲ ਪੀੜਤ ਸੀ ਅਤੇ ਮੰਜੇ ਉੱਤੇ ਪਿਆ ਸੀ, ਅਤੇ ਉਹਦਾ ਹੋਰ ਕੋਈ ਵੀ ਸਹਾਰਾ ਨਹੀਂ ਸੀ। ਤੁਸੀਂ ਇਸਦੇ ਬਾਰੇ ਕੀ ਕਰੋਗੇ ?'' ਮੈਂ ਕਿਹਾ, ''ਜੀ ਹਾਂ, ਮੈਂ ਕੀਤਾ ਸੀ।''

ਕਿਹਾ, ''ਕੀ ਤੁਹਾਡਾ ਟਰਸਟੀ ਬੋਰਡ ਇਹਦੇ ਬਾਰੇ ਜਾਣਦਾ ਸੀ ?''

ਮੈਂ ਕਿਹਾ, ''ਨਹੀਂ ਸ਼੍ਰੀਮਾਨ, ਉਹ ਨਹੀਂ ਜਾਣਦੇ ਸਨ।''

''ਕੀ ਤੁਹਾਡੀ ਪਤਨੀ ਇਹਦੇ ਬਾਰੇ ਜਾਣਦੀ ਸੀ ?''

ਮੈਂ ਕਿਹਾ, ''ਨਹੀਂ ਸ਼੍ਰੀਮਾਨ, ਉਹ ਨਹੀਂ ਜਾਣਦੀ ਸੀ।''

ਕਿਹਾ,'' ਫਿਰ ਤੁਸੀਂ ਇਸ ਤਰ੍ਹਾਂ ਕਿਉਂ ਕੀਤਾ ਸੀ ?''

72 ਮੈਂ ਕਿਹਾ, ''ਕਿਉਂਕਿ ਮੇਰੇ ਪ੍ਰਭੂ ਨੇ ਕਿਹਾ, 'ਤੇਰਾ ਖੱਬਾ ਹੱਥ ਇਹ ਨਾ ਜਾਣੇ ਕਿ ਤੇਰਾ ਸੱਜਾ ਹੱਥ ਕੀ ਕਰ ਰਿਹਾ ਹੈ।''' ਮੈਂ ਕਿਹਾ, ''ਕੀ ਤੁਹਾਡੇ ਕੋਲ ਪ੍ਰਮੇਸ਼ੁਰ ਦੇ ਕਾਨੂੰਨ ਤੋਂ ਉੱਤੇ ਕੋਈ ਕਾਨੂੰਨ ਹੈ?''

ਅਤੇ ਤਦ ਉਸੇ ਸਮੇਂ ਪਵਿੱਤਰ ਆਤਮਾ ਛੁਡਾਉਣ ਲਈ ਆ ਗਿਆ, ਉਹ ਇਸਨੂੰ ਬੜੇ ਹੀ ਸੁੰਦਰ ਤਰੀਕੇ ਨਾਲ ਕਰਦਾ ਹੈ। ਤੁਸੀਂ ਉਹਨਾਂ ਗੱਲਾਂ ਨੂੰ ਅਵਚੇਤਨ ਮਨ ਨਾਲ ਹੀ ਕਹਿ ਦਿੰਦੇ ਹੋ ਜਿਹੜੀਆਂ ਤੁਹਾਨੂੰ ਪਤਾ ਵੀ ਨਹੀਂ ਹੁੰਦੀਆਂ ਜੋ ਤੁਸੀਂ ਕਹਿ ਰਹੇ ਹੁੰਦੇ ਹੋ, ਜੇਕਰ ਤੁਸੀਂ ਸਿਰਫ ਪਵਿੱਤਰ ਆਤਮਾ ਨੂੰ ਹੀ ਬੋਲਣ ਦਿੰਦੇ ਹੋ।

ਮੈਂ ਕਿਹਾ, ''ਠੀਕ ਹੈ, ਅੱਛਾ, ਜੇਕਰ ਤੁਸੀਂ ਇਹ ਦਾਵਾ ਕਰਦੇ ਹੋ ਕਿ ਮੈਂ ਇਹਦਾ ਦੇਣਦਾਰ ਹਾਂ,'' ਮੈਂ ਕਿਹਾ, ''ਮੈਂ ਵਧੀਆ ਹੀ ਕਰਾਂਗਾ ਜੋ ਮੈਂ ਕਰ ਸੱਕਦਾ ਹਾਂ।'' ਮੈਂ ਕਿਹਾ, ''ਮੈਂ ਕੋਈ ਛੋਕਰਾ ਜਿਹਾ ਨਹੀਂ ਹਾਂ, ਪਰ ਮੈਂ ਆਪਣੇ ਵਲੋਂ ਭੁਗਤਾਨ ਕਰਨ ਲਈ ਵਧੀਆ ਹੀ ਕਰਾਂਗਾ।'' ਮੈਂ ਕਿਹਾ, ''ਜਿਥੋਂ ਤੱਕ ਮੇਰਾ ਖਿਆਲ ਹੈ, ਮੈਂ ਕਿਸੇ ਦਾ ਵੀ, ਕਿਸੇ ਵੀ ਚੀਜ਼ ਦਾ ਦੇਣਦਾਰ ਨਹੀਂ ਹਾਂ।'' ਮੈਂ ਇਮਾਨਦਾਰ ਬਣੇ ਰਹਿਣ ਦਾ ਯਤਨ ਕੀਤਾ ਹੈ। ਮੈਂ ਹਜਾਰਾਂ ਡਾਲਰਾਂ ਦੇ ਕਰਜੇ ਥੱਲੇ ਚਲਾ ਗਿਆ ਸੀ, ਅਤੇ ਇੱਕ ਡਾਲਰ ਹਫ਼ਤੇ ਦੇ ਹਿਸਾਬ ਨਾਲ ਭੁਗਤਾਨ ਕਰ ਰਿਹਾ ਸੀ। ਪਰ, ਪ੍ਰਮੇਸ਼ੁਰ ਦੀ ਕ੍ਰਿਪਾ ਨਾਲ ਮੈਂ ਇਹਦਾ ਭੁਗਤਾਨ ਕਰ ਦਿੱਤਾ ਸੀ। ਮੈਂ ਕਿਹਾ, ''ਜੇਕਰ ਤੁਸੀਂ ਮੇਰੇ ਉੱਤੇ ਦਾਵਾ ਜਾਂ ਸਿੱਧ ਕਰ ਸੱਕਦੇ ਹੋ ਕਿ ਮੈਂ ਉਹ ਪੈਸਾ ਜਿਹੜਾ ਉਹਨਾਂ ਲੋਕਾਂ ਨੂੰ ਦਿੱਤਾ ਸੀ ਉਹਦਾ ਦੇਣਦਾਰ ਹਾਂ...'' ਅਤੇ ਉਹ ਮੈਨੂੰ ਇਹ ਦਿਖਾਉਣ ਲਈ, ਕਿ ਇਹ ਤਕਰੀਬਨ ਵੀਹ ਹਜਾਰ ਸਨ, ਜਿਹੜੇ ਮੈਂ ਪਿਛਲੇ ਦੱਸ ਸਾਲਾਂ ਤੋਂ ਇਸ ਤਰ੍ਹਾਂ ਦਿੱਤੇ ਸਨ, ਦਿਖਾਉਣ ਲਈ ਅੱਗੇ ਵਧੇ।

ਅਤੇ ਉਸਨੇ ਕਿਹਾ, ''ਟਰਸਟੀ ਇਹਦੇ ਬਾਰੇ ਕੁਝ ਨਹੀਂ ਜਾਣਦੇ ਸਨ।''

ਕਿਹਾ, ''ਇਹਦਾ ਜਾਣਨਾ ਉਹਨਾਂ ਲਈ ਜਰੂਰੀ ਨਹੀਂ ਸੀ,'' ਅਤੇ ਇਸ ਤਰ੍ਹਾਂ ਫਿਰ ਉਹਨੇ ਕਿਹਾ...ਖੈਰ, ਤਦ ਉਸਨੇ ਕਿਹਾ...

73 ਮੈਂ ਕਿਹਾ, ''ਇਹਦੇ ਨਾਲ ਮੈਨੂੰ ਠੇਸ ਪਹੁੰਚਦੀ ਹੈ, ਇਹ ਜਾਣ ਕੇ ਕਿ ਉਹਨਾਂ ਗਰੀਬ

ਬਜ਼ੁਰਗ ਵਿਧਵਾ ਔਰਤਾਂ ਅਤੇ ਅਨਾਥ ਲੋਕਾਂ ਨੂੰ ਵੀ ਟੈਕਸ ਦੇਣਾ ਪਵੇਗਾ ਜਾਂ ਫਿਰ ਉਹਨਾਂ ਨੂੰ ਮਰਨਾ ਪਵੇਗਾ ਕਿ ਉਹ ਸਰਕਾਰ ਦੇ ਕਰਜਾਈ ਹਨ।'' ਮੈਂ ਨਹੀਂ ਜਾਣਦਾ ਸੀ ਕਿ ਮੈਂ ਕੀ ਕਹਿ ਰਿਹਾ ਹਾਂ। ਇਹ ਤਾਂ ਪਿਤਾ ਸੀ ਜੋ ਬੋਲ ਰਿਹਾ ਸੀ, ਅਤੇ ਮੈਂ ਨਹੀਂ ਸੀ ਜਾਣਦਾ।

''ਔਹ,'' ਉਹਨੇ ਕਿਹਾ, ''ਨਹੀਂ, ਉਹਨਾਂ ਨੂੰ ਇਸ ਉੱਤੇ ਟੈਕਸ ਨਹੀਂ ਦੇਣਾ ਪਵੇਗਾ।''

ਮੈਂ ਕਿਹਾ, ''ਉਹਨਾਂ ਨੂੰ ਕਿਉਂ ਨਹੀਂ ਦੇਣਾ ਪਵੇਗਾ?''

ਕਿਹਾ, ''ਤੁਸੀਂ ਦੇਖੋ, ਇਹ ਬਿਨ੍ਹਾਂ ਮੰਗਿਆ ਹੋਇਆ ਦਾਨ ਸੀ।''

ਤਦ ਪਵਿੱਤਰ ਆਤਮਾ ਨੇ ਮੈਨੂੰ ਜਗਾਇਆ, ''ਔਹ,'' ਮੈਂ ਕਿਹਾ,'' ਫਿਰ ਤਾਂ ਬਿਨਾਂ ਮੰਗੇ ਹੋਏ ਦਾਨ ਉੱਤੇ ਟੈਕਸ ਨਹੀ ਲੱਗਦਾ ਹੈ ?''

ਕਿਹਾ, ''ਇਹ ਠੀਕ ਹੈ।''

ਮੈਂ ਕਿਹਾ, ''ਫਿਰ ਤਾਂ ਮੈਂ ਵੀ ਸਰਕਾਰ ਦੀ ਕਿਸੇ ਵੀ ਚੀਜ਼ ਦਾ ਦੇਣਦਾਰ ਨਹੀ ਹਾਂ, ਕਿਉਂਕਿ ਮੈਂ ਆਪਣੀ ਜਿੰਦਗੀ ਵਿੱਚ ਭੇਟ ਕਦੀ ਵੀ ਨਹੀਂ ਲਈ।''

ਤਦ ਫਿਰ ਮੇਰਾ ਪ੍ਰਤੀਨਿਧੀ ਉੱਠ ਖੜ੍ਹਾ ਹੋਇਆ, ਅਤੇ ਉਹਨੇ ਕਿਹਾ, ''ਸ੍ਰੀਮਾਨ ਬ੍ਰਾਨਹਾਮ ਕੀ ਤੁਸੀਂ ਕਰ ਸੱਕਦੇ ਹੋ...

ਮੈਂ ਕਿਹਾ, ''ਮੈਂ ਤੁਹਾਨੂੰ ਇਸ ਗੱਲ ਦਾ ਸਬੂਤ ਦੇਣ ਲਈ ਵਾਸ਼ਿੰਗਟਨ ਵਿੱਚ ਦੱਸ ਲੱਖ ਚਿੱਠੀਆਂ ਵਿਖਾ ਸੱਕਦਾ ਹਾਂ।'' ਮੈਂ ਕਿਹਾ, ''ਮੈਂ ਕਦੀ ਵੀ ਕੋਈ ਭੇਂਟ ਨਹੀਂ ਲਈ।''

ਕਿਹਾ, ''ਪਰ ਜਦੋਂ ਤੁਸੀਂ ਇਹਨਾਂ ਸਭਾਵਾਂ ਵਿੱਚ ਬਾਹਰ ਜਾਂਦੇ ਹੋ, ਉਹ ਪੈਸਾ ਜਿਹੜਾ ਇਹਨਾਂ ਸੇਵਕਾਂ ਦੁਆਰਾ ਲਿਆ ਗਿਆ ਅਤੇ ਇਸਦਾ ਭੁਗਤਾਨ ਕੀਤਾ ਗਿਆ,'' ਕਿਹਾ, ''ਤੁਹਾਨੂੰ ਇਸਦੀ ਕੁਝ ਤਾਂ ਸਮਝ ਹੋਵੇਗੀ ਕਿ ਤੁਹਾਨੂੰ ਕੁਝ ਮਿਲਣ ਜਾ ਰਿਹਾ ਹੈ।''

ਮੈਂ ਕਿਹਾ, ''ਬਿਲਕੁਲ ਵੀ ਨਹੀਂ।''

ਉਸਨੇ ਕਿਹਾ, ''ਤਦ, ਠੀਕ ਹੈ, ਕੀ ਤੁਸੀਂ ਚਿੱਠੀ-ਪੱਤਰ ਰਾਹੀਂ ਮੰਗ ਨਹੀਂ ਕਰਦੇ ਹੋ ?''

ਮੈਂ ਕਿਹਾ, ''ਬਿਲਕੁਲ ਵੀ ਨਹੀਂ।''

ਕਿਹਾ, ''ਤੁਸੀਂ ਆਪਣਾ ਪੈਸਾ ਕਿਸ ਤਰ੍ਹਾਂ ਲੈਂਦੇ ਹੋ?''

74 ਮੈਂ ਕਿਹਾ,'' ਜੋ ਲੋਕ ਮੈਨੂੰ ਭੇਜਦੇ ਹਨ।'' ਇਸ ਵੇਲੇ ਮੇਰਾ ਧਿਆਨ ਉਹਨਾਂ ਲੋਕਾਂ ਵੱਲ ਹੈ ਜਿਹੜੇ ਮੈਨੂੰ ਲਗਾਤਾਰ ਆਪਣਾ ਦਸਵੰਧ ਭੇਜਦੇ ਹਨ। ਮੈਂ ਕਦੀ ਵੀ ਉਹਨਾਂ ਕੋਲੋ ਮੰਗ ਨਹੀਂ ਕੀਤੀ। ਉਹ ਤਾਂ ਬਸ ਇੰਝ ਹੀ ਕਰਦੇ ਹਨ। ਇਹ ਪਵਿੱਤਰ ਆਤਮਾ ਹੈ। ਉਹ ਆਪਣੇ ਲੋਕਾਂ ਦਾ ਧਿਆਨ ਰੱਖਣ ਵਿੱਚ ਸਮਰਥੀ ਹੈ।

ਅਤੇ ਉਹਨੇ ਕਿਹਾ, ''ਅੱਛਾ, ਤਦ, ਸ੍ਰੀਮਾਨ ਬ੍ਰਾਨਹਾਮ,'' ਕਿਹਾ, ''ਕੀ ਤੁਸੀਂ ਇਹਨੂੰ ਸਾਬਿਤ ਕਰ ਸੱਕਦੇ ਹੋ ? ਕੀ ਤੁਸੀਂ ਘੱਟੋਂ-ਘੱਟ ਮੈਨੂੰ ਪਿੱਛਲੇ ਅੱਠ ਜਾਂ ਦਸ ਸਾਲਾਂ ਦੀਆਂ ਚਿੱਠੀਆਂ ਵਿਖਾ ਸੱਕਦੇ ਹੋ ਜਿਹਦੇ ਵਿੱਚ ਤੁਹਾਨੂੰ ਬਿਨਾਂ ਮੰਗਣ ਦੇ ਦਾਨ ਮਿਲਿਆ ਹੋਵੇ ?''

ਮੈਂ ਕਿਹਾ, ''ਜਿੰਨੀਆਂ ਚਾਹੋ ਲੈ ਸੱਕਦੇ ਹੋ।''

ਉਹਨੇ ਕਿਹਾ, ''ਮੈਂ ਹਰ ਸਾਲ ਦੀਆਂ ਤਿੰਨ ਚਿੱਠੀਆਂ ਵੇਖਣੀਆਂ ਚਾਹੁੰਦਾ ਹਾਂ।''

ਮੈਂ ਕਿਹਾ, ''ਠੀਕ ਹੈ, ਤੁਹਾਨੂੰ ਮਿਲ ਜਾਣਗੀਆਂ।''

ਕਿਹਾ, ''ਤਦ ਕੀ ਤੁਸੀਂ ਮੈਨੂੰ ਆਪਣੇ ਡਾਕਖਾਨੇ ਦੀ ਚਾਬੀ ਦੇ ਸੱਕਦੇ ਹੋ, ਅਤੇ ਮੈਨੂੰ... ਆਪਣੀਆਂ ਚਿੱਠੀਆਂ ਦੋ ਜਾਂ ਤਿੰਨ ਦਿਨਾਂ ਲਈ ਸਾਂਭ ਕੇ ਰੱਖਣ ਵਾਸਤੇ ਦੇ ਸੱਕਦੇ ਹੋ, ਅਤੇ ਤਦ ਮੈਂ ਆਪ ਜਾ ਕੇ ਇਹਨੂੰ ਖੋਲ੍ਹਾਂ?''

ਮੈਂ ਕਿਹਾ, ''ਤੁਸੀਂ ਜੋ ਚਾਹੋ ਉਹ ਕਰ ਸਕਦੇ ਹੋ। ਤੁਸੀਂ ਮੇਰੇ ਦਫਤਰ ਵਿੱਚ ਵੀ ਆ ਸੱਕਦੇ ਹੋ।''

ਉਹਨੇ ਕਿਹਾ, ''ਤੁਸੀਂ ਕਿਸ ਤਰ੍ਹਾਂ ਦੀ ਮੰਗ ਕਰਦੇ ਹੋ ?''

ਮੈਂ ਕਿਹਾ, ''ਕਿਸੇ ਵੀ ਤਰ੍ਹਾਂ ਦੀ ਨਹੀਂ।''

''ਤੁਸੀਂ ਚਿੱਠੀਆਂ ਵਿੱਚ ਕੀ ਭੇਜਦੇ ਹੋ ?''

''ਪ੍ਰਾਰਥਨਾ ਦੇ ਕੱਪੜੇ।''

''ਕੀ ਤੁਸੀਂ ਉਹਦੇ ਲਈ ਪੈਸੇ ਲੈਂਦੇ ਹੋ ?''

75 ਮੈਂ ਕਿਹਾ, ''ਆਉ, ਚਿੱਠੀਆਂ ਨੂੰ ਪੜ੍ਹੋ ਜੋ ਮੈਂ ਉਹਨਾਂ ਨੂੰ ਭੇਜਦਾ ਹਾਂ।'' ਇਹੋ ਗੱਲ ਸੀ। ਹੁਣ ਸਰਕਾਰ ਮੈਨੂੰ ਉਸ ਸਾਰੇ ਦਾ ਭੁਗਤਾਨ ਕਰਦੀ ਹੈ ਜੋ ਮੈਂ ਪਿਛਲੇ ਵੀਹ ਸਾਲਾਂ ਵਿੱਚ ਟੈਕਸ ਦਿੱਤਾ ਸੀ। ਦੇਖਿਆ ?

''ਤੁਸੀਂ ਇਹ ਨਾ ਸੋਚਣਾ ਕਿ ਤੁਸੀਂ ਕੀ ਕਹੋਗੇ, ਕਿਉਂਕਿ ਬੋਲਣ ਵਾਲੇ ਤੁਸੀਂ ਨਹੀਂ ਹੋ, ਇਹ ਤਾਂ ਪਿਤਾ ਹੈ ਜੋ ਤੁਹਾਡੇ ਅੰਦਰ ਵਾਸ ਕਰਦਾ ਹੈ, ਜੋ ਬੋਲਦਾ ਹੈ।'' ਦੇਖਿਆ ? ਇਸੇ ਕਰਕੇ ਅਸੀਂ ਵਚਨ ਵਿੱਚ ਅਟੱਲ ਬਣੇ ਰਹਿਣ ਦਾ ਵਿਸ਼ਵਾਸ ਕਰਦੇ ਹਾਂ। ਭਾਵੇਂ ਇਸ ਵਿੱਚ ਲੰਬਾ ਸਮਾਂ ਲੱਗੇ, ਪਰ ਇਹ ਤਾਂ ਠੀਕ ਵਚਨ ਅਨੁਸਾਰ ਹੀ ਕੰਮ ਕਰੇਗਾ।

76 ਹੁਣ, ਇਹੋ ਹੀ ਕਾਰਣ ਹੈ ਕਿ ਅਸੀਂ ਬਾਈਬਲ ਦਾ ਵਿਸ਼ਵਾਸ ਕਰਦੇ ਹਾਂ ਜੋ ਸਾਨੂੰ ਦੱਸਦੀ ਹੈ ਕਿ ਇਸ ਤੋਂ ਪਹਿਲਾਂ ਕਿ ਕਦੇ ਜਗਤ ਬਣਦਾ, ਇਸ ਤੋਂ ਪਹਿਲਾਂ ਕਿ ਇਹ ਹੋਂਦ ਵਿੱਚ ਆਉਂਦਾ, ਪਿਤਾ ਨੇ ਲੇਲੇ ਦੀ ਬਲੀ ਦੇ ਦਿੱਤੀ ਸੀ, ਅਤੇ ਤਦ ਜਦੋਂ ਉਹਨੇ ਮੇਮਣਾ ਕੁਰਬਾਨ ਕੀਤਾ, ਤਾਂ ਉਹਨੇ ਹਰ ਇੱਕ ਆਉਣ ਵਾਲੇ ਬੱਚਿਆਂ ਦੇ ਨਾਮ ਜੀਵਨ ਦੀ ਪੋਥੀ ਵਿੱਚ ਪਾ ਦਿੱਤੇ ਸਨ, ਅਤੇ ਅਸੀਂ ਉਸ ਯੁੱਗ ਤੱਕ ਜੀਵਨ ਜੀਉਂਦੇ ਹਾਂ ਜਦੋਂ ਤੱਕ ਸਾਰਾ ਕੁਝ ਖਤਮ ਨਹੀਂ ਹੋ ਜਾਂਦਾ। ਤੁਸੀਂ ਸਮਝੇ ਮੇਰਾ ਕੀ ਮਤਲਬ ਹੈ ? ਅਨੰਤ ਪ੍ਰਮੇਸ਼ੁਰ ਨੇ ਇਹ ਜਾਣ ਲਿਆ ਸੀ, ਇਸ ਤੋਂ ਪਹਿਲਾਂ ਕਿ ਸੰਸਾਰ ਸ਼ੁਰੂ ਹੁੰਦਾ ਉਹਨੇ ਪ੍ਰੋਗਰਾਮ ਨੂੰ ਵੇਖ ਲਿਆ ਜਿਸ ਤਰ੍ਹਾਂ ਇਹ ਹੋਣ ਵਾਲਾ ਸੀ, ਅਤੇ ਉਹਨੇ ਬਸ ਇਸਨੂੰ ਬਣਾਇਆ ਹੈ।

77 ਹੁਣ ਯਾਦ ਰੱਖੋ, ਇੱਕ ਮਹਾਨ ਸੁਆਮੀ ਉਸਾਰੀ ਕਰਨ ਵਾਲਾ, ਪਿਤਾ, ਹੋਣ ਦੇ ਨਾਤੇ ਜਦੋਂ ਉਹਨੇ ਸੰਸਾਰ ਨੂੰ ਬਣਾਇਆ ਅਤੇ ਇਸ ਵਿੱਚ ਕੈਲਸ਼ੀਅਮ, ਪੋਟਾਸ਼, ਪੈਟ੍ਰੋਲੀਅਮ, ਅਤੇ ਇਹਨਾਂ ਸਾਰੇ ਵੱਖਰੇ- ਵੱਖਰੇ ਤੱਤਾਂ ਨੂੰ ਰੱਖਿਆ ਜੋ ਸਾਡੇ ਸਰੀਰ ਨੂੰ ਬਣਾਉਂਦੇ ਹਨ। ਉਹਨੇ ਇਹਦੇ ਹਰ ਇੱਕ ਅੰਸ਼ ਨੂੰ ਜਾਣ ਲਿਆ ਸੀ ਅਤੇ ਜਾਣਦਾ ਸੀ ਕਿ ਕਿਸ ਤਰ੍ਹਾਂ ਦੀ ਬਣਤਰ ਅਤੇ ਸ਼ਰੀਰ ਕਦੀ ਹੋਵੇਗਾ ਇਸ ਤੋਂ ਪਹਿਲਾਂ ਕਿ ਇਹਦੀ ਰਚਨਾ ਕਦੀ ਕੀਤੀ ਗਈ। ਯਕੀਨਨ। ਉਹ ਇਹਦੀ

ਅਨੰਤ ਮੰਜ਼ਿਲ ਨੂੰ ਜਾਣਦਾ ਸੀ। ਅਤੇ ਉਹ ਜਾਣਦਾ ਸੀ ਕਿ ਕਿਸ ਤਰ੍ਹਾਂ ਦੀਆਂ ਆਤਮਾਵਾਂ ਇਹਨਾਂ ਵਿੱਚ ਨਿਵਾਸ ਕਰਨਗੀਆਂ।

78 ਅਤੇ ਹੁਣ, ਇਸ ਤੋਂ ਪਹਿਲਾਂ ਕਿ ਅਸੀਂ ਉਸ ਵਿਸ਼ੇ ਨੂੰ ਖਤਮ ਕਰੀਏ, ਅਸੀਂ ਅੱਜ ਰਾਤ ਇਹਨੂੰ ''ਸੱਪ ਦੀ ਸੰਤਾਨ'' ਅਤੇ ''ਔਰਤ ਦੀ ਸੰਤਾਨ'' ਵਿੱਚ ਲੈਣਾ ਹੈ, ਅਤੇ ਇਹਨੂੰ ਥੱਲੇ ਤੱਕ ਲੈ ਕੇ ਆਵਾਂਗੇ ਅਤੇ ਤੁਹਾਨੂੰ ਦਿਖਾਵਾਂਗੇ ਕਿ ਇਸ ਤਰ੍ਹਾਂ ਕਿਉਂ ਹੈ। ਦੇਖੋ ਕਿ ਕਿਸ ਤਰ੍ਹਾਂ ਸੱਪ ਦੀ ਉਹ ਸੰਤਾਨ ਅੱਗੇ ਵੱਧਦੀ ਹੈ, ਕਿਸ ਤਰ੍ਹਾਂ ਔਰਤ ਦੀ ਉਹ ਸੰਤਾਨ ਅੱਗੇ ਵੱਧਦੀ ਹੈ; ਕਿਸ ਤਰ੍ਹਾਂ ਸੱਪ ਦੀ ਉਹ ਸੰਤਾਨ ਪ੍ਰਬਲ ਹੁੰਦੀ ਗਈ, ਵੱਧਦੀ ਗਈ, ਅਤੇ ਵੱਧਦੀ ਗਈ, ਵੱਧਦੀ ਗਈ, ਵੱਧਦੀ ਗਈ, ਹੁਣ ਤੱਕ ਵੱਧਦੀ ਗਈ ਜਦੋਂ ਤੱਕ ਕਿ ਕੁਝ ਵੀ ਬਾਕੀ ਨਹੀਂ ਰਹਿ ਗਿਆ ਪਰ ਸਿਰਫ਼ ਜਗਤ ਦੀ ਉਤਪਤੀ ਵੇਲੇ ਲਿਖੇ ਹੋਏ ਥੋੜ੍ਹੇ ਜਿਹੇ ਬਚੇ ਹੋਏ ਨਾਮ ਹੀ ਬਾਕੀ ਰਹਿ ਗਏ ਹਨ।

79 ਪਰ ਜਦੋਂ ਸ਼ਰੀਰ ਬਣ ਗਿਆ ਹੁੰਦਾ ਹੈ, ਅਤੇ ਉਹ ਆਖੀਰ ਵਾਲਾ ਨਾਮ ਜਿਹੜਾ ਪੋਥੀ ਵਿੱਚ ਹੈ ਉਹ ਇੱਥੇ ਧਰਤੀ ਉੱਤੇ ਪਛਾਣ ਲਿਆ ਜਾਵੇਗਾ, ਫੇਰ ਕਿਤਾਬਾਂ ਬੰਦ ਹੋ ਜਾਦੀਆਂ ਹਨ ਕਿਉਂਕਿ ਇਹ ਪੂਰਾ ਹੋ ਜਾਂਦਾ ਹੈ, ਛੁਟਕਾਰੇ ਦੀ ਕਹਾਣੀ ਪੂਰੀ ਤੌਰ ਨਾਲ ਪੜ੍ਹ ਲਈ ਜਾਂਦੀ ਹੈ। ਤਦ ਅਸੀਂ ਦੁਬਾਰਾ ਜੀ ਉੱਠ ਕੇ ਉਹਨੂੰ ਵੇਖਣ ਅਤੇ ਮਿਲਣ ਲਈ ਜਾਂਦੇ ਹਾਂ। ''ਉਹ ਜੋ ਮੇਰਾ ਵਚਨ ਨੂੰ ਸੁਣਦਾ ਅਤੇ ਉਹਦੀ ਪਰਤੀਤ ਕਰਦਾ ਹੈ ਜਿਨ੍ਹੇ ਮੈਨੂੰ ਘੱਲਿਆ ਸਦੀਪਕ ਜੀਉਣ ਉਹ ਦਾ ਹੈ ਅਰ ਉਸ ਉੱਤੇ ਸਜ਼ਾ ਦਾ ਹੁਕਮ ਨਹੀਂ ਹੁੰਦਾ ਸਗੋਂ ਮੌਤ ਤੋਂ ਪਾਰ ਹੋ ਕੇ ਜੀਉਣ ਵਿੱਚ ਜਾ ਪਹੁੰਚਿਆ ਹੈ।''

''ਕੋਈ ਮੇਰੇ ਕੋਲ ਆ ਨਹੀਂ ਸੱਕਦਾ, ਜਦੋਂ ਤੱਕ ਮੇਰਾ ਪਿਤਾ ਹੀ ਉਹਨੂੰ ਨਾ ਖਿੱਚੇ।'' ਇਹ ਨਾ ਤਾਂ ਚਾਹੁਣ ਵਾਲੇ ਦੀ, ਅਤੇ ਨਾ ਹੀ ਦੌੜ੍ਹਨ ਵਾਲੇ ਦੀ, ਪਰ ਕਿਰਪਾ ਦਿਖਾਉਣ ਵਾਲੇ ਪ੍ਰਮੇਸ਼ੁਰ ਦੀ ਗੱਲ ਹੈ।'' ਵਚਨ ਇਸ ਤਰ੍ਹਾਂ ਹੀ ਕਹਿੰਦਾ ਹੈ।

ਇਹ ਉਹ ਨਹੀਂ ਹੈ ਜੋ ਇੱਛਾ ਰੱਖਦਾ ਹੈ ! ਬਹੁਤ ਸਾਰੇ ਲੋਕ ਕਹਿੰਦੇ ਹਨ, ''ਮੈਂ ਕਲੀਸਿਆ ਵਿੱਚ ਸ਼ਾਮਿਲ ਹੋ ਜਾਵਾਂਗਾ। ਮੈਂ ਇੱਕ ਵਧੀਆ ਆਦਮੀ ਬਣਨ ਜਾ ਰਿਹਾ ਹਾਂ। ਮੈਂ ਇਹ ਕਰਾਂਗਾ।'' ਇਹਦਾ ਉਹਦੇ ਨਾਲ ਕੋਈ ਸਬੰਧ ਨਹੀਂ ਹੈ। ਇਹ ਤਾਂ ਕਿਰਪਾ ਦਿਖਾਉਣ ਵਾਲੇ ਪ੍ਰਮੇਸ਼ੁਰ ਦੀ ਗੱਲ ਹੈ।

80 ਹੁਣ, ਤੁਸੀਂ ਵੇਖਦੇ ਹੋ, ਕਿ ਜਦੋਂ ਪ੍ਰਮੇਸ਼ੁਰ ਸ਼ੁਰੂ ਵਿੱਚ... ਪ੍ਰਮੇਸ਼ੁਰ ਦੇ ਸੱਤ ਆਤਮੇ ਹਨ; ਜਿਸ ਤਰ੍ਹਾਂ ਕਿ ਸੱਤਰੰਗੀ ਪੀਂਘ ਵਿੱਚ ਸੱਤ ਰੰਗ ਹੁੰਦੇ ਹਨ। ਅਤੇ ਕੀ ਤੁਸੀਂ ਕਦੇ ਇਹਦੇ ਉੱਤੇ ਧਿਆਨ ਦਿੱਤਾ ਹੈ ? ਸ਼ੀਸ਼ੇ ਦਾ ਤ੍ਰਿਕੋਣਾ ਟੁਕੜਾ ਪ੍ਰਕਾਸ਼ ਦੇ ਸੱਤ ਰੰਗਾਂ ਨੂੰ ਪ੍ਰਤੀਬਿੰਬ ਕਰਦਾ ਹੈ। ਕੀ ਤੁਸੀਂ ਕਦੀ ਇਹਦੀ ਕੋਸ਼ਿਸ਼ ਕੀਤੀ ਹੈ ? ਤੁਸੀਂ ਸ਼ੀਸ਼ੇ ਦਾ ਤ੍ਰਿਕੋਣਾ ਟੁਕੜਾ ਰੱਖ ਦਿਉ, ਭਾਵੇਂ ਇਹ ਸ਼ੀਸ਼ੇ ਦਾ ਇੱਕੋ ਹੀ ਟੁਕੜਾ ਹੈ, ਪਰ ਫਿਰ ਵੀ ਤਿੰਨੇ ਨੁੱਕਰਾਂ ਸੱਤ ਰੰਗਾਂ ਨੂੰ ਪ੍ਰਤੀਬਿੰਬ ਕਰਨਗੀਆਂ। ਇਸੇ ਹੀ ਤਰ੍ਹਾਂ ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ ਇੱਕ ਹੁੰਦੇ ਹੋਏ ਪ੍ਰਮੇਸ਼ੁਰ ਦੇ ਸੱਤ ਆਤਮਿਕ ਗੁਣਾਂ ਨੂੰ ਪ੍ਰਤੀਬਿੰਬ ਕਰਦੇ ਹਨ।

81 ਅਤੇ, ਤਦ, ਪ੍ਰਮੇਸ਼ੁਰ ਦੀ ਪਹਿਲੀ ਮਹਾਨ ਆਤਮਾ, ਜੋ ਕਿ ਪ੍ਰੇਮ ਹੈ। ਪ੍ਰਮੇਸ਼ੁਰ ਮਹਾਨ ਮੇਘ ਧਨੁੱਖ ਦੀ ਤਰ੍ਹਾਂ ਹੈ। ਅਸੀਂ ਇਹਦੀ ਕਲਪਨਾ ਨਹੀਂ ਕਰ ਸੱਕਦੇ ਕਿ ਉਹ ਕਿਸ ਤਰ੍ਹਾਂ ਦਾ ਵਿਖਾਈ ਦਿੰਦਾ ਹੈ। ਪਰ ਉਹ ਬਸ ਮੇਘ ਧਨੁੱਖ ਵਰਗਾ ਵਿਖਾਈ ਦਿੰਦਾ ਹੈ। ਉਹ ਆਤਮਾਵਾਂ ਮੇਘ ਧਨੁੱਖ ਵਰਗੀਆਂ ਵਿਖਾਈ ਦਿੰਦੀਆਂ ਹਨ। ਪਿਆਰ ਦੀ ਸਿੱਧ ਆਤਮਾ *ਲਾਲ* ਹੈ। *ਨੀਲਾ,*

ਸੰਗਤੀ ਦਾ ਸਿੱਧ ਆਤਮਾ ਹੈ। ਬਸ ਉਹ ਸਾਰੇ ਦੇ ਸਾਰੇ ਸਿੱਧ ਆਤਮੇ ਹਨ ! ਅਤੇ ਫਿਰ ਕ੍ਰਮ ਅਨੁਸਾਰ ਹੇਠਾਂ ਨੂੰ ਆਉਂਦੇ ਹਨ। ਅਤੇ ਉਹ ਇੱਕ-ਇੱਕ *ਫੀਲਿਓ* ਪਿਆਰ ਜਾਂ... *ਅਗਾਪੇ* ਪਿਆਰ ਤੋਂ *ਫੀਲਿਓ* ਪਿਆਰ ਤੱਕ, ਅਤੇ ਹੇਠਾਂ ਨੂੰ ਲਾਲਸਾ ਤੱਕ, ਅਤੇ ਸਭ ਤੋਂ ਹੇਠਾਂ ਤੱਕ ਚਲੇ ਆਉਂਦੇ ਹਨ।

ਅਤੇ ਤਦ ਪ੍ਰਮੇਸ਼ੁਰ ਖੁਦ ਇਨਸਾਨ ਅਰਥਾਤ ਯਿਸੂ ਬਣ ਗਿਆ ਅਤੇ ਉਹ ਠੀਕ ਉਸੇ ਤਰ੍ਹਾਂ ਨਰਕ ਦੀ ਸੱਭ ਤੋਂ ਹੇਠਾਂ ਦੀ ਪਰਤ ਤੱਕ ਉਤਰ ਆਇਆ, ਅਤੇ ਉਹਨਾਂ ਨੂੰ ਬਾਹਰ ਕੱਢਿਆ ਜਿਨ੍ਹਾਂ ਨੂੰ ਉਹਨੇ ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ ਹੀ ਜਾਣ ਲਿਆ ਸੀ, ਜਿਨ੍ਹਾਂ ਦੇ ਨਾਮ ਪੋਥੀ ਵਿੱਚ ਲਿਖੇ ਹੋਏ ਸਨ, ਅਤੇ ਉਹਨਾਂ ਨੂੰ ਛੁਡਾ ਕੇ ਆਪਣੇ ਕੋਲ ਲੈ ਆਇਆ। ਇੱਥੇ ਤੁਸੀਂ ਹੋ। ਛੁਟਕਾਰੇ ਦੀ ਕਹਾਣੀ ਉਦੋਂ ਤੱਕ ਪੂਰੇ ਤੌਰ ਨਾਲ ਨਹੀਂ ਜਾਣੀ ਜਾ ਸੱਕਦੀ ਜਦੋਂ ਤੱਕ ਅਸੀਂ ਉਹਨੂੰ ਵੇਖ ਨਾ ਲਈਏ ਅਤੇ ਉਹਦੀ ਸਮਾਨਤਾ ਵਿੱਚ ਖੜ੍ਹੇ ਨਾ ਹੋ ਜਾਈਏ।

82 ਹੁਣ, ਇਸੇ ਕਰਕੇ ਅਸੀਂ ਇੱਕ ਜੱਥੇਬੰਦੀ ਨਹੀਂ ਹਾਂ। ਇਸੇ ਕਰਕੇ ਅਸੀਂ ਸਹਿ... ਨਹੀਂ ਕਰਦੇ... ਅਸੀਂ ਹਰੇਕ ਗਤੀਵਿਧੀ ਵਿੱਚ ਸਹਿਯੋਗ ਕਰ ਸੱਕਦੇ ਹਾਂ ਜੋ ਪ੍ਰਮੇਸ਼ੁਰ ਲਈ ਕੀਤੀ ਜਾਂਦੀ ਹੈ। ਪਰ ਇਸੇ ਲਈ ਅਸੀਂ ਇੱਕ ਜੱਥੇਬੰਦੀ ਨਹੀਂ ਹਾਂ। ਹੁਣ, ਜੱਥੇਬੰਦੀਆਂ ਵਿੱਚੋਂ ਹੀ ਝੂਠੀਆਂ ਗੱਲਾਂ ਨਿੱਕਲ ਕੇ ਆਉਂਦੀਆਂ ਹਨ।

83 ਹੁਣ, ਜਿਵੇਂ ਮੈਂ ਕਿਹਾ, ਮੈਂ ਜੋਰ ਨਾਲ ਸੱਟ ਮਾਰ ਰਿਹਾ ਹਾਂ, ਕਿਉਂਕਿ ਮੈਂ ਇਹਨੂੰ ਪੱਕਾ ਕਰ ਦੇਣਾ ਚਾਹੁੰਦਾ ਹਾਂ। ਹੁਣ, ਕਿਤੇ ਬਾਹਰ ਕਿਸੇ ਹੋਰ ਦੀ ਕਲੀਸਿਆ ਵਿੱਚ ਤਾਂ ਮੈਂ ਇਹਨਾਂ ਗੱਲਾਂ ਬਾਰੇ ਸੋਚਾਂਗਾ ਵੀ ਨਹੀਂ। ਮੈਂ ਇੱਕ ਮਸੀਹੀ ਅਤੇ ਜਿਆਦਾ ਭਰਾ ਹੀ ਬਣਿਆ ਰਿਹਾ ਹਾਂ ਸਿਰਫ ਇਸ ਲਈ ਕਿ ਮੈਂ ਉਹਨਾਂ ਮਹਾਨ ਸਿੱਖਿਆਵਾਂ ਉੱਤੇ, ਜਿਨ੍ਹਾਂ ਉੱਤੇ ਅਸੀਂ ਸਾਰੇ ਸਹਿਮਤ ਹਾਂ, ਸਥਿਰ ਬਣਿਆ ਰਹਾਂ। ਸਮਝੇ? ਪਰ, ਇਹ ਸਿਰਫ... ਇਹ ਸਿਰਫ ਇਸ ਤਰ੍ਹਾਂ ਹੈ, ਕਿ ਅਸੀਂ ਧੋਖੇਬਾਜੀ ਨੂੰ ਨਹੀਂ ਚਾਹੁੰਦੇ ਹਾਂ।

84 ਕੱਲ ਸਵੇਰ ਮੈਂ ਇੱਕ ਜਵਾਨ ਮੁੰਡੇ ਨਾਲ ਗੱਲ ਕਰ ਰਿਹਾ ਸੀ, ਜਿੱਥੇ ਮੈਂ ਕੱਲ ਸਵੇਰ ਕੰਨਟੈਕੀ ਦੇ ਪਹਾੜਾਂ ਦੇ ਹੇਠਲੇ ਪਾਸੇ ਗਿਲਹਰੀਆਂ ਦਾ ਸ਼ਿਕਾਰ ਕਰ ਰਿਹਾ ਸੀ। ਅਤੇ ਮੈਂ ਜੰਗਲ ਵਿੱਚ ਲੱਗੇ ਹੋਏ ਛੋਟੇ ਖੰਭੇ ਦੇ ਚਿੰਨ੍ਹ ਵੱਲ ਧਿਆਨ ਨਹੀਂ ਦਿੱਤਾ ਸੀ, ਅਤੇ ਮੈਂ ਦੂਸਰੇ ਪਾਸੇ ਬੈਠਾ ਹੋਇਆ ਸੀ। ਅਤੇ ਮੈਂ ਸੋਚਿਆ ਸੀ ਕਿ ਇੱਥੇ ਇਹ ਭਾਈ ਬੈਂਕਸ ਹੈ, ਜੋ ਜੰਗਲ ਵਿੱਚੋਂ ਆ ਰਿਹਾ ਸੀ। ਅਤੇ ਉਹ ਜਵਾਨ ਮੁੰਡਾ ਵੀ ਉਸੇ ਖੇਤਰ ਵਿੱਚ ਗਿਲਹਰੀਆਂ ਦਾ ਸ਼ਿਕਾਰ ਕਰ ਰਿਹਾ ਸੀ, ਅਤੇ ਮੈਂ ਉਹਨੂੰ ਆਉਂਦੇ ਹੋਏ ਵੇਖ ਲਿਆ ਸੀ, ਅਤੇ ਮੈਂ ਉਸ ਜਵਾਨ ਮੁੰਡੇ ਵੱਲ ਸੀਟੀ ਵਜਾਈ। ਮੈਂ ਸੋਚਿਆ ਕਿ ਇਹ ਭਾਈ ਬੈਂਕਸ ਵੁੱਡਸ ਹੈ, ਉਹਦੇ ਵਾਂਙੂ ਹੀ ਕੱਪੜੇ ਪਾਏ ਹੋਏ ਸਨ। ਉਹ ਇੱਧਰ-ਉੱਧਰ ਮੁੜਿਆ ਅਤੇ ਵੇਖਿਆ ਕਿ ਇਹ ਭਾਈ ਬੈਂਕਸ ਵੁੱਡਸ ਨਹੀਂ ਸੀ।

ਅਤੇ ਭਾਈ ਵੁੱਡਸ ਨੇ ਮੈਨੂੰ ਦੱਸਿਆ ਕਿ ਉੱਥੇ ਉੱਪਰ ਇੱਕ ਸਥਾਨ ਹੈ ਜਿੱਥੇ ਚੌਂਕੀ ਬਣੀ ਹੋਈ ਸੀ। ਅਤੇ ਮੈਂ ਇਹ ਨਹੀਂ ਜਾਣਦਾ ਸੀ। ਉੱਥੇ ਕੋਈ ਸੀਮਾ-ਰੇਖਾ ਨਹੀਂ ਸੀ; ਉਹ ਤਾਂ ਬਸ ਜੰਗਲ ਹੀ ਸੀ। ਅਤੇ ਮੈਨੂੰ ਕਿਸ ਤਰ੍ਹਾਂ ਪਤਾ ਲੱਗੇਗਾ ਕਿ ਕਿਹੜਾ ਹਿੱਕਰੀ ਦਾ ਦਰਖ਼ਤ ਕਿਹੜੇ ਪਾਸੇ ਦਾ ਹੈ ? ਸੋ ਮੈਂ ਉੱਥੇ ਬੈਠਾ ਹੋਇਆ ਗਿਲਹਰੀਆਂ ਦੀ ਆਵਾਜ਼ ਸੁਣ ਰਿਹਾ ਸੀ। ਅਤੇ ਮੈਂ ਇਸ ਬਾਰੇ ਸੋਚ ਰਿਹਾ ਸੀ ਕਿ, "ਅੱਛਾ, "ਅੱਜ ਰਾਤ ਮੈਂ ਘਰ ਜਾਵਾਂਗਾ ਅਤੇ ਸੰਗਤੀ ਨੂੰ ਸ਼ੁਰੂ

ਕਰਾਂਗਾ। ਮੈਂ ਫੇਰ ਕੰਮ ਵਿੱਚ ਲੱਗ ਜਾਵਾਂਗਾ।'' ਅਤੇ ਮੀਂਹ ਪੈਣਾ ਸ਼ੁਰੂ ਹੋ ਗਿਆ, ਅਤੇ ਤੂਫ਼ਾਨ ਚੱਲਣ ਲੱਗਾ।

85 ਅਤੇ ਮੈਂ ਇਸ ਆਦਮੀ ਨੂੰ ਵੇਖਿਆ, ਅਤੇ ਉਹਦੇ ਨਾਲ ਗੱਲ ਕੀਤੀ।ਉੱਥੇ ਉੱਪਰ ਗਿਆ ਅਤੇ ਪਤਾ ਲੱਗਾ ਕਿ ਮੈਂ ਉਹਦੀ ਜ਼ਮੀਨ ਉੱਤੇ ਸੀ। ਸਮਝੇ? ਅਤੇ ਮੈਂ ਉਹਦੇ ਨਾਲ ਗੱਲਾਂ ਕੀਤੀਆਂ। ਉਹਨੇ ਕਿਹਾ, ''ਓਹ, ਇਹ ਬਿਲਕੁਲ ਠੀਕ ਹੈ।'' ਉਹਨੇ ਕਿਹਾ, ''ਮੇਰੇ, ਤੁਸੀਂ ਬਸ ਜਿੱਥੇ ਚਾਹੁੰਦੇ ਹੋ ਉੱਥੋਂ ਸ਼ਿਕਾਰ ਕਰੋ।'' ਅਤੇ ਮੈਂ ਕਿਹਾ, ਅੱਛਾ... ਉਹਨੇ ਕਿਹਾ, ''ਤੁਸੀਂ ਮੇਰੇ ਇਲਾਕੇ ਵਿੱਚ ਨਹੀਂ ਸੀ। ਤੁਸੀਂ ਉਸ ਹਿਕਰੀ ਦੇ ਦਰਖ਼ਤ ਦੇ ਪਿਛਲੇ ਪਾਸੇ ਸੀ।'' ਕਿਹਾ, ''ਹਿਕਰੀ ਦੇ ਦਰਖ਼ਤ ਦੇ ਇਸ ਪਾਸੇ ਮੇਰਾ ਇਲਾਕਾ ਹੈ। ਪਰ, ਕਿਹਾ, ''ਭਾਈ ਬ੍ਰਾਨਹਾਮ ਇਹਦਾ ਕੋਈ ਮਤਲਬ ਨਹੀਂ ਹੈ। ਤੁਸੀਂ ਜਿੱਥੇ ਮਰਜ਼ੀ ਸ਼ਿਕਾਰ ਕਰੋ। ਤੁਸੀਂ ਮੇਰੇ ਘਰ ਆਉ। ਮੇਰੇ ਡੈਡੀ ਤੁਹਾਨੂੰ ਵੇਖਣਾ ਚਾਹੁਣਗੇ।'' ਸਮਝੇ ? ਅਤੇ ਮੈਂ ਕਿਹਾ, ''ਅੱਛਾ...''

ਅਸੀਂ ਬਾਈਬਲ ਬਾਰੇ ਗੱਲਾਂ ਕਰਨ ਲੱਗੇ। ਫਿਰ ਜਦੋਂ ਸ਼ਿਕਾਰ ਦੇ ਵਿਸ਼ੇ 'ਤੇ ਗੱਲ ਚੱਲ ਰਹੀ ਸੀ, ਤਾਂ ਉਹਨੇ ਇਹ ਕਿਹਾ, ਉਹਨੇ ਕਿਹਾ, ''ਭਾਈ ਬ੍ਰਾਨਹਾਮ, ਇੱਥੇ ਕੋਈ ਵੀ ਇਸ ਗੱਲ ਦੀ ਪ੍ਰਵਾਹ ਨਹੀਂ ਕਰਦਾ, ਕਿ ਕੌਣ ਕਿੱਥੇ ਸ਼ਿਕਾਰ ਕਰ ਰਿਹਾ ਹੈ। ਪਰ, ਕਿਹਾ, ''ਇੱਕ ਦਿਨ ਮੇਰੇ ਡੈਡੀ ਇੱਥੇ ਬਾਹਰ ਸਨ ਅਤੇ ਕੁਝ ਸ਼ਹਿਰ ਦੇ ਸ਼ਿਕਾਰੀ ਬਾਹਰ ਨਿੱਕਲ ਕੇ ਆਏ ਅਤੇ ਉਹਨਾਂ ਨੇ ਉਹਦੀ ਇੱਕ ਭੇਡ ਮਾਰ ਦਿੱਤੀ ਸੀ, ਜਿਹਦਾ ਭਾਰ ਸੱਠ ਜਾਂ ਸੱਤਰ ਪੌਂਡ ਸੀ। ਅਤੇ ਉਹਨੇ ਉਸ ਆਦਮੀ ਉੱਤੇ ਰੌਲਾ ਪਾਇਆ, ਅਤੇ ਉਸ ਆਦਮੀ ਨੇ ਬੰਦੂਕ ਨਾਲ ਉਸ ਉੱਤੇ ਗੋਲੀ ਚਲਾ ਦਿੱਤੀ।'' ਉਹਨੇ ਕਿਹਾ, ''ਇਹੋ ਗੱਲ ਜੋ ਇਸਨੂੰ ਬੁਰਾ ਬਣਾਉਂਦੀ ਹੈ।'' ਕਿਹਾ, ''ਅਸੀਂ ਸ਼ਿਕਾਰ ਦੀ ਪ੍ਰਵਾਹ ਨਹੀਂ ਕਰਦੇ ਹਾਂ।''

86 ਅੱਛਾ, ਬਿਲਕੁਲ ਠੀਕ ਇਹੋ ਗੱਲ ਹੈ, ਜਿਹਦੇ ਬਾਰੇ ਵਿੱਚ ਮੈਂ ਗੱਲਾਂ ਕਰ ਰਿਹਾ ਹਾਂ। ਮੈਂ ਇਹਦੀ ਪ੍ਰਵਾਹ ਨਹੀਂ ਕਰਦਾ ਹਾਂ, ਕਿ ਤੁਸੀਂ ਕਿਹੜੀ ਜੱਥੇਬੰਦੀ ਦੇ ਹੋ, ਪਰ ਤੁਸੀਂ ਬਾਈਬਲ ਅਤੇ ਪਵਿੱਤਰ ਆਤਮਾ ਦੇ ਨਾਲ ਬਣੇ ਰਹੋ। ਇਹ ਤੁਹਾਡੀ ਜੱਥੇਬੰਦੀ ਨਹੀਂ ਹੈ, ਜਿਹਦੇ ਲਈ ਅਸੀਂ ਚਿੰਤਾ ਵਿੱਚ ਹਾਂ; ਪਰ ਜਿਵੇਂ ਹੀ ਤੁਸੀਂ ਕਿਸੇ ਇੱਕ ਜੱਥੇਬੰਦੀ ਦੇ ਮੈਂਬਰ ਹੁੰਦੇ ਹੋ ਇਸੇ ਹੀ ਤਰ੍ਹਾਂ ਦੂਸਰੀ ਦੇ ਹੁੰਦੇ ਹੋ। ਪਰ, ਇਹ ਤਾਂ ਬਾਈਬਲ ਨਾਲ ਖੜ੍ਹੇ ਰਹਿਣ ਜਾਂ ਮਨੁੱਖ ਦੇ ਬਣਾਏ ਹੋਏ ਅਕੀਦਿਆ ਨੂੰ ਕਬੂਲ ਦੀ ਗੱਲ ਹੈ। ਤੁਸੀਂ ਬਾਈਬਲ ਨਾਲ ਹੀ ਖੜ੍ਹੇ ਰਹੋ।

87 ਹੁਣ, ਉਹ ਜੱਥੇਬੰਦੀ ਨੂੰ ਅੱਗੇ ਲੈ ਕੇ ਆਏ, ਜੋ ਕਿ ਗਲਤ ਸੀ। ਹੁਣ, ਅਗਲੀ ਚੀਜ਼ ਜਿਹੜੀ ਉਹ ਅੱਗੇ ਲੈ ਕੇ ਆਏ ਜੋ ਕਿ ਗਲਤ ਸੀ, ਅਤੇ ਉਹ ਪਾਣੀ ਦਾ ਬਪਤਿਸਮਾ ਸੀ। ਜਦੋਂ ਕਿ ਬਾਈਬਲ ਵਿੱਚ ਸਿਖਾਇਆ ਗਿਆ ਹੈ, ਕਿ ਪਾਣੀ ਵਿੱਚ ਹੋਣ ਵਾਲਾ ਬਪਤਿਸਮਾ ਡੁਬਕੀ ਦੇ ਰਾਹੀਂ ਹੀ ਹੁੰਦਾ ਹੈ। ਪਰ ਕੈਥੋਲਿਕ ਕਲੀਸਿਆ ਪਾਣੀ ਦੇ ਛਿੜਕਾਉ ਜਾਂ ਪਾਣੀ ਦੇ ਡੋਲ੍ਹੇ ਜਾਣ ਨੂੰ ਨਾਲ ਲੈ ਕੇ ਆਈ। ਅਤੇ ਬਾਈਬਲ ਵਿੱਚ ਪਾਣੀ ਦੇ ਛਿੜਕਾਉ ਜਾਂ ਪਾਣੀ ਦੇ ਡੋਹਲੇ ਜਾਣ ਦੇ ਸਮਰਥਨ ਵਿੱਚ ਕੋਈ ਵੀ ਲੇਖ ਨਹੀਂ ਹੈ। ਬਾਈਬਲ ਵਿੱਚ ਕਿਤੇ ਵੀ ਕੋਈ ਇਸ ਤਰ੍ਹਾਂ ਦੀ ਜਗ੍ਹਾ ਨਹੀਂ ਪਾਈ ਜਾਂਦੀ। ਇਹ ਤਾਂ ਪਾਣੀ ਵਿੱਚ ਡੋਬਣ ਨਾਲ ਹੀ ਹੁੰਦਾ ਹੈ।

88 ਠੀਕ ਹੈ, ਇਹਦੇ ਬਾਦ ਇਹ ਗੱਲ ਹੈ, ਕਿ ਲੂਥਰਨ ਕਲੀਸਿਆ ਤਾਂ ਕੈਥੋਲਿਕ ਕਲੀਸਿਆ ਵਿੱਚੋਂ ਹੀ ਬਾਹਰ ਨਿੱਕਲ ਕੇ ਆਈ, ਅਤੇ ਉਹ ਆਪਣੇ ਨਾਲ ਪਾਣੀ ਦੇ ਡੋਲ੍ਹੇ ਜਾਣ ਨੂੰ ਲੈ ਕੇ

ਆਈ। ਅਤੇ ਉਸਦੇ ਬਾਦ ਐਂਗਲੀਕਨ ਕਲੀਸਿਆ, ਅਤੇ ਹੋਰ ਦੂਸਰੀਆਂ ਕਲੀਸਿਆਵਾਂ ਆਈਆਂ, ਅਤੇ ਉਸੇ ਤਰ੍ਹਾਂ ਅੱਗੇ ਵੱਧਦੀਆਂ ਗਈਆਂ।

ਤਦ, ਥੋੜ੍ਹੇ ਸਮੇਂ ਬਾਦ ਬੈਪਟਿਸਟ ਅੰਦਰ ਆਏ, ਅਤੇ ਕੈਂਮਬੇਲਾਈਟ ਅੰਦਰ ਆਏ, ਕਿ ਦੁਬਾਰਾ ਡੁਬਕੀ ਵੱਲ ਵਾਪਿਸ ਮੁੜ ਜਾਣ। ਅੱਛਾ, ਸ਼ੈਤਾਨ ਨੇ ਇਹਨੂੰ ਵੇਖ ਲਿਆ, ਅਤੇ ਇਸ ਲਈ ਉਹਨੇ ਉਹਨਾਂ ਨੂੰ ਇੱਕ ਝੂਠਾ ਨਾਮ ਦੇ ਦਿੱਤਾ, ਜਿਸ ਵਿੱਚ ਉਹ ਡੁਬਕੀ ਦਾ ਬਪਤਿਸਮਾ ਦੇਣ। ਅਤੇ ਉਹਨਾਂ ਨੇ ਬਪਤਿਸਮੇ ਲਈ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਦਾ ਪ੍ਰਯੋਗ ਕਰਨਾ ਸ਼ੁਰੂ ਕਰ ਦਿੱਤਾ। ਬਾਈਬਲ ਵਿੱਚ ਵਚਨ ਦਾ ਇੱਕ ਵੀ ਇਸ ਤਰ੍ਹਾਂ ਦਾ ਲੇਖ ਨਹੀਂ ਹੈ, ਜਿੱਥੇ ਕਦੀ ਕਿਸੇ ਨੂੰ ''ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ'' ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ ਹੋਵੇ। ਅਤੇ ਜੋ ਕੋਈ ਵੀ ਇਹਦੀ ਸਿੱਖਿਆ ਦਿੰਦਾ ਹੈ, ਉਹ ਇੱਕ ਝੂਠਾ ਉਸਤਾਦ ਹੈ। ਮੈਂ ਤੁਹਾਨੂੰ ਇਹ ਗੱਲ ਇਸ ਲਈ ਦੱਸ ਦਿੱਤੀ ਹੈ, ਕਿ ਇਹ ਗੱਲ ਤੁਹਾਡੇ ਲਈ ਪੱਕੀ ਹੋ ਜਾਵੇ।

89 ਹੁਣ, ਜੇਕਰ ਤੁਸੀਂ ਸੋਚਦੇ ਹੋ ਕਿ ਇਹ ਸਹੀ ਨਹੀਂ ਹੈ, ਤਾਂ ਮੈਂ ਚਾਹੁੰਦਾ ਹਾਂ ਕਿ ਆਪਣਾ ਪ੍ਰਸ਼ਨ ਮੈਨੂੰ ਇਸ ਮੰਚ ਉੱਤੇ ਵਿਖਾਉ। ਜੇਕਰ ਤੁਸੀਂ ਮੈਨੂੰ ਬਾਈਬਲ ਵਿੱਚੋਂ ਕੋਈ ਇੱਕ ਵੀ ਜਗ੍ਹਾ ਵਿਖਾ ਸੱਕਦੇ ਹੋ, ਜਿੱਥੇ ਕਦੀ ਕਿਸੇ ਆਦਮੀ ਨੂੰ ''ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ'' ਦੇ ਨਾਂ ਵਿੱਚ ਬਪਤਿਸਮਾ ਦਿੱਤਾ ਗਿਆ ਹੋਵੇ, ਤਾਂ ਮੈਂ ਆਪਣੀ ਪਿੱਠ ਉੱਤੇ ਇੱਕ ਤੱਖਤੀ ਟੰਗ ਲਵਾਂਗਾ, ਜਿਸ ਉੱਤੇ ''ਝੂਠਾ ਪ੍ਰਚਾਰਕ'' ਲਿਖਿਆ ਹੋਵੇਗਾ; ਅਤੇ ਮੈਂ ਗਲੀਆਂ ਵਿੱਚ ਉੱਪਰ-ਥੱਲੇ ਜਾ-ਜਾ ਕੇ ਆਪਣੇ ਹੱਥਾਂ ਨੂੰ ਚੁੱਕ ਕੇ ਆਪਣੀ ਪੂਰੀ ਆਵਾਜ਼ ਨਾਲ ਰੌਲਾ ਪਾ ਕੇ ਕਹਾਂਗਾ, ''ਇੱਕ ਝੂਠਾ ਪ੍ਰਚਾਰਕ!''

ਬਾਈਬਲ ਵਿੱਚ ਇਸ ਤਰ੍ਹਾਂ ਦੀ ਕੋਈ ਗੱਲ-ਬਾਤ ਨਹੀਂ ਹੈ। ਇਹ ਕਿੱਥੋ ਆਈ ਸੀ ? ਹੁਣ ਆਉ ਪਿਛਾਂਹ ਨੂੰ ਚੱਲੀਏ। ਇਹ ਬਾਈਬਲ ਵਾਲਾ ਪੱਖ ਹੈ। ਇਹਨੂੰ ਵੇਖਣ ਲਈ ਤੁਹਾਨੂੰ ਇਤਹਾਸ ਦੇਖਣਾ ਪਵੇਗਾ। ਕੈਥੋਲਿਕ ਬਹੁਤ ਸਾਰੇ ਦੇਵੀ-ਦੇਵਤਿਆਂ ਵਿੱਚ ਵਿਸ਼ਵਾਸ ਕਰਦੇ ਹਨ, ਅਤੇ ਉਹਨਾਂ ਨੇ ਇੱਕ ਸੱਚੇ ਪ੍ਰਮੇਸ਼ੁਰ ਨੂੰ ਤਿੰਨ ਵੱਖਰੇ- ਵੱਖਰੇ ਪ੍ਰਮੇਸ਼ੁਰਾਂ ਵਿੱਚ ਵੰਡ ਦਿੱਤਾ ਸੀ।

90 ਅਤੇ ਮੇਰੀ ਸੁਣੋ। ਕਿਸੇ ਦੂਸਰੇ ਦਿਨ ਉਸ ਮਹਾਨ ਵਿਅਕਤੀ ਦੇ ਸਬੰਧ ਵਿੱਚ, ਜਿਹਨੂੰ ਅਸੀਂ ਪ੍ਰਮੇਸ਼ੁਰ ਦਾ ਸੇਵਕ ਕਰਕੇ ਜਾਣਦੇ ਹਾਂ; ਅਰਥਾਤ ਬਿਲੀ ਗ੍ਰਾਹਮ ਦੇ ਸਬੰਧ ਵਿੱਚ ਅਖ਼ਬਾਰ ਵਿੱਚ ਕਿੰਨੀ ਭਿਆਨਕ ਗੱਲ ਸੀ। ਸਾਡੇ ਕੋਲ ਉਹ ਟਿੱਪਣੀ ਹੈ। ਭਾਈ ਬੀਲਰ, ਉੱਥੇ ਹਨ, ਇਹ ਉਹਨਾਂ ਕੋਲ ਹੈ। ਜਦੋਂ *ਕਿਸੇ* ਵਿਅਕਤੀ ਨੇ ਬਿਲੀ ਗ੍ਰਾਹਮ ਕੋਲੋਂ ਇਹ ਪੁੱਛਿਆ ਸੀ, ਕਿ ''ਤਿੰਨਾਂ ਪ੍ਰਮੇਸ਼ੁਰਾਂ ਦੇ ਵਿਸ਼ੇ ਵਿੱਚ ਸੱਭ ਤੋਂ ਵੱਡੀ ਵਿਰੋਧੀ ਕਿਹੜੀ ਗੱਲ ਸੀ ? ਕੀ ਤਿੰਨ ਪ੍ਰਮੇਸ਼ੁਰ ਸਨ, ਕੀ ਸਚਮੁੱਚ ਤਿੰਨ ਪ੍ਰਮੇਸ਼ੁਰ ਸਨ ? ਜਾਂ ਇਹ ਕਿਸ ਤਰ੍ਹਾਂ ਸੀ ? ਇੱਕ ਸਥਾਨ ਉੱਤੇ ਤਾਂ ਇਸ ਤਰ੍ਹਾਂ ਲੱਗਦਾ ਹੈ, ਕਿ ਤਿੰਨ ਪ੍ਰਮੇਸ਼ੁਰ ਹਨ। ਇੱਕ ਸਥਾਨ ਉੱਤੇ ਇਸ ਤਰ੍ਹਾਂ ਲੱਗਦਾ ਹੈ, ਕਿ ਨਹੀਂ ਸੀ...'' ਬਿਲੀ ਗ੍ਰਾਹਮ ਨੇ ਕਿਹਾ, ''ਇਹ ਪ੍ਰਗਟ ਨਹੀਂ ਹੋਇਆ ਹੈ। ਕੋਈ ਵੀ ਇਹਨੂੰ ਨਹੀਂ ਜਾਣ ਸੱਕਦਾ ਹੈ।'' ਓਹ !

91 ਜੇਕਰ ਪ੍ਰਮੇਸ਼ੁਰ ਤਿੰਨ ਹੀ ਹਨ, ਤਾਂ ਫਿਰ ਅਸੀਂ ਮੂਰਤੀਪੂਜਕ ਹੀ ਹਾਂ। ਜਿਸ ਤਰ੍ਹਾਂ ਕਿ ਯਹੂਦੀ ਨੇ ਕਿਹਾ ਸੀ, ''ਉਹਨਾਂ ਵਿੱਚੋਂ ਕਿਹੜਾ ਤੁਹਾਡਾ ਪ੍ਰਮੇਸ਼ੁਰ ਹੈ ? ਕੀ ਪਿਤਾ ਤੁਹਾਡਾ

ਪ੍ਰਮੇਸ਼ੁਰ ਹੈ ? ਕੀ ਪੁੱਤਰ ਤੁਹਾਡਾ ਪ੍ਰਮੇਸ਼ੁਰ ਹੈ ? ਜਾਂ ਕੀ ਪਵਿੱਤਰ ਆਤਮਾ ਤੁਹਾਡਾ ਪ੍ਰਮੇਸ਼ੁਰ ਹੈ ?'' ਕੇਵਲ ਇੱਕੋ ਹੀ ਪ੍ਰਮੇਸ਼ੁਰ ਹੈ।

ਅਤੇ ਉਹ ਤਿੰਨ ਵੱਖਰੇ-ਵੱਖਰੇ ਵਿਅਕਤੀਤਵ ਨਹੀਂ ਹਨ, ਕਿਉਂਕਿ ਵਿਅਕਤੀਤਵ ਹੋਣ ਲਈ ਤਾਂ ਵਿਅਕਤੀ ਦਾ ਹੋਣਾ ਜ਼ਰੂਰੀ ਹੁੰਦਾ ਹੈ। ਬਿਨ੍ਹਾਂ ਵਿਅਕਤੀ ਦੇ ਵਿਅਕਤੀਤਵ ਨਹੀਂ ਹੋ ਸੱਕਦਾ ਹੈ। ਤੁਸੀਂ ਇਹ ਜਾਣਦੇ ਹੋ। ਕਿਸ ਤਰ੍ਹਾਂ ਕਿਸੇ ਵਿਅਕਤੀ ਤੋ ਬਿਨਾਂ ਵਿਅਕਤੀਤਵ ਹੋ ਸੱਕਦਾ ਹੈ ?

92 ਕਿਹਾ ਜਾਂਦਾ ਹੈ, ''ਓਹ, ਅਸੀਂ ਤਿੰਨ ਵੱਖਰੇ-ਵੱਖਰੇ ਪ੍ਰਮੇਸ਼ੁਰਾਂ ਦਾ ਵਿਸ਼ਵਾਸ ਨਹੀਂ ਕਰਦੇ ਹਾਂ। ਅਸੀਂ ਉਸੇ ਹੀ ਪ੍ਰਮੇਸ਼ੁਰ ਦੇ ਤਿੰਨ ਵਿਅਕਤੀਤਵਾਂ ਦਾ ਵਿਸ਼ਵਾਸ ਕਰਦੇ ਹਾਂ।'' ਠੀਕ ਹੈ, ਇਸ ਤੋਂ ਪਹਿਲਾਂ ਕਿ ਕੋਈ ਵਿਅਕਤੀਤਵ ਹੋ ਸਕੇ, ਕੋਈ ਵਿਅਕਤੀ ਤਾਂ ਹੋਣਾ ਹੀ ਹੁੰਦਾ ਹੈ।

93 ਤੁਸੀਂ ਕਹੋਗੇ, ''ਤਾਂ ਫਿਰ ਇਹ ਕੀ ਹੈ ?'' ਇਹ ਤਿੰਨ ਪ੍ਰਮੇਸ਼ੁਰ ਨਹੀਂ ਹਨ। ਇਹ ਉਸੇ ਪ੍ਰਮੇਸ਼ੁਰ ਦੀਆਂ ਤਿੰਨ ਪਦਵੀਆਂ ਹਨ।

ਆਦਿ ਵਿੱਚ ਉਹ ਪਿਤਾ ਸੀ, ਜਦੋਂ ਉਹ ਅੱਗ ਦੀ ਲਾਟ ਦੇ ਰੂਪ ਵਿੱਚ ਜੰਗਲ ਵਿੱਚ ਬਲਦੀ ਹੋਈ ਝਾੜੀ ਵਿੱਚ ਸੀ। ਪ੍ਰਮੇਸ਼ੁਰ ਪਿਤਾ ਦੇ ਰੂਪ ਵਿੱਚ ਸੀ। ਜਿਸ ਤਰ੍ਹਾਂ ਕਿ ਮੈਂ ਕਹਿ ਚੁੱਕਾ ਹਾਂ, ਉਹ ਥੱਲੇ ਆਉਂਦਾ ਜਾ ਰਿਹਾ ਹੈ। ਉਹ ਸੱਭ ਤੋਂ ਵੱਡਾ ਦਸਤੂਰ ਸੀ। ਆਤਮਾ; *ਅਗਾਪੇ*, *ਜ਼ੋਈ*, ਪ੍ਰਮੇਸ਼ੁਰ ਦਾ *ਜੀਵਨ* ਆਪ ਅੱਗ ਦੇ ਖੰਭੇ ਦੇ ਰੂਪ ਵਿੱਚ ਆਉਂਦਾ ਹੈ। ਅਤੇ ਠੀਕ ਉਹੀ ਪਿਤਾ ਦੇ ਰੂਪ ਵਿੱਚ ਰਹਿਣ ਤੋਂ ਬਾਦ ਪੁੱਤਰ ਬਣ ਗਿਆ, ਅਤੇ... ਆਤਮਾ ਬਲਦੀ ਹੋਈ ਝਾੜੀ ਦੇ ਵਿੱਚ ਸੀ, ਉਹੀ ਮਨੁੱਖ ਦੇ ਵਿੱਚ ਸੀ, ਅਰਥਾਤ ਉਹੀ ਮਸੀਹ ਵਿੱਚ ਸੀ, ਅਤੇ ਇਹਨੇ ਠੀਕ ਉਹੀ ਸਬੂਤ ਲਿਆਂਦੇ ਜਿਹੜੇ ਅੱਗ ਨੇ ਲਿਆਂਦੇ ਸਨ। ਉਹਨੇ ਕਿਹਾ, ''ਜੇਕਰ ਮੈਂ ਆਪਣੇ ਪਿਤਾ ਦੇ ਕੰਮ ਨਹੀਂ ਕਰਦਾ ਹਾਂ, ਤਾਂ ਤੁਸੀਂ ਮੇਰਾ ਵਿਸ਼ਵਾਸ ਨਾ ਕਰੋ।'' ਹਰ ਇੱਕ ਰੁੱਖ ਆਪਣੇ ਹੀ ਫਲ ਲਿਆਵੇਗਾ।

94 ਅਤੇ ਫਿਰ ਇਹਦੇ ਬਾਦ ਉਹ ਮਨੁੱਖ ਬਣ ਜਾਂਦਾ ਹੈ, ਦੇਖੋ, ਉਹ ਪਰਮ-ਅਲੌਕਿਕ ਵਾਲੀ ਸਥਿਤੀ ਤੋਂ ਥੱਲੇ ਆ ਕੇ ਕਿਸੇ ਇਸ ਤਰ੍ਹਾਂ ਅੰਦਰ ਆ ਗਿਆ ਜੋ ਭੌਤਿਕ ਸੀ, ਜਿਹਨੂੰ ਛੂਹਿਆ ਜਾ ਸੱਕਦਾ ਸੀ, ਇੱਕ ਦੇਹ ਵਿੱਚ। ਅਤੇ ਇਸ ਕੁਰਬਾਨੀ ਅਤੇ ਇਸ ਇੱਕੋ ਹੀ ਪ੍ਰਮੇਸ਼ੁਰ ਦੀ ਯਿਸੂ ਬਲੀਦਾਨ ਦੀ ਮੌਤ ਅਤੇ ਸਰਵ-ਉੱਚ ਬਲੀਦਾਨ ਦੇ ਰਾਹੀਂ, ਉਹਨੇ ਕਿਹਾ, ''ਮੈਂ ਅਤੇ ਮੇਰਾ ਪਿਤਾ ਇੱਕ ਹਾਂ। ਮੇਰਾ ਪਿਤਾ ਮੇਰੇ ਵਿੱਚ ਵਾਸ ਕਰਦਾ ਹੈ।'' ਸਕਦਾ... ਕੋਈ ਵੀ ਉਸਨੂੰ ਸਪੱਸ਼ਟ ਰੂਪ ਨਾਲ ਪੜ੍ਹ ਨਾ ਸਕਿਆ।

ਉਹਨਾਂ ਨੇ ਕਿਹਾ, ''ਤੂੰ ਸਾਨੂੰ ਪਿਤਾ ਦੇ ਦਰਸ਼ਣ ਕਿਉਂ ਨਹੀਂ ਕਰਾਉਂਦਾ ਹੈ, ਅਤੇ ਇਹਦੇ ਨਾਲ ਸਾਨੂੰ ਤ੍ਰਿਪਤ ਆ ਜਾਵੇਗੀ।'' ਯੂਹੰਨਾ 14:8।

95 ਅਤੇ ਉਹਨੇ ਆਖਿਆ, ''ਮੈਂ ਕਾਫੀ ਸਮੇਂ ਤੋਂ ਤੁਹਾਡੇ ਨਾਲ ਹਾਂ, ਅਤੇ ਤੁਸੀਂ ਮੈਨੂੰ ਨਹੀਂ ਜਾਣਦੇ ਹੋ?'' ਉਹਨੇ ਆਖਿਆ, ''ਜਦੋਂ ਤੁਸੀਂ ਪਿ... ਨੂੰ, ਮੈਨੂੰ ਵੇਖਿਆ, ਤਾਂ ਤੁਸੀਂ ਮੇਰੇ ਪਿਤਾ ਨੂੰ ਵੇਖਦੇ ਹੋ।''

ਜਿਸ ਤਰ੍ਹਾਂ ਕਿ ਇੱਕ ਵਾਰ ਇੱਕ ਔਰਤ ਨੇ ਮੇਰੇ ਉੱਤੇ ਚੜ੍ਹਾਈ ਕੀਤੀ, ਅਤੇ ਆਖਿਆ,

''ਕਿਉਂ, ਭਾਈ ਬ੍ਰਾਨਹਾਮ,'' ਉਹਨੇ ਕਿਹਾ, ''ਹਾਂ, ਪਿਤਾ ਅਤੇ ਪੁੱਤਰ ਇੱਕੋ ਹੀ ਹਨ, ਜਿਸ ਤਰ੍ਹਾਂ ਤੁਸੀਂ ਅਤੇ ਤੁਹਾਡੀ ਪਤਨੀ ਇੱਕੋ ਹੀ ਹੋ।''

ਮੈਂ ਕਿਹਾ, ''ਓਹ, ਨਹੀਂ, ਉਹ ਨਹੀਂ ਹਨ।'' ਮੈਂ ਕਿਹਾ, ''ਕੀ ਤੂੰ ਮੈਨੂੰ ਦੇਖਦੀ ਹੈਂ ?''

ਉਹ ਬੋਲੀ, ''ਹਾਂ ਜੀ।''

ਮੈਂ ਕਿਹਾ, ''ਕੀ ਤੂੰ ਮੇਰੀ ਪਤਨੀ ਨੂੰ ਦੇਖਦੀ ਹੈਂ ?''

ਉਹ ਬੋਲੀ, ''ਨਹੀਂ।''

96 ਮੈ ਕਿਹਾ, ''ਉਹ ਇਸ ਤਰ੍ਹਾਂ ਇੱਕ ਨਹੀਂ ਹਨ। ਯਿਸੂ ਨੇ ਕਿਹਾ ਸੀ, ''ਜਦੋਂ ਤੁਸੀਂ ਮੈਨੂੰ ਵੇਖਿਆ, ਤਾਂ ਤੁਸੀਂ ਮੇਰੇ ਪਿਤਾ ਨੂੰ ਵੇਖਿਆ। ਪਿਤਾ ਮੇਰੇ ਵਿੱਚ ਵਾਸ ਕਰਦਾ ਹੈ। ਮੇਰੀ ਪਤਨੀ ਮੇਰੇ ਵਿੱਚ ਵਾਸ ਨਹੀਂ ਕਰਦੀ ਹੈ।''

ਉਹ ਇੱਕ ਹੀ ਹਨ। ਉਹ ਹਰ ਇੱਕ ਢੰਗ ਨਾਲ ਇੱਕੋ ਹੀ ਹਨ। ਅਤੇ ਮੈਂ ਅਤੇ ਮੇਰੀ ਪਤਨੀ ਇੱਕ ਰਜ਼ਾਮੰਦੀ ਨਾਲ ਇੱਕ ਹਾਂ।ਅਸੀਂ ਇੱਕੋ ਹੀ ਸੰਗਤੀ ਵਿੱਚ ਹਾਂ, ਪਰ ਅਸੀਂ ਵੱਖਰੇ-ਵੱਖਰੇ ਵਿਅਕਤੀਤਵ ਹਾਂ। ਮੇਰੀ ਪਤਨੀ ਕਿਸੇ ਇੱਕ ਕਿਸਮ ਦੀ ਸੋਚ-ਵਿਚਾਰ ਕਰ ਸੱਕਦੀ ਹੈ, ਅਤੇ ਮੈਂ ਕਿਸੇ ਦੂਸਰੇ ਕਿਸਮ ਦੀ ਸੋਚ-ਵਿਚਾਰ ਕਰ ਸੱਕਦਾ ਹਾਂ। ਅਸੀਂ ਦੋ ਵਿਅਕਤੀ ਹਾਂ। ਪਰ ਪ੍ਰਮੇਸ਼ੁਰ ਨਾਲ ਇਸ ਤਰ੍ਹਾਂ ਨਹੀਂ ਹੈ। ਉਹ ਅਰਥਾਤ ਮਸੀਹ ਅਤੇ ਪ੍ਰਮੇਸ਼ੁਰ ਖੁਦ ਇੱਕੋ ਹੀ ਵਿਅਕਤੀ ਹੈ।

97 ਤਾਂ ਫਿਰ ਪਵਿੱਤਰ ਆਤਮਾ ਕੀ ਹੈ ? ਪਵਿੱਤਰ ਆਤਮਾ ਤਾਂ ਠੀਕ ਉਸੇ ਪ੍ਰਮੇਸ਼ੁਰ ਦਾ ਆਤਮਾ ਹੈ, ਜਿਹੜਾ ਉਹਨਾਂ ਲੋਕਾਂ ਵਿੱਚ ਵਾਸ ਕਰ ਰਿਹਾ ਹੈ, ਜਿਨ੍ਹਾਂ ਲਈ ਉਹ ਮਰਿਆ ਸੀ, ਅਤੇ ਜਿਨ੍ਹਾਂ ਦੇ ਨਾਮ ਉਹਨੇ ਲੇਲੇ ਦੀ ਜੀਵਨ ਦੀ ਪੋਥੀ ਵਿੱਚ ਲਿਖੇ ਸਨ। ਉਹ ਜਿਹੜੇ ਆਦਿ ਵਿੱਚ ਉਹਦੇ ਨਾਲ ਇੱਕ ਸਨ। ਪਵਿੱਤਰ ਵਚਨ ਇਸੇ ਤਰ੍ਹਾਂ ਦੱਸਦਾ ਹੈ। ਕੀ ਯਿਸੂ ਨੇ ਉਹਨਾਂ ਨੂੰ ਨਹੀਂ ਦੱਸਿਆ ਸੀ, ਕਿ ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ ਹੀ ਉਹਦੇ ਨਾਲ ਸਨ ? ਤੁਹਾਡੇ ਅਰਥਾਤ ਸਾਡੇ ਸਾਰਿਆਂ ਦੇ ਦਿਮਾਗ ਉਹਨਾਂ ਗੱਲਾਂ ਪ੍ਰਤੀ ਕਾਲੇ ਅਤੇ ਹਨੇਰੇ ਹੀ ਸਨ। ਪਰ ਅਸੀਂ ਇੱਥੇ ਬਸ ਕੋਈ ਛੋਟੇ ਜਿਹੇ ਸੰਜੋਗ ਦੀ ਘਟਨਾ ਨਾਲ ਨਹੀਂ ਹਾਂ। ਅਸੀਂ ਤਾਂ ਸ਼ੁਰੂ ਤੋਂ ਹੀ ਪ੍ਰਮੇਸ਼ੁਰ ਦੀ ਰਚਨਾ ਦੇ ਪੁੱਤਰ ਅਤੇ ਧੀਆਂ ਹਾਂ; ਅਤੇ ਇੱਥੇ ਹੇਠਾਂ ਗਵਾਹੀ ਦੇਣ ਲਈ ਭੇਜੇ ਗਏ ਹਾਂ, ਕਿ ਪ੍ਰਮੇਸ਼ੁਰ ਦੀ ਉਸ ਕਿਰਪਾ ਦੀ ਗਵਾਹੀ ਦੇਈਏ, ਜੋ ਸਾਡੇ ਦਿਲਾਂ ਵਿੱਚ ਪਵਿੱਤਰ ਆਤਮਾ ਦੇ ਰਾਹੀਂ ਦੂਰ-ਦੂਰ ਤੱਕ ਫੈਲੀ ਹੋਈ ਹੈ। ਸਾਡੇ ਕੋਲ ਇੱਕ ਅਨੰਤ ਆਤਮਾ ਹੈ। ਇਹਨੂੰ ਰੋਕਣ ਲਈ ਕੋਈ ਵੀ ਨਹੀਂ ਹੈ, ਕੋਈ ਵੀ ਨਹੀਂ ਹੈ, ਕੋਈ ਵੀ ਤਰੀਕਾ ਨਹੀਂ ਹੈ। ਪ੍ਰਮੇਸ਼ੁਰ ਦੀ ਕਲੀਸਿਆ ਤਾਂ ਬਿਲਕੁਲ ਨਿਸ਼ਚਿਤ ਤੌਰ 'ਤੇ ਹੋਵੇਗੀ ਜਿਸ ਤਰ੍ਹਾਂ ਕਿ ਇਹ ਨਿਸ਼ਚਿਤ ਤੌਰ ਨਾਲ ਹੋ ਸੱਕਦੀ ਹੈ।

98 ਜਿਸ ਤਰ੍ਹਾਂ ਕਿ ਅਸੀਂ ਉਸ ਛੋਟੇ ਜਿਹੇ ਵਿਸ਼ੇ ਨੂੰ ਫੇਰ ਇੱਕ ਮਿੰਟ ਲਈ ਲੈਣ ਵਾਸਤੇ ਕਹਿ ਰਹੇ ਸੀ, ਕਿ ਕਿਸ ਤਰ੍ਹਾਂ ਨਾਜਾਇਜ਼ ਬੱਚਾ ਚੌਦਾਂ ਪੀੜ੍ਹੀਆਂ ਤੱਕ ਅਰਥਾਤ ਚਾਰ ਸੌ ਸਾਲਾਂ ਤੱਕ ਪ੍ਰਮੇਸ਼ੁਰ ਦੇ ਰਾਜ ਵਿੱਚ ਪ੍ਰਵੇਸ਼ ਨਹੀਂ ਕਰ ਸੱਕਦਾ ਸੀ, ਅਤੇ ਕਿਸ ਤਰ੍ਹਾਂ ਮਾਂ-ਬਾਪ ਦੀ ਉਹ

ਬੁਰਿਆਈ ਉਹਨਾਂ ਦੀ ਔਲਾਦ ਵਿੱਚ ਆ ਜਾਂਦੀ ਸੀ, ਤੀਸਰੀ ਅਤੇ ਚੌਥੀ ਪੀੜ੍ਹੀ ਤੱਕ ਜਾਂਦੀ ਸੀ।

99 ਉਸੇ ਤਰ੍ਹਾਂ ਮਾਂ-ਬਾਪ ਦੀ ਧਾਰਮਿਕਤਾ ਵੀ ਅੱਗੇ ਜਾਂਦੀ ਸੀ। ਤੁਸੀਂ ਜੋ ਕਰਦੇ ਹੋ; ਜੇਕਰ ਕੋਈ ਆਉਣ ਵਾਲਾ ਕੱਲ ਹੈ, ਤੁਹਾਡੇ ਕੋਲ ਪੋਤਾ ਹੁੰਦਾ ਹੈ, ਤਾਂ ਤੁਹਾਡਾ ਅੱਜ ਦਾ ਕੰਮ-ਕਾਰ ਇਹਨੂੰ ਨਿਰਧਾਰਤ ਕਰੇਗਾ, ਕਿ ਉਦੋਂ ਉਹ ਕੀ ਹੋਵੇਗਾ।

ਕਿਉਂਕਿ ਅਸੀਂ ਬਾਈਬਲ ਵਿੱਚ ਇਹ ਪੜ੍ਹਦੇ ਹਾਂ, ਕਿ ਜਿੱਥੇ ਉਹ ਮਲਕਿਸਿਦਕ, ਜਦੋਂ ਉਹ ਅਬਰਾਹਾਮ ਨੂੰ ਮਿਲਿਆ ਜਦ ਉਹ ਰਾਜਿਆਂ ਨੂੰ ਮਾਰ ਕੇ ਵਾਪਿਸ ਪਰਤ ਰਿਹਾ ਸੀ, ਤਾਂ ਪੂਰਵਜ ਅਬਰਾਹਾਮ ਨੇ ਉਹਨੂੰ ਦਸਵੰਧ ਦਿੱਤਾ, ਉਹਨਾਂ ਸਾਰੀਆਂ ਚੀਜ਼ਾਂ ਦਾ ਜੋ ਉਹਦੇ ਕੋਲ ਸਨ। ਅਤੇ ਤਦ ਉਹ ਉਸ ਦਸਵੰਧ ਬਾਰੇ ਇਹ ਕਹਿੰਦਾ ਹੈ, ''ਸਿਰਫ ਲੇਵੀ ਹੀ ਦਸਵੰਧ ਸਵੀਕਾਰ ਕਰ ਸੱਕਦਾ ਹੈ। ਪਰ,'' ਕਿਹਾ, ''ਇਹ ਲੇਵੀ, ਜੋ ਦਸਵੰਧ ਲੈਂਦਾ ਹੈ, ਉਹਨੇ ਉਦੋਂ ਦਸਵੰਧ ਦਿੱਤਾ ਸੀ, ਜਦੋਂ ਉਹ ਅਬਰਾਹਾਮ ਦੇ ਅੰਦਰ ਸੀ।''

100 ਔਹ, ਕੀ ਤੁਸੀਂ ਇਹਨੂੰ ਸਮਝ ਸੱਕਦੇ ਹੋ ? [ਭਾਈ ਬ੍ਰਾਨਹਾਮ ਪੁਲਪਿਟ 'ਤੇ ਪੰਜ ਵਾਰੀ ਖਟਖਟਾਉਂਦੇ ਹਨ-ਸੰਪਾ] ਅਬਰਾਹਾਮ ਲੇਵੀ ਦਾ... ਲੇਵੀ ਅਬਰਾਹਾਮ ਦਾ ਪੜੋਤਾ ਸੀ। ਅਤੇ ਲੇਵੀ ਘੱਟੋ-ਘੱਟ ਅੱਠ ਜਾਂ ਦੱਸ ਸੌ ਸਾਲਾਂ ਬਾਦ ਹੋਇਆ ਹੋਵੇਗਾ, ਸ਼ਾਇਦ ਕੁਝ ਸੌ ਸਾਲਾਂ ਬਾਦ। ਮੈਂ ਇਹ ਨਹੀਂ ਜਾਣਾਂਗਾ ਕਿ ਉਹ ਕਿੰਨੇ ਸਾਲਾਂ ਬਾਦ ਹੋਇਆ ਹੋਵੇਗਾ। ਇਹ ਤਾਂ ਪੀੜ੍ਹੀ ਦੇ ਹਿਸਾਬ ਨਾਲ ਹੀ ਦੇਖਣਾ ਪਵੇਗਾ। ਪਰ ਅਬਰਾਹਾਮ ਤੋਂ ਇਸਹਾਕ ਜੰਮਿਆ, ਅਤੇ ਇਸਹਾਕ ਤੋਂ ਯਾਕੂਬ ਜੰਮਿਆ, ਅਤੇ ਯਾਕੂਬ ਤੋਂ ਲੇਵੀ ਜੰਮਿਆ। ਅਤੇ ਇੱਥੇ ਲੇਵੀ, ਯਾਕੂਬ ਲੇਵੀ ਦਾ ਪਿਤਾ ਹੋਵੇਗਾ; ਅਤੇ ਇਸਹਾਕ ਉਸਦਾ ਦਾਦਾ ਹੋਵੇਗਾ; ਅਤੇ ਅਬਰਾਹਾਮ ਉਸਦਾ ਪੜਦਾਦਾ ਹੋਵੇਗਾ। ਅਤੇ ਜਦੋਂ ਯਾਕੂਬ ਅਬਰਾਹਾਮ ਦੇ ਅੰਦਰ ਸੀ, ਅਤੇ ਬਾਈਬਲ ਦੱਸਦੀ ਹੈ, ਕਿ ''ਉਹਨੇ ਮਲਕਿਸਿਦਕ ਨੂੰ ਦਸਵੰਧ ਦਿੱਤਾ।''

101 ਅਤੇ ਫੇਰ ਇਹ ਜਵਾਨ ਪੀੜ੍ਹੀ, ਆਲੇ-ਦੁਆਲੇ ਘੁੰਮ ਫਿਰ ਰਹੀ ਹੈ, ਸਿਗਰਟਾਂ ਪੀ ਰਹੀ ਹੈ, ਸ਼ਰਾਬ ਪੀ ਰਹੀ ਹੈ ਅਤੇ ਅਜਿਹਾ ਹੀ ਸੱਭ ਕੁਝ ਕਰ ਰਹੀ ਹੈ, ਕਿਵੇਂ ਤੁਸੀਂ ਕਿਸੇ ਹੋਰ ਪੀੜ੍ਹੀ ਦੇ ਹੋਣ ਦੀ ਉਮੀਦ ਰੱਖ ਸੱਕਦੇ ਹੋ ? ਹੁਣ ਕਾਰਨ ਇਹ ਹੈ ਕਿ ਸਾਡੇ ਦਰਮਿਆਨ ਪਾਪ ਹੈ, ਬਾਲ-ਅਪਰਾਧ ਹਨ, ਛੋਟੀ ਉਮਰ ਦੇ ਮੁੰਡੇ ਕੁੜੀਆਂ ਗਲੀਆਂ ਵਿੱਚ ਘੁੰਮਦੇ ਫਿਰਦੇ ਹਨ, ਕਿਉਂਕਿ ਬੀਤੇ ਸਮੇਂ ਵਿੱਚ ਉਹਨਾਂ ਦੀਆਂ ਮਾਂਵਾਂ ਅਤੇ ਪੇਵਾਂ ਨੇ ਵੀ ਅਜਿਹੇ ਹੀ ਕੰਮ ਕੀਤੇ ਸਨ।

ਅਤੇ ਕਾਰਣ ਇਹ ਹੈ ਅਜੇ ਤੱਕ ਵੀ ਸਾਡੇ ਕੋਲ ਅਜਿਹੇ ਪ੍ਰਚਾਰਕ ਹਨ ਜਿਹੜੇ ਸੱਚਾਈ ਲਈ ਖੜ੍ਹੇ ਹੋਣਗੇ, ਅਜੇ ਤੱਕ ਵੀ ਪੁਰਾਣੇ ਰਿਵਾਜ ਦੀਆਂ ਕੁੜੀਆਂ ਹਨ ਕਿਉਂਕਿ ਉਹਨਾਂ ਦੇ ਪਿੱਛੇ ਉਹਨਾਂ ਦੇ ਮਾਂ-ਬਾਪ ਪੁਰਾਣੇ ਰਿਵਾਜ ਦੇ ਸਨ। ਇਹ ਬਿਲਕੁਲ ਸੱਚੀ ਗੱਲ ਹੈ। ਸਾਡੇ ਕੋਲ ਹੁਣ ਵੀ ਅਜਿਹੇ ਪ੍ਰਚਾਰਕ ਹਨ ਜਿਹੜੇ ਕਿਸੇ ਵੀ ਜੱਥੇਬੰਦੀ ਨਾਲ ਜਾਂ ਵਚਨ ਨਾਲ ਸਮਝੌਤਾ ਕੀਤੇ ਬਗੈਰ ਦ੍ਰਿੜਤਾ ਨਾਲ ਖੜ੍ਹੇ ਰਹਿੰਦੇ ਹਨ, ਕਿਉਂਕਿ ਬੀਤੇ ਸਮੇਂ ਵਿੱਚ ਸਾਡੇ ਕੋਲ ਪੁਰਾਣੇ

ਰਿਵਾਜ ਦੇ ਅਜਿਹੇ ਪ੍ਰਚਾਰਕ ਸਨ ਜਿਹੜੇ ਇਹਨਾਂ ਗੱਲਾਂ ਉੱਤੇ ਦ੍ਰਿੜਤਾ ਨਾਲ ਖੜ੍ਹੇ ਰਹੇ ਸਨ। ਜੀ ਹਾਂ।

102 ਹੁਣ ਅਸੀਂ ਇਸ ਦਿਨ ਵਿੱਚ ਹਾਂ। ਅਤੇ ਹੁਣ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਇੱਥੇ ਪਿੱਛੇ... ਕੁਝ ਜੱਥੇਬੰਦੀਆਂ, ਉਹ ਕਾਰਣ ਕਿ ਅਸੀਂ ਇੱਕ ਜੱਥੇਬੰਦੀ ਨਹੀਂ ਹਾਂ। ਅਤੇ, ਕਿਉਂਕਿ, ਜੇਕਰ ਅਸੀਂ ਇੱਕ ਜੱਥੇਬੰਦੀ ਹੁੰਦੇ ਤਾਂ ਸਾਨੂੰ ਇਹਦੇ ਅੱਗੇ ਝੁਕਣਾ ਪੈਣਾ ਸੀ।

103 ਅਤੇ ਯਾਦ ਰੱਖੋ, ਕਿਰਪਾ ਕਰਕੇ ਤੁਸੀਂ ਜਿੱਥੇ ਚਾਹੋ ਲਿਖਤਾਂ ਦੀ ਭਾਲ ਕਰੋ, ਅਤੇ ਤੁਹਾਨੂੰ ਬਾਈਬਲ ਵਿੱਚ ਇੱਕ ਵੀ ਥਾਂ ਅਜਿਹੀ ਨਹੀਂ ਲੱਭੇਗੀ, ਜਿੱਥੇ ਕਿਸੇ ਦਾ ਕਦੀ ਛਿੱਟੇ ਦਾ, ਪਾਣੀ ਛਿੜਕਣ ਨਾਲ ਜਾਂ ''ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ'' ਦੇ ਨਾਂ ਵਿੱਚ ਬਪਤਿਸਮਾ ਹੋਇਆ ਹੋਵੇ। ਇਸ ਲਈ ਜੇਕਰ ਇਹ ਵਚਨ ਵਿੱਚ ਨਹੀਂ ਹੈ, ਤਾਂ ਕਿਤੋਂ ਨਾ ਕਿਤੋਂ ਇਹਦੀ ਸ਼ੁਰੂਆਤ ਹੋਈ ਸੀ।

104 ਜਿਵੇਂ ਕਿ ਮੈਂ ਆਖਦਾ ਹਾਂ, ਅਸੀਂ ਇੱਕ ਵੱਡੇ ਰੁੱਖ ਦੇ ਹੇਠਾਂ ਬੈਠੇ ਹੋਏ ਉਹਨੂੰ ਵੇਖ ਰਹੇ ਹੋਈਏ। ਓਹ, ਹੋ ਸੱਕਦਾ ਹੈ ਕਿ ਉਹ ਬਹੁਤ ਮਜਬੂਤ ਹੋਵੇ, ਸ਼ਾਇਦ ਉਹ ਬਹੁਤ ਵੱਡਾ ਹੋਵੇ, ਹੋ ਸੱਕਦਾ ਹੈ ਉਹ ਬਹੁਤ ਤਾਕਤਵਰ ਹੋਵੇ, ਪਰ ਉਹਦੀ ਇੱਕ ਸ਼ੁਰੂਆਤ ਹੋਈ ਸੀ। ਇਹਦੀ ਤਾਂ ਸ਼ੁਰੂਆਤ ਹੋਣੀ ਹੀ ਹੈ। ਅਤੇ ਸੱਭ ਕੁਝ... ਇਹ ਪੁਰਾਣੇ ਸਮੇਂ ਦਾ ਧਰਮ ਜਿਹਦੇ ਲਈ ਅਸੀਂ ਬਹੁਤ ਬਹਾਦਰੀ ਨਾਲ ਖੜ੍ਹੇ ਹਾਂ, ਕਿਤੇ ਨਾ ਕਿਤੇ ਇਹਦੀ ਸ਼ੁਰੂਆਤ ਹੋਈ ਸੀ। ਇਹਦੀ ਇੱਕ ਸ਼ੁਰੂਆਤ ਹੋਣੀ ਹੁੰਦੀ ਹੈ। ਅਤੇ ਇਹ ਵਾਦ ਜਿਹੜੇ ਸਾਡੇ ਕੋਲ ਹਨ, ਇਹਨਾਂ ਦੀ ਵੀ ਕੋਈ ਸ਼ੁਰੂਆਤ ਹੋਈ ਹੋਵੇਗੀ। ਅਤੇ ਜਿਨ੍ਹਾਂ ਝੂਠੀਆਂ ਲਿਖਤਾਂ ਦੀ ਅਸੀਂ ਆਪਣੀਆਂ ਜੱਥੇਬੰਦੀਆਂ ਵਿੱਚ ਵਰਤੋਂ ਕਰ ਰਹੇ ਹਾਂ, ਇਹਨਾਂ ਦੀ ਵੀ ਇੱਕ ਸ਼ੁਰੂਆਤ ਹੋਈ ਸੀ। ਅਤੇ ਜੇਕਰ ਅਸੀਂ ਆਖਦੇ ਹਾਂ, ''ਮੈਂ ਇੱਕ ਮੈਥੋਡਿਸਟ ਹਾਂ,'' ਤੁਹਾਡੀ ਇੱਕ ਸ਼ੁਰੂਆਤ ਹੋਈ ਸੀ। ਜੇਕਰ ਤੁਸੀਂ ਆਖਦੇ ਹੋ, ''ਮੈਂ ਇੱਕ ਬੈਪਟਿਸਟ ਹਾਂ,'' ਤੁਹਾਡੀ ਇੱਕ ਸ਼ੁਰੂਆਤ ਹੋਈ ਸੀ। ਤੁਸੀਂ ਆਖਦੇ ਹੋ, ''ਮੈਂ ਕੈਥੋਲਿਕ ਹਾਂ,'' ਤੁਹਾਡੀ ਇੱਕ ਸ਼ੁਰੂਆਤ ਹੋਈ ਸੀ। ਤੁਸੀਂ ਆਖਦੇ ਹੋ, ''ਮੈਂ ਨਵਾਂ ਜਨਮ ਪਾਇਆ ਹੋਇਆ ਇੱਕ ਮਸੀਹੀ ਹਾਂ,'' ਤਾਂ ਤੁਹਾਡੀ ਇੱਕ ਸ਼ੁਰੂਆਤ ਹੋਈ ਸੀ। ਤੁਹਾਡੀ ਸ਼ੁਰੂਆਤ ਤਾਂ ਹੋਣੀ ਹੁੰਦੀ ਹੈ।

105 ਪੱਛੇ ਮੁੜੋ, ਲੱਭੋ ਕਿ ਇਹ ਕਿੱਥੋਂ ਸ਼ੁਰੂ ਹੋਇਆ ਸੀ। ਆਓ ਤਸਵੀਰ ਦੇ ਮੁੱਢ ਵੱਲ ਵਾਪਿਸ ਜਾਈਏ। ਤਦ ਜੇਕਰ ਬਾਈਬਲ ਵਿੱਚ ਕੋਈ ਜੱਥੇਬੰਦੀ ਨਹੀਂ ਹੈ, ਤਾਂ ਫਿਰ ਇਹਦੀ ਕੋਈ ਸ਼ੁਰੂਆਤ ਹੋਣੀ ਚਾਹੀਦੀ ਹੈ। ਇਹ ਕੈਥੋਲਿਕ ਚਰਚ ਤੋਂ ਸ਼ੁਰੂ ਹੋਈ ਸੀ। ਪ੍ਰੋਟੈਸਟੈਂਟ ਤਾਂ ਬਸ ਉਹਨਾਂ ਦੇ ਵਿੱਚੋਂ ਹੀ ਨਿੱਕਲੇ ਹਨ।

106 ਫੇਰ ਜੇਕਰ ਬਾਈਬਲ ਕਹਿੰਦੀ ਹੈ ਕਿ ਉਹ ਇੱਕ ਬਦਨਾਮ ਔਰਤ ਹੈ, ਕਿਉਂਕਿ ਆਪਣੀ ਸਿੱਖਿਆ ਰਾਹੀਂ ਉਹਨੇ ਆਤਮਿਕ ਹਰਾਮਕਾਰੀ ਕੀਤੀ ਹੈ। ਹਰਾਮਕਾਰੀ ਕੀ ਹੈ ? ਯਾਦ ਰੱਖੋ, ਥੋੜ੍ਹਾ ਸਮਾਂ ਪਹਿਲਾਂ ਹੀ ਅਸੀਂ ਇਹਦੇ ਬਾਰੇ ਵੇਖਿਆ ਹੈ। ਇੱਕ ਔਰਤ ਜਿਹੜੀ ਆਪਣੇ ਪਤੀ ਨਾਲ ਰਹਿ ਰਹੀ ਹੈ, ਉਹ ਇੱਕ ਕੁਆਰੀ ਵਾਂਙੂ ਹੀ ਹੈ। ਜਦੋਂ ਤੱਕ ਉਹ ਉਸ ਇੱਕੋ ਹੀ ਆਦਮੀ ਨਾਲ ਰਹਿੰਦੀ ਹੈ, ਉਹ ਕਦੇ ਵੀ ਦੂਸ਼ਿਤ ਨਹੀਂ ਹੁੰਦੀ ਹੈ। ਪਰ ਕੁਧਰਮ ਕੀ ਹੈ ? ਧਰਮ ਦਾ ਵਿਗਾੜ। ਉਹਨੂੰ ਕਿਸੇ ਹੋਰ ਆਦਮੀ ਨਾਲ ਰਹਿਣ ਦਿਓ, ਅਤੇ ਉਹ ਨਾਸ਼ ਹੈ। ਵੇਖਿਆ ?

ਧਰਮ ਦਾ ਵਿਗੜਿਆ ਹੋਇਆ ਰੂਪ।

107 ਹੁਣ, ਜੇਕਰ ਜੱਥੇਬੰਦੀ ਗਲਤ ਸੀ... ਜੇਕਰ ਇਹ ਠੀਕ ਹੁੰਦੀ, ਤਾਂ ਪ੍ਰਮੇਸ਼ੁਰ ਨੇ ਆਖਿਆ ਹੁੰਦਾ, ''ਹੁਣ, ਸਾਡੇ ਕੋਲ ਜੱਥੇਬੰਦੀਆਂ ਹੋਣਗੀਆਂ।'' ਅਤੇ ਜੇਕਰ... ਬਾਈਬਲ ਵਿੱਚ ਰੋਮਨ ਕੈਥੋਲਿਕ ਚਰਚ ਨੂੰ ''ਵੱਡੀ ਕੰਜਰੀ'' ਅਤੇ ਕੁਧਰਮੀ ਆਖਿਆ ਗਿਆ ਹੈ, ਕਿਉਂਕਿ ਉਹ ਆਪਣੇ ਲੋਕਾਂ ਨੂੰ ਆਪਣਾ ਹੀ ਗਿਆਨ ਦੇ ਰਹੀ ਸੀ, ਅਤੇ ਨਾ ਕਿ ਬਾਈਬਲ ਦਾ। ਭਾਈ ਜੀ, ਭੈਣ ਜੀ। [ਭਾਈ ਬ੍ਰਾਨਹਾਮ ਦੋ ਵਾਰੀ ਤਾੜੀ ਵਜਾਉਂਦੇ ਹਨ-ਸੰਪਾ] ਕੀ ਕੈਥੋਲਿਕ ਕਲੀਸਿਆ ਬਾਈਬਲ ਦੇ ਬਾਰੇ ਵਿੱਚ ਤੁਹਾਡੇ ਮੂੰਹ ਉੱਤੇ ਨਹੀਂ ਹੱਸਦੀ ? ਉਹ ਆਖਦੇ ਹਨ ਕਿ ਜੋ ਬਾਈਬਲ ਆਖਦੀ ਹੈ, ਉਹ ਉਹਦੀ ਪ੍ਰਵਾਹ ਨਹੀਂ ਕਰਦੇ ਹਨ, ਉਹ ਉਹਦੀ ਪ੍ਰਵਾਹ ਕਰਦੇ ਹਨ ਜੋ ਕਲੀਸਿਆ ਆਖਦੀ ਹੈ, ਜੋ ਉਹਨਾਂ ਦੀ ਜੱਥੇਬੰਦੀ ਆਖਦੀ ਹੈ। ਅੱਛਾ, ਫੇਰ ਤੁਸੀਂ ਕਿਵੇਂ ਉਹਨਾਂ ਨੂੰ ਗਲਤ ਆਖ ਸੱਕਦੇ ਹੋ ਜਦੋਂ ਕਿ ਤੁਸੀਂ ਆਪ 'ਪਿਤਾ, ਪੁੱਤਰ, ਪਵਿੱਤਰ ਆਤਮਾ' ਵਿੱਚ ਹੋਣ ਵਾਲੇ ਬਪਤਿਸਮੇ ਅੱਗੇ ਆਪਣੇ ਗੋਡੇ ਟੇਕਦੇ ਹੋ, ਜਦੋ ਕਿ ਬਾਈਬਲ ਇਹਨੂੰ ਗਲਤ ਠਹਿਰਾਉਂਦੀ ਹੈ। ਕੀ ਮੈਥੋਡਿਸਟ ਅਜਿਹਾ ਨਹੀਂ ਆਖਦੇ, ਬੈਪਟਿਸਟ ਅਜਿਹਾ ਨਹੀਂ ਆਖਦੇ ? ਕਿਉਂ ਤੁਸੀਂ ਛਿੱਟੇ ਮਾਰਨ ਅਤੇ ਪਾਣੀ ਛਿੜਕੇ ਜਾਣ ਉੱਤੇ ਸਹਿਮਤ ਹੋਵੋਗੇ, ਜਦੋਂ ਕਿ ਬਾਈਬਲ ਵਿੱਚ ਅਜਿਹਾ ਕੁਝ ਵੀ ਨਹੀਂ ਹੈ ? ਬਾਈਬਲ ਵਿੱਚ ਅਜਿਹੀ ਕੋਈ ਵੀ ਗੱਲ ਨਹੀਂ ਹੈ, ਜਿੱਥੇ ਕਿਸੇ ਨੂੰ 'ਪਿਤਾ, ਪੁੱਤਰ, ਪਵਿੱਤਰ ਆਤਮਾ' ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ ਹੋਵੇ। ਤਾਂ ਫੇਰ ਤੁਸੀਂ ਅਜਿਹਾ ਕਿਉਂ ਕਰਦੇ ਹੋ ?

108 ਵੇਖੋ, ਇਹੋ ਹੀ ਕਾਰਣ ਹੈ ਕਿ ਅਸੀਂ ਇੱਕ ਜੱਥੇਬੰਦੀ ਨਹੀਂ ਹਾਂ। ਅਸੀਂ ਉਹਨਾਂ ਦੇ ਪ੍ਰਬੰਧ ਅਨੁਸਾਰ ਨਹੀਂ ਚੱਲਣਾ ਹੈ। ਅਸੀਂ... ਜਦੋਂ ਆਤਮਾ ਵਚਨ ਉੱਤੇ ਰੌਸ਼ਨੀ ਪਾਉਂਦਾ ਹੈ, ਅਸੀਂ ਵਚਨ ਅਤੇ **'ਯਹੋਵਾਹ ਇੰਝ ਹੈ ਫਰਮਾਉਂਦਾ'** ਨਾਲ ਖੜ੍ਹੇ ਰਹਿੰਦੇ ਹਾਂ। ਇਹ ਹੈ ਗੱਲ। ਕੋਈ ਵੀ ਗੱਲ ਇਸ ਤਰ੍ਹਾਂ ਨਹੀਂ ਹੈ। ਇਹ ਵਚਨ ਵਿੱਚ ਲਿਖਿਆ ਹੋਇਆ ਨਹੀਂ ਹੈ।

109 ਔਹ, ਤੁਸੀਂ ਕਹਿੰਦੇ ਹੋ, ''ਮੱਤੀ 28:19 ਬਾਰੇ ਕੀ ਹੈ ?

ਹੁਣ, ਅਸੀਂ ਇਹਨੂੰ ਦਰਜਨਾਂ ਵਾਰੀ ਸਪੱਸ਼ਟ ਕਰ ਚੁੱਕੇ ਹਾਂ। ਇਹ ਇੱਕ ਕੰਮ ਹੈ ਜਿਹਦੇ ਬਾਰੇ ਯਿਸੂ ਨੇ ਆਖਿਆ ਸੀ।ਇਸ ਲਈ ਤੁਸੀਂ ਜਾਓ, ਸੱਭ ਕੌਮਾਂ ਨੂੰ ਸਿਖਾਓ, ਅਤੇ ਉਹਨਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ।'' ਕੀ ਕਦੇ ਅਜਿਹਾ ਕੀਤਾ ਗਿਆ ਸੀ ? ਕੀ ਕਦੇ ਕਿਸੇ ਵਿਅਕਤੀ ਨੂੰ ਇਸ ਤਰ੍ਹਾਂ ਬਪਤਿਸਮਾ ਦਿੱਤਾ ਗਿਆ ? ਕਿਸੇ ਇੱਕ ਨੂੰ ਵੀ ਨਹੀਂ। ਤਾਂ ਫਿਰ ਜਰੂਰ ਕਿਤੇ ਨਾ ਕਿਤੇ ਗੜਬੜ ਹੈ। ਯਕੀਨਨ ਹੀ, ਕੈਥੋਲਿਕਵਾਦ ਨੇ ਹੀ ਅਜਿਹਾ ਕੀਤਾ ਸੀ।

110 ਤੁਸੀਂ ਇਤਿਹਾਸਕਾਰੋ, ਤੁਸੀਂ ਇਤਿਹਾਸ ਵਿੱਚ 'ਨੀਸੀਆ ਦੇ ਮੁੱਢਲੇ ਬਜੁਰਗਾਂ' ਤੱਕ ਇਹਨੂੰ ਵੇਖੋ ਕਿ ਕਦੀ ਅਜਿਹਾ ਹੋਇਆ ਸੀ। ਤੁਸੀਂ ਨੀਸੀਆ ਦੇ ਬਜੁਰਗਾਂ ਦੀਆਂ ਕਿਤਾਬਾਂ ਪੜ੍ਹੋ, ਅਤੇ ਇੰਗਲੈਂਡ ਦੇ ਰਾਜੇ ਤੱਕ ਇਹਦਾ ਅਧਿਐਨ ਕਰੋ। ਉਹਨਾਂ ਵਿੱਚੋਂ ਹਰੇਕ ਦਾ ਬਪਤਿਸਮਾ ਯਿਸੂ ਮਸੀਹ ਦੇ ਨਾਮ ਵਿੱਚ ਹੋਇਆ ਸੀ, ਜਦੋਂ ਤੱਕ ਕਿ ਰੋਮਨ ਕੈਥੋਲਿਕ ਕਲੀਸਿਆ ਨਹੀਂ ਬਣੀ ਸੀ। ਅਤੇ ਉਹਨਾਂ ਨੇ ਆਖਿਆ ਕਿ ਕੈਥੋਲਿਕ ਕਲੀਸਿਆ ਕੋਲ ਜੋ ਵੀ ਚਾਹੇ ਬਦਲ ਦੇਣ ਦਾ ਹੱਕ

ਹੈ। ਅਤੇ ਉਹਨਾਂ ਨੇ ''ਪਿਤਾ, ਪੁੱਤਰ, ਪਵਿੱਤਰ ਆਤਮਾ'' ਦੇ ਨਾਂ ਵਿੱਚ ਬਪਤਿਸਮੇ ਦੇਣੇ ਸ਼ੁਰੂ ਕਰ ਦਿੱਤੇ। ਮਾਰਟਿਨ ਲੂਥਰ ਇਹਨੂੰ ਬਾਹਰ ਲੈ ਕੇ ਆਇਆ। ਜੌਹਨ ਵੈਸਲੀ ਵੀ ਇਹਦੇ ਹੀ ਪਿੱਛੇ ਤੁਰਿਆ। ਅਤੇ ਅਲੈਗਜੈਂਡਰ ਕੈਂਪਬੈਲ ਵੀ ਇਹਦੇ ਨਾਲ ਹੀ ਆਇਆ। ਅਤੇ ਬੈਪਟਿਸਟ ਕਲੀਸਿਆ ਦਾ ਜੌਹਨ ਸਮਿੱਥ ਵੀ ਇਹਦੇ ਹੀ ਪਿੱਛੇ ਤੁਰਿਆ। ਇੱਥੇ ਪੈਂਟੀਕਾਸਟਲ ਵੀ ਇਹਦੇ ਨਾਲ ਹਨ।

ਪਰ ਘੜੀ ਆ ਪਹੁੰਚੀ ਹੈ !

111 ਜਿਵੇਂ ਕਿ ਅਸੀਂ ਕੱਲ ਰਾਤ ਇਸ ਤੇ ਸੀ, ਸ਼ਮਾਦਾਨਾਂ ਵੱਲ ਵੇਖੋ। ਪਹਿਲਾ ਸ਼ਮਾਦਾਨ ਰੌਸ਼ਨੀ ਨਾਲ ਭਰਿਆ ਹੋਇਆ ਹੈ। ਇਹ ਅਨ੍ਹੇਰਾ, ਅਨ੍ਹੇਰਾ ਹੋਰ ਅਨ੍ਹੇਰਾ ਹੁੰਦਾ ਗਿਆ, ਅਤੇ ਇਹ ਪੰਦਰਾਂ ਸੌ ਸਾਲਾਂ ਦੇ ਅਨ੍ਹੇਰ ਯੁੱਗਾਂ ਤੱਕ ਗਿਆ। ਫੇਰ, ਰੌਸ਼ਨੀ ਵਧਣ ਲੱਗੀ। ਅਤੇ ਆਖਰੀ ਯੁੱਗ ਤੋਂ ਠੀਕ ਪਹਿਲਾਂ, ਕਲੀਸਿਆ ਵਿੱਚ ਰੌਸ਼ਨੀ ਹੋਣ ਲੱਗੀ। ਦੋ ਕਲੀਸਿਆਈ ਯੁੱਗਾਂ ਦੇ ਵਿਚਕਾਰ ਰੌਸ਼ਨੀ ਆਈ।

ਵਚਨ ਦਾ ਅਧਿਐਨ ਕਰੋ, ਅਫਸੁਸ ਦੀ ਕਲੀਸਿਆ ਦਾ, ਥਸਲੁਨੀਕੀਆਂ ਦੀ ਕਲੀਸਿਆ ਦਾ ਅਧਿਐਨ ਕਰਦੇ ਹੋਏ ਹੇਠਾਂ ਅਨ੍ਹੇਰ ਯੁੱਗ ਤੱਕ ਚਲੇ ਜਾਓ। ਉਹਨਾਂ ਵਿੱਚੋਂ ਹਰੇਕ, ਉਹਨੇ ਆਖਿਆ, ਤੇਰੇ ਕੋਲ ਥੋੜ੍ਹਾ ਜਿਹਾ ਬਲ ਹੈ ਪਰ ਤੂੰ ਮੇਰੇ ਨਾਮ ਦਾ ਇਨਕਾਰ ਨਹੀਂ ਕੀਤਾ।'' ਅਤੇ ਅਗਲੀ ਕਲੀਸਿਯਾ, ''ਤੂੰ ਮਹਾਨ ਕੰਮ ਕੀਤਾ ਹੈ, ਪ੍ਰੰਤੂ ਤੂੰ ਮੇਰੇ ਨਾਮ ਦਾ ਤਿਆਗ ਨਹੀਂ ਕੀਤਾ ਹੈ।'' ਇਸ ਦੇ ਬਾਰੇ ਵਿੱਚ ਐਂਟੀ-ਨੀਸੀਆ ਫਾਦਰਸ ਨੂੰ ਪੜ੍ਹੋ। ''ਤੂੰ ਮੇਰੇ ਨਾਮ ਦਾ ਇਨਕਾਰ ਨਹੀਂ ਕੀਤਾ ਹੈ।'' ਫਿਰ, ਪੰਦਰਾਂ ਸੌ ਸਾਲ ਹਨ੍ਹੇਰ ਯੁੱਗਾਂ ਦੇ ਹਨ।

ਇਸ ਤੋ ਬਾਦ ਲੂਥਰਨ ਕਲੀਸਿਆ ਆਈ। ਉਹਨੇ ਆਖਿਆ, ''ਤੇਰੇ ਕੋਲ ਮੇਰਾ ਨਾਂ ਨਹੀਂ ਹੈ, ਪਰ ਤੇਰੇ ਕੋਲ ਇੱਕ ਨਾਂ ਹੈ।'' ਯਿਸੂ ਦਾ ਨਾਂ ਨਹੀਂ, ਪ੍ਰੰਤੂ ਲੂਥਰ ਦਾ ਨਾਂ, ਕੈਥੋਲਿਕ ਦਾ ਨਾਂ, ਬੈਪਟਿਸਟ ਦਾ ਨਾਂ ਪ੍ਰੈਸਬਾਈਟੇਰੀਅਨ ਦਾ ਨਾਂ ਹੈ। [ਭਾਈ ਬ੍ਰਾਨਹਾਮ ਹੱਥਾਂ ਨਾਲ ਦੋ ਵਾਰੀ ਤਾੜੀ ਵਜਾਉਂਦੇ ਹਨ। -ਸੰਪ] ''ਤੇਰੇ ਕੋਲ ਇੱਕ ਨਾਂ ਹੈ ਕਿ ਤੂੰ ਜੀਉਂਦਾ ਹੈ। 'ਅਸੀਂ ਇੱਕ ਜੀਉਂਦੀ ਕਲੀਸਿਆ ਹਾਂ। ਅਸੀਂ ਤਾਂ ਉਨਤੀ ਕਰ ਰਹੇ ਹਾਂ। ਅਸੀਂ ਤਾਂ ਅੱਗੇ ਵਧ ਰਹੇ ਹਾਂ।' ਪ੍ਰੰਤੂ ਤੂੰ ਤਾਂ ਮਰਿਆ ਹੋਇਆ ਹੈ !'' ਵਚਨ ਅਜਿਹਾ ਹੀ ਆਖਦਾ ਹੈ।

112 ''ਕਿਉਂਕਿ ਅਕਾਸ਼ ਦੇ ਹੇਠਾਂ ਅਤੇ ਮਨੁੱਖਾਂ ਦੇ ਵਿਚਕਾਰ ਕੋਈ ਹੋਰ ਨਾਂ ਨਹੀਂ ਦਿੱਤਾ ਗਿਆ ਜਿਸ ਤੋਂ ਬਚਾਇਆ ਜਾਣਾ ਹੈ।'' ਨਹੀਂ ਜੀ... ਬੈਪਟਿਸਟ ਤੁਹਾਨੂੰ ਨਹੀਂ ਬਚਾਉਂਦੇ। ਪ੍ਰੈਸਬਾਈਟੇਰੀਅਨ ਤੁਹਾਨੂੰ ਨਹੀਂ ਬਚਾਉਂਦੇ। ਕੈਥੋਲਿਕ ਤੁਹਾਨੂੰ ਨਹੀਂ ਬਚਾਉਂਦੇ। ਯਿਸੂ ਹੀ ਤੁਹਾਨੂੰ ਬਚਾਉਂਦਾ ਹੈ।

113 ਇਹਨਾਂ ਸਾਰੀਆਂ ਨਿੱਕੀਆਂ-ਨਿੱਕੀਆਂ ਕਿਤਾਬਾਂ ਵਿੱਚ ਮਨੁੱਖਾਂ ਰਾਹੀਂ ਬਣਾਏ ਹੋਏ ਸਿਧਾਂਤ ਰੱਖੇ ਹੋਏ ਹਨ, ''ਅਸੀਂ ਤਾਂ ਇਹੋ ਹੀ ਵਿਸ਼ਵਾਸ ਕਰਦੇ ਹਾਂ।'' ਅਤੇ ਇਹੋ ਹੀ ਕਾਰਣ ਹੈ ਕਿ ਅਸੀਂ ਇਹਦੇ ਤੋਂ ਦੂਰ ਹੀ ਰਹਿੰਦੇ ਹਾਂ। ਸਾਡੇ ਕੋਲ ਕੋਈ ਵੀ ਹੋਰ ਕਿਤਾਬ ਨਹੀਂ ਹੈ ਪ੍ਰੰਤੂ ਬਾਈਬਲ ਹੀ ਹੈ। ਕਿਸੇ ਵੀ ਮਨੁੱਖ ਦੀ ਅਗੁਵਾਈ ਨਹੀਂ ਹੈ, ਕੋਈ ਬਿਸ਼ਪ ਨਹੀਂ ਹੈ, ਪ੍ਰੰਤੂ ਅਗੁਵਾਈ ਕਰਨ ਲਈ ਸਿਰਫ ਪਵਿੱਤਰ ਆਤਮਾ ਹੈ। ਇਹ ਸਹੀ ਗੱਲ ਹੈ।

ਅਤੇ ਤਦ ਜੇਕਰ ਕੋਈ ਗਲਤ ਆਤਮਾ ਅੰਦਰ ਆ ਕੇ ਕਿਸੇ ਗੱਲ ਨੂੰ ਤੋੜਨ ਮਰੋੜਨ

ਲੱਗੇ, ਤਾਂ ਵਚਨ ਹੀ ਉਹਨੂੰ ਠੀਕ ਕਰੇਗਾ। ਆਖਦਾ ਹੈ, ''ਇਹ ਗਲਤ ਗੱਲ ਹੈ। ਇਸ ਤੋਂ ਦੂਰ ਹੀ ਰਹੋ।'' ਵੇਖਿਆ ? ਇਹ ਆਤਮਾ ਹੀ ਹੈ ਜਿਹੜਾ ਇੱਥੇ ਆ ਕੇ ਕਹਿੰਦਾ ਹੈ, ''ਇਹ ਗਲਤ ਗੱਲ ਹੈ।'' ਗਵਾਹੀ ਦਿੰਦਾ ਹੈ, ਕਿਉਂਕਿ ਸਾਡਾ ਆਤਮਾ ਉਹਦੇ ਆਤਮਾ ਨਾਲ ਮਿਲ ਕੇ ਗਵਾਹੀ ਦਿੰਦਾ ਹੈ।

ਇੱਥੇ ਆ ਕੇ ਕੋਈ ਆਖੇ, ''ਓਹ, ਸਾਨੂੰ ਅਜਿਹਾ ਕਰਨਾ ਚਾਹੀਦਾ ਹੈ। ਓਹ, ਮੈਂ ਸੋਚਦਾ ਹਾਂ ਕਿ ਉਹਨਾਂ ਲਈ *ਇਹ*, *ਉਹ* ਜਾਂ *ਕੁਝ ਹੋਰ* ਕਰਨਾ ਠੀਕ ਰਹੇਗਾ।''

114 ਪ੍ਰੰਤੂ ਆਤਮਾ ਆਖਦਾ ਹੈ, ''ਇਹਦੇ ਨਾਲ ਕੁਝ ਗੜਬੜ ਹੈ।'' ਅਸੀਂ ਠੀਕ ਬਾਈਬਲ ਵਿੱਚ ਵਾਪਿਸ ਜਾਂਦੇ ਹਾਂ, ਅਤੇ ਉਸ ਗੱਲ ਨੂੰ ਇੱਥੇ ਲੈ ਕੇ ਆਉਂਦੇ ਹਾਂ, ਅਸੀਂ ਇਸ ਤਰ੍ਹਾਂ ਹੀ ਕਰਦੇ ਹਾਂ। ''ਅਤੇ ਇਹ ਗਲਤ ਹੈ।ਇਸ ਤੋਂ ਦੂਰ ਹੀ ਰਹੋ।''

ਇਸੇ ਹੀ ਕਾਰਣ ਬਾਈਬਲ ਆਖਦੀ ਹੈ, ''ਇਹ ਉਹਦੇ ਲਈ ਹੈ ਜਿਹਦੇ ਕੋਲ ਬੁੱਧੀ ਹੈ। ਇਹ ਉਹਦੇ ਲਈ ਹੈ ਜਿਹਦੇ ਕੋਲ ਗਿਆਨ ਹੈ। ਇਹ ਉਹਦੇ ਲਈ ਹੈ ਜਿਹਦੇ ਕੋਲ *ਇਹ* ਹੈ।'' ਇੱਥੇ ਕਲੀਸਿਆ ਹੈ ਜਿਹੜੀ ਦਸਤੂਰ ਦੇ ਅਨੁਸਾਰ ਹੈ। ਕੀ ਤੁਸੀਂ ਪ੍ਰਮੇਸ਼ੁਰ ਦੀ ਮਹਾਨ ਯੋਜਨਾ ਨੂੰ ਨਹੀਂ ਵੇਖਦੇ ?

115 ਹੁਣ ਵੇਖੋ। ਫਿਲਦਿਲਫਿਏ ਦੀ ਕਲੀਸਿਆ ਦਾ ਯੁੱਗ ਮੈਥੋਡਿਸਟ ਦੀ ਕਲੀਸਿਆ ਦਾ ਯੁੱਗ ਸੀ, ਉਹ ਭਰੱਪਣ ਦੇ ਪਿਆਰ ਦਾ ਕਲੀਸਿਆਈ ਯੁੱਗ ਸੀ, ਸੁਧਾਰ ਦਾ ਸਮਾਂ ਸੀ। ਕਿਹੜਾ, ਜਦੋਂ ਇੰਗਲੈਂਡ ਵਿੱਚ ਕੈਲਵਿਨਵਾਦ ਦਾ ਐਂਗਲੀਕਨ ਚਰਚ ਬੜੀ ਤੇਜੀ ਨਾਲ ਉੱਠ ਖੜ੍ਹਾ ਹੋਇਆ, ਜਿੱਥੇ ਉਹਨਾਂ ਕੋਲ ਫੇਰ ਹੋਰ ਕੋਈ ਬੇਦਾਰੀ ਨਹੀਂ ਹੋਈ, ਉੱਥੇ ਤਾਂ ਬੀਜ ਵਾਪਿਸ ਤੂੜੀ ਵਿੱਚ ਚਲੇ ਗਏ ਸਨ, ਪ੍ਰਮੇਸ਼ੁਰ ਨੇ ਜੌਨ ਵੈਸਲੀ ਨੂੰ ਆਰਮੈਨੀਅਨ ਦੀ ਸਿੱਖਿਆ ਲੈਣ ਲਈ ਵਿਧੀਆਂ ਅਨੁਸਾਰ ਚੱਲਣ ਵਾਲੇ ਵਾਂਢੂ ਉਠਾ ਖੜ੍ਹਾ ਕੀਤਾ। ਅਤੇ ਜਦੋਂ ਉਹਨੇ ਅਜਿਹਾ ਕੀਤਾ, ਤਾਂ ਉਹਨੇ ਉਸ ਚੀਜ ਦੇ ਸਿਰ ਉੱਤੇ ਵਾਰ ਕੀਤਾ, ਅਤੇ ਇਹ ਇਸੇ ਦੇ ਹੀ ਯੋਗ ਸੀ। ਪਰ ਉਹਨੇ ਕੀ ਕੀਤਾ ਸੀ ? ਇੱਥੇ ਮੈਥੋਡਿਸਟ *ਉਹਦੇ* ਨਾਲ ਹੀ ਆਉਂਦੇ ਹਨ। ਅਤੇ ਉਹ ਉਸ ਤੋਂ ਐਨੀ ਦੂਰ ਚਲੇ ਗਏ *ਜਿੰਨੀ* ਦੂਰ ਕੈਲਵਿਨਵਾਦ ਵਾਲੇ ਚਲੇ ਗਏ ਸਨ। ਹੁਣ, ਉਹਦੇ ਵਿਚਕਾਰ ਮੈਥੋਡਿਸਟ ਅਤੇ ਬੈਪਟਿਸਟ ਹਨ।

116 ਕਾਸ਼ ਕਿ ਅਸੀਂ ਇੱਥੇ ਵਚਨ ਵਿੱਚ ਪ੍ਰਕਾਸ਼ ਦੀ ਪੋਥੀ ਦੇ 3 ਅਧਿਆਏ ਨੂੰ ਲੈ ਸੱਕਦੇ, ਅਤੇ ਤੁਸੀਂ ਇਹਨੂੰ ਸਮਝ ਜਾਂਦੇ। ਹੁਣ ਇਸ ਤੋਂ ਪਹਿਲਾਂ ਕਿ... ਆਖਰੀ ਕਲੀਸਿਆਈ ਯੁੱਗ ਜਿਹੜਾ ਪੰਤੇਕੁਸਤ ਦਾ ਸੀ, ਜਿਹੜਾ ਸੀਲਗਰਮ ਸੀ, ਉਹੋ ਹੀ ਲਾਉਦੀਕੀਆ ਦਾ ਯੁੱਗ ਸੀ, ਜਿਸਨੂੰ ਰੱਦ ਕਰ ਦਿੱਤਾ ਗਿਆ ਹੈ।

ਪ੍ਰੰਤੂ ਯਾਦ ਰੱਖੋ, ਜਿਵੇਂ ਯਿਸੂ ਸਲੀਬ ਉੱਤੇ ਸੀ, ਸੋਨੇ ਦੇ ਸੱਤ ਸ਼ਮਾਦਾਨਾਂ ਦੇ ਵਿਚਕਾਰ ਖੜ੍ਹਾ ਵਿਖਾਈ ਦੇ ਰਿਹਾ ਹੈ, ਸੱਭ ਤੋ ਵੱਧ ਅਨ੍ਹੇਰਾ ਵਾਲਾ ਉਹ ਹੀ ਸੀ ਜਿਹੜਾ ਉਸ ਕੋਲੋਂ ਸੱਭ ਤੋਂ ਦੂਰ ਸੀ, ਉਹਦਾ ਸੱਜਾ ਹੱਥ ਅਤੇ ਉਹਦਾ ਖੱਬਾ ਹੱਥ। ''ਅਤੇ ਉਹ ਅਲਫਾ ਅਤੇ ਉਮੇਗਾ ਵਾਂਢੂ ਵਿਖਾਈ ਦਿੰਦਾ ਸੀ।'' ਵਿਚਕਾਰ ਨਹੀਂ ਹੈ। ਜਿਵੇਂ ਉਹਨੇ ਆਪਣੇ ਹੱਥ ਫੈਲਾਏ ਹੋਏ ਸਨ, ਉਹ ''ਅਲਫਾ ਅਤੇ ਉਮੇਗਾ ਹੈ। ''ਅਤੇ ਉਹ ਪੁਖਰਾਜ ਅਤੇ ਅਕੀਕ ਪੱਥਰ ਸੀ,'' ਜੋ ਕਿ ਬਿਨਯਾਮੀਨ ਅਤੇ ਰਊਬੇਨ ਸਨ, ''ਪਹਿਲਾ ਅਤੇ ਪਿਛਲਾ।''ਉੱਥੇ ਉਹਨੇ ਆਪਣੇ ਹੱਥ ਫੈਲਾਏ

ਹੋਏ ਸਨ। ਉਹ ਉੱਥੇ ਖੜ੍ਹਾ ਸੀ।

117 ਪ੍ਰੰਤੂ ਯਾਦ ਰੱਖੋ, ਇੱਥੋਂ ਬਾਹਰ ਜਾਣ ਲੱਗਿਆਂ ਤੁਸੀਂ ਭੁਲੇਖੇ ਵਿੱਚ ਨਾ ਪੈ ਜਾਇਓ। ਕਿਉਂਕਿ ਜਦੋਂ ਉਹਨਾਂ ਨੇ ਇੱਥੇ ਇਹਨਾਂ ਜੱਥੇਬੰਦੀਆਂ ਦਿਆਂ ਨਾਵਾਂ ਨੂੰ ਕਬੂਲ ਕੀਤਾ, ਤਾਂ ਉਹ ਉੱਥੇ ਹੀ ਉਹਨਾਂ ਗੱਲਾਂ ਵਿੱਚ ਮਰ ਗਏ। ਪਰ ਉਹਨੇ ਆਖਿਆ, ''ਮੈਥੋਡਿਸਟਾਂ ਅਤੇ ਪੈਂਟੀਕਾਸਟਲਾਂ ਵਿੱਚੋਂ ਬਾਹਰ ਜਾਣ ਲਈ, ਮੈਂ ਤੁਹਾਡੇ ਸਾਹਮਣੇ ਇੱਕ ਬੂਹਾ ਖੋਲ੍ਹਿਆ ਹੋਇਆ ਹੈ।'' ਤੁਸੀਂ ਇੱਥੇ ਹੋ, ਨਾਮ ਦੁਬਾਰਾ ਬਹਾਲ ਕੀਤਾ ਗਿਆ ਹੈ। ''ਮੈਂ ਇੱਕ ਬੂਹਾ ਖੋਲਿਆ ਹੋਇਆ ਹੈ। ਕਿਉਂਕਿ ਮੈਂ ਹੀ ਰਾਹ, ਸੱਚਿਆਈ, ਅਤੇ ਜੀਵਨ ਹਾਂ। ਮੇਰੇ ਬਿਨਾਂ ਕੋਈ ਵੀ ਪਿਤਾ ਕੋਲ ਨਹੀਂ ਆ ਸੱਕਦਾ।'' ਇਹ ਕੀ ਹੈ ? ਖੁੱਲ੍ਹਿਆ ਹੋਇਆ ਬੂਹਾ।

118 ''ਤੰਗ !'' ਤੰਗ ਰਾਹ, ਜੇਕਰ ਤੁਸੀਂ ਧਿਆਨ ਦਿੱਤਾ ਹੋਵੇ, ਇਹ ਸਿੱਧਾ (S-T-R-A-I-G-H-T) ਨਹੀਂ ਹੈ। ਇਹ ਤੰਗ (S-T-R-A-I-T) ਹੈ। ''ਭੀੜਾ ਹੈ ਉਹ ਰਾਹ।'' ਤੰਗ, ਪਾਣੀ ਹੈ।

ਕਿਵੇਂ ? ਯਿਸੂ ਦੇ ਨਾਮ ਵੱਲ ਵਾਪਿਸ ਜਾਓ, ਜਿਹੜਾ ਤੇਰੇ ਕੋਲ ਪਹਿਲਾਂ ਸੀ। ਤੇਰੇ ਕੋਲ ਨਹੀਂ ... ਤੇਰੇ ਕੋਲ ਥੋੜ੍ਹਾ ਜਿਹਾ ਹੀ ਜੀਵਨ ਹੈ ਕਿ ਤੂੰ ਮੇਰੇ ਨਾਂ ਦਾ ਇਨਕਾਰ ਨਹੀਂ ਕੀਤਾ।'' ਤਦ, ਫੇਰ ਉਹਨਾਂ ਨੇ *ਇੱਥੇ* ਉਹਨੂੰ ਗੁਆ ਦਿੱਤਾ ਸੀ, ਅਤੇ ਉਹ ਕੈਥੋਲਿਕ ਜੱਥੇਬੰਦੀ ਵਿੱਚ ਚਲੇ ਗਏ; ਲੂਥਰਨ ਜੱਥੇਬੰਦੀ ਵਿੱਚੋਂ ਬਾਹਰ ਨਿੱਕਲੇ, ਵੈਸਲੀ ਦੀ ਜੱਥੇਬੰਦੀ ਵਿੱਚੋਂ ਬਾਹਰ ਨਿੱਕਲੇ, ਅਤੇ ਇਹਦੇ ਤੋਂ ਬਾਦ ਉਹ ਸਿੱਧੇ ਹੀ ਪੈਂਟੀਕਾਸਟਲਾਂ ਵਿੱਚ ਜਾ ਰਹੇ ਹਨ।

ਪਰ, ਅੰਤ ਸਮੇਂ ਤੋਂ ਠੀਕ ਪਹਿਲਾਂ, ਬੀਜ ਧਰਤੀ ਉੱਤੋਂ ਲਗਭਗ ਚਲਾ ਜਾਂਦਾ ਹੈ। ਧਾਰਮਿਕਤਾ ਦਾ ਬੀਜ ਜਾਂ ਵੰਸ ਆਪਸ ਵਿੱਚ ਇਕੱਠੇ ਹੋ ਕੇ ਬਾਹਰ ਨਿੱਕਲ ਜਾਂਦਾ ਹੈ। ਅਤੇ ਸੱਪ ਦਾ ਵੰਸ ਤੇਜੀ ਨਾਲ ਛੇਤੀ-ਛੇਤੀ ਵੱਧਦਾ ਹੋਇਆ ਆਪਸ ਵਿੱਚ ਇਕੱਠਾ ਹੋ ਰਿਹਾ ਹੈ, ਅਤੇ ਪ੍ਰਮਾਣੂ ਯੁੱਗ ਵਿੱਚ ਨਾਸ਼ ਹੋਣ ਲਈ ਤਿਆਰ ਹੋ ਰਿਹਾ ਹੈ। ''ਪ੍ਰੰਤੂ ਉਸ ਸਮੇਂ ਤੋਂ ਠੀਕ ਪਹਿਲਾਂ, ਮੈਂ ਬਚਣ ਲਈ ਇੱਕ ਰਾਹ ਕੱਢਾਂਗਾ। ਮੈਂ ਤੁਹਾਡੇ ਸਾਹਮਣੇ ਇੱਕ ਖੁੱਲ੍ਹਾ ਹੋਇਆ ਬੂਹਾ ਰੱਖਾਂਗਾ। ਭੀੜਾ ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹ ਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ। ਪਰ ਮੋਕਲਾ ਹੈ ਉਹ ਫਾਟਕ ਅਤੇ ਖੁੱਲ੍ਹਾ ਹੈ ਉਹ ਰਾਹ ਜਿਹੜਾ ਨਾਸ ਨੂੰ ਜਾਂਦਾ ਹੈ, ਅਤੇ ਬਹੁਤੇ ਹਨ ਜਿਹੜੇ ਉਸ ਤੇ ਜਾਂਦੇ ਹਨ।'' ਇਹ ਹੈ ਗੱਲ। ਇਹਦੇ ਤੋਂ ਠੀਕ ਪਹਿਲਾਂ ਇਹ ਮਹਾਨ ਪ੍ਰਕਾਸ਼ ਹੋਣਾ ਚਾਹੀਦਾ ਸੀ।

119 ਮੈਂ ਬਹੁਤ ਹੀ ਅਨੰਦ ਹਾਂ। ਮੈਂ ਨਹੀਂ ਜਾਣਦਾ ਹਾਂ ਕਿ ਮੈਂ ਕਿਵੇਂ ਇਹਨੂੰ ਬਿਆਨ ਕਰਾਂ। ਮੈਂ ਬਹੁਤ ਹੀ ਖੁਸ਼ ਹਾਂ।ਉਹ ਇੱਥੇ ਹੈ, ਅਤੇ ਇਹ ਸਮਾਪਤ ਕਰਨ ਦਾ ਸਮਾਂ ਹੋ ਗਿਆ ਹੈ, ਅਤੇ ਮੈਂ ਅਜੇ ਤੱਕ ਆਪਣੇ ਵਿਸ਼ੇ ਨੂੰ ਛੂਹਿਆ ਵੀ ਨਹੀਂ ਹੈ।

120 ਮੈਂ '*ਪਵਿੱਤਰ ਆਤਮਾ ਦੇ ਬਪਤਿਸਮੇ*' ਉੱਤੇ ਬੋਲਣਾ ਚਾਹੁੰਦਾ ਹਾਂ। ਮੈਂ ਇਹਨੂੰ ਛੂਹਣ ਜਾ ਰਿਹਾ ਹਾਂ, ਕਿਸੇ ਵੀ ਤਰ੍ਹਾਂ, ਦਸਾਂ, ਪੰਦਰਾਂ ਮਿੰਟਾਂ ਲਈ। ਹੁਣ, ਮੈਂ ਤੁਹਾਨੂੰ ਪਿਛਲੀ ਰਾਤ ਵਾਂਙ ਤਿੰਨ ਘੰਟੇ ਬਿਠਾ ਕੇ ਨਹੀਂ ਰੱਖਾਂਗਾ; ਮੈਂ ਕੋਸ਼ਿਸ਼ ਕਰਾਂਗਾ ਕਿ ਅਜਿਹਾ ਨਾ ਹੋਵੇ।

121 ਹੁਣ, ਜੇਕਰ ਉਹਨਾਂ ਕੋਲ ਝੂਠਾ ਬਪਤਿਸਮਾ ਹੈ, ਤਾਂ ਉਹ ਜੱਥੇਬੰਦੀਆਂ ਗਲਤ ਹਨ। ਅਤੇ

ਜਿਹੜਾ ਵੀ ਅਜਿਹੀ ਜੱਥੇਬੰਦੀ ਦਾ ਸਮਰਥਨ ਕਰਦਾ ਹੈ, ਤਾਂ ਉਹ ਪੂਰੀ ਤਰ੍ਹਾਂ ਨਾਲ ਗਲਤ ਚੀਜ਼ ਦਾ ਸਮਰਥਨ ਕਰਦਾ ਹੈ। ਉਹ ਉਸ ਚੀਜ਼ ਦਾ ਸਮਰਥਨ ਕਰ ਰਹੇ ਹਨ ਜਿਹਦੇ ਵਿਰੁੱਧ ਪ੍ਰਮੇਸ਼ੁਰ ਹੈ। ਕਲੀਸਿਆਈ ਯੁੱਗਾਂ ਵਿੱਚ ਅਜਿਹਾ ਹੀ ਆਖਿਆ ਗਿਆ ਹੈ। ਵਚਨ ਵਿੱਚ ਵੀ ਅਜਿਹਾ ਹੀ ਆਖਿਆ ਗਿਆ ਹੈ, ਵਚਨ ਵਿੱਚ ਉਹਨਾਂ ਨੂੰ ਕੰਜਰੀਆਂ ਕਿਹਾ ਗਿਆ ਹੈ, ਕਿਉਂਕਿ, ''ਉਹ ਮਨੁੱਖਾਂ ਦੇ ਹੁਕਮਾਂ ਨੂੰ ਵਚਨ ਦੀ ਸਿੱਖਿਆ ਵਾਂਙੂ ਸਿਖਾਉਂਦੇ ਹਨ।'' ਹੁਣ, ਅਸੀਂ...

122 ਜਿਆਦਾ ਸਮਾਂ ਨਹੀਂ ਹੋਇਆ ਕਿ ਮੈਂ ਕਿਸੇ ਥਾਂ ਇੱਕ ਆਦਮੀ ਕੋਲ ਗਿਆ ਜਿਹੜਾ ਇੱਥੇ ਆਇਆ ਸੀ, ਉਹ ਰੱਬੀ ਚੰਗਾਈ ਉੱਤੇ ਲੇਖ ਲਿਖ ਰਿਹਾ ਸੀ। ਅਤੇ ਉਹਨੇ ਆਖਿਆ, ''ਭਾਈ ਬ੍ਰਾਨਹਾਮ, ਤੁਹਾਡੇ ਬਾਰੇ ਸਿਰਫ ਇੱਕੋ ਹੀ ਗੱਲ ਹੈ,'' ਆਖਿਆ, ''ਇੱਕੋ ਹੀ ਗੱਲ ਹੈ ਜਿਹੜੀ ਲੋਕਾਂ ਨੇ ਤੁਹਾਡੇ ਵਿਰੋਧ ਵਿੱਚ ਫੜ੍ਹੀ ਹੋਈ ਹੈ ਕਿ ਤੁਸੀਂ ਪੈਂਟੀਕਾਸਟਲਾਂ ਕੋਲ ਜਾਂਦੇ ਹੋ।''

ਮੈਂ ਕਿਹਾ, ''ਅੱਛਾ, ਜੇਕਰ ਤੁਸੀਂ ਆਪਣੇ ਸ਼ਹਿਰ ਵਿੱਚ ਮੇਰਾ ਸਮਰਥਨ ਕਰੋਗੇ ਤਾਂ ਮੈਂ ਤੁਹਾਡੀ ਕਲੀਸਿਆ ਵਿੱਚ ਵੀ ਆ ਜਾਵਾਂਗਾ।''

ਉਹਨੇ ਆਖਿਆ, ''ਅੱਛਾ,'' ਆਖਿਆ, ''ਮੈਂ-ਮੈਂ ਇਸ ਮਾਮਲੇ ਨੂੰ ਲੈ ਕੇ ਗਿਆ ਸੀ।'' ਕਿਹਾ, ''ਮੈਂ ਇਸ ਗੱਲ ਨੂੰ ਫਲਾਣੇ-ਫਲਾਣੇ ਬਿਸ਼ਪ ਕੋਲ, ਮੈਥੋਡਿਸਟ ਕਲੀਸਿਆ ਕੋਲ ਲੈ ਕੇ ਗਿਆ ਸੀ।'' ਇਹਦੇ ਬਾਰੇ ਖਿੱਚੋ-ਤਾਣੀ ਕਰਨ ਦੀ ਮੈਨੂੰ ਕੋਈ ਲੋੜ ਨਹੀਂ ਹੈ। ਕਿਹਾ, ''ਮੈਂ ਇਸ ਮਾਮਲੇ ਨੂੰ ਲੈ ਕੇ ਗਿਆ ਸੀ, ਅਤੇ ਉਹਨਾਂ ਨੇ ਆਖਿਆ, ''ਹੁਣ, ਤੁਸੀਂ ਵੇਖੋ, ਜਿਵੇਂ ਕਿ ਅਸੀਂ ਮੈਥੋਡਿਸਟ ਹਾਂ, ਅਸੀਂ ਇਹਨਾਂ ਕਰਾਮਾਤਾਂ ਵਿੱਚ ਨਿਹਚਾ ਨਹੀਂ ਕਰਦੇ ਹਾਂ।'''

123 ਹੁਣ ਤੁਸੀਂ ਕੀ ਕਰਨ ਜਾ ਰਹੇ ਹੋ ? ਕੀ ਹੁਣ ਤੁਸੀਂ ਮੈਥੋਡਿਸਟ ਕਲੀਸਿਆ ਜਾਂ ਕਿਸੇ ਜੱਥੇਬੰਦੀ ਦੀ ਸੁਣਨ ਜਾ ਰਹੇ ਹੋ ? ਜੇਕਰ ਤੁਸੀਂ ਅਜਿਹਾ ਕਰਨ ਵਾਲੇ ਹੋ, ਤਾਂ ਤੁਸੀਂ ਕੰਜਰੀ ਦਾ ਧਰਮ ਮੰਨਣ ਵਾਲੇ ਹੋ। ਤੁਸੀਂ ਕੀ ਸੋਚਦੇ ਹੋ ਕਿ ਬੈਪਟਿਸਟ ਕਲੀਸਿਆ ਇਸ ਪ੍ਰਕਾਰ ਦੇ ਸੰਗਤ ਦਾ ਸਹਿਯੋਗ ਦੇਵੇਗੀ ? [ਸਭਾ ਆਖਦੀ ਹੈ, ''ਨਹੀਂ ਜੀ।'' -ਸੰਪਾਦਕ] ਕਿਉਂ ? ਕਿਉਂਕਿ ਉਹ ਤਾਂ ਬੈਪਟਿਸਟ ਹਨ। ਬਾਈਬਲ ਆਖਦੀ ਹੈ ਕਿ ਉਹ ਕੰਜਰੀਆਂ ਹਨ। ਉਹਨੇ ਆਪਣੀਆਂ ਧੀਆਂ ਪੈਦਾ ਕੀਤੀਆਂ ਹਨ, ਅਤੇ ਉਹ ਵੀ, ''ਕੰਜਰੀਆਂ'' ਹਨ। ਕਿਉਂ ? ਕਿਉਂਕਿ ਉਹ ਪ੍ਰਮੇਸ਼ੁਰ ਦੀ ਸਿੱਖਿਆ ਦੇਣ ਦੀ ਬਜਾਇ ਮਨੁੱਖਾਂ ਦੀਆਂ ਬਣਾਈਆਂ ਹੋਈਆ ਸਿੱਖਿਆਵਾਂ ਦੇ ਰਹੀਆਂ ਹਨ। ਇਹੋ ਹੀ ਕਾਰਣ ਹੈ ਕਿ ਅਸੀਂ ਬੈਪਟਿਸਟਾਂ ਨਾਲ ਜੱਥੇਬੰਦ ਨਹੀਂ ਹਾਂ। ਇਸੇ ਹੀ ਕਾਰਣ ਅਸੀਂ ਮੈਥੋਡਿਸਟਾਂ ਨਾਲ ਜੱਥੇਬੰਦ ਨਹੀਂ ਹਾਂ।

124 ਹੁਣ, ਅਸੀਂ ਪੈਟੀਕਾਸਟਲਾਂ ਨਾਲ ਜੱਥੇਬੰਦ ਕਿਉਂ ਨਹੀਂ ਹਾਂ ? ਗੱਲ ਇਹ ਹੈ। ਬਿਲਕੁਲ ਠੀਕ ਗੱਲ ਹੈ। ਪੈਂਟੀਕਾਸਟਲ ਤਾਂ ਉੱਥੇ ਹੀ ਟਿਕੇ ਰਹਿਣਗੇ ਜਿੱਥੇ... ਜੇ-ਜੇ ਲੂਥਰਨ ਉੱਥੇ ਹੀ ਟਿਕੇ ਰਹਿੰਦੇ ਜਿੱਥੇ ਇਹਨਾਂ ਦੀ ਸ਼ੁਰੂਆਤ ਹੋਈ ਸੀ, ਤਾਂ ਉਹੋ ਹੀ ਪੈਂਟੀਕਾਸਟਲ ਬਣ ਗਏ ਹੁੰਦੇ। ਪਰ ਉਹ ਤਾਂ ਜੱਥੇਬੰਦ ਹੋ ਗਏ, ਇਸੇ ਲਈ ਪ੍ਰਮੇਸ਼ੁਰ ਨੇ ਦੂਸਰੇ ਪੈਂਟੀਕਾਸਟਲ ਨੂੰ ਉਠਾਇਆ, ਜਿਹੜਾ ਕਿ ਵੈਸਲੀ ਅਖਵਾਇਆ। ਅਤੇ ਇਸ ਲਈ ਜਦੋਂ ਵੈਜ਼ਲੀ ਜੱਥੇਬੰਦ ਹੋ ਗਿਆ, ਤਾਂ ਉਹਨੇ ਕਿਸੇ ਹੋਰ ਨੂੰ ਉਠਾ ਖੜ੍ਹਾ ਕੀਤਾ ਜਿਹੜਾ ਬੈਪਟਿਸਟ ਅਖਵਾਇਆ। ਜਦੋਂ ਉਹ ਜੱਥੇਬੰਦ ਹੋ ਗਏ ਤਾਂ ਉਹਨੇ ਕਿਸੇ ਹੋਰ ਨੂੰ ਉਠਾ ਖੜ੍ਹਾ ਕੀਤਾ ਜਿਹੜਾ ਕੈਂਪਬੇਲ

ਅਖਵਾਇਆ। ਜਦੋਂ ਉਹ ਜੱਥੇਬੰਦ ਹੋ ਗਏ ਤਾਂ ਉਹਨੇ ਦੂਸਰੇ ਨੂੰ ਉਠਾ ਖੜ੍ਹਾ ਕੀਤਾ ਜਿਹੜਾ ਪੈਂਟੀਕਾਸਟਲ ਅਖਵਾਇਆ। ਜਦੋਂ ਉਹ ਜੱਥੇਬੰਦ ਹੋ ਗਏ ਤਾਂ ਉਹ ਅਗਾਂਹ ਚਲਾ ਗਿਆ। ਤੁਸੀਂ ਬਸ ਧਿਆਨ ਦਿਓ ਅਤੇ ਵੇਖੋ।

125 ਇਹ ਪ੍ਰਮੇਸ਼ੁਰ ਦੀ ਰੱਬੀ ਯੋਜਨਾ ਨਹੀਂ ਹੈ। ਇਹ ਪ੍ਰਮੇਸ਼ੁਰ ਦੀ ਯੋਜਨਾ ਨਹੀਂ ਹੈ ਕਿ ਉਹ ਜੱਥੇਬੰਦੀਆਂ ਹੋਣ। ਇਸ ਲਈ, ਤੁਸੀਂ ਵੇਖੋ ਕਿ ਇਹੋ ਹੀ ਕਾਰਨ ਹੈ ਕਿ ਅਸੀਂ ਇੱਕ ਜੱਥੇਬੰਦੀ ਨਹੀਂ ਹਾਂ।

126 ਇਹਨੂੰ ਯਾਦ ਰੱਖੋ। ਹੁਣ, ਜਿਵੇਂ ਕਿ ਮੈਂ ਸ਼ੁਰੂ ਵਿੱਚ ਹੀ ਆਖਿਆ ਸੀ, ਕਿ ਜੇਕਰ ਮੈਂ ਤੁਹਾਨੂੰ ਠੇਸ ਪਹੁੰਚਾਉਂਦਾ ਹਾਂ, ਤਾਂ ਅਜਿਹਾ ਕਰਨ ਦਾ ਮੇਰਾ ਕੋਈ ਮਤਲਬ ਨਹੀਂ ਹੈ। ਇਹ ਤਾਂ ਇਸ ਕਲੀਸਿਆ ਲਈ ਹੈ। ਜੇਕਰ ਤੁਸੀਂ ਇੱਥੇ ਬੈਠੇ ਹੋਏ ਹੋ, ਤਾਂ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਇੱਥੇ ਹੋਵੋ, ਪ੍ਰੰਤੂ ਅਸੀਂ ਤਾਂ ਇਸੇ ਦੇ ਲਈ ਹੀ ਖੜ੍ਹੇ ਹਾਂ, ਅਤੇ ਇਸੇ ਹੀ ਕਾਰਣ ਅਸੀਂ ਇੱਕ ਜੱਥੇਬੰਦੀ ਨਹੀਂ ਹਾਂ।

127 ਹੁਣ, ਜੱਥੇਬੰਦੀ ਸ਼ੁਰੂ ਤੋਂ ਹੀ ਝੂਠੀ ਹੈ, ਅਤੇ ਉਹਦੇ ਸਿਖਾਉਣ ਵਾਲੇ ਝੂਠੇ ਹਨ। ਮੈਂ ਆਖਿਆ ਸੀ ਕਿ ਇਹਦੇ ਨਾਲ ਤੁਹਾਨੂੰ ਸੱਟ ਵੱਜੇਗੀ, ਅਤੇ ਮੈਂ ਚਾਹੁੰਦਾ ਹਾਂ ਕਿ ਤੁਹਾਨੂੰ ਇਹਦੇ ਨਾਲ ਸੱਟ ਵੱਜੇ। ਉਹ ਪੂਰੀ ਤਰ੍ਹਾਂ ਨਾਲ ਝੂਠੇ ਸਿਖਾਉਣ ਵਾਲੇ ਹਨ। ਕੋਈ ਵੀ ਮਨੁੱਖ ਜਿਹੜਾ ਇਹਨਾਂ ਗੱਲਾਂ ਨੂੰ ਜਾਣਦਾ ਹੈ, ਫਿਰ ਵੀ ਖੜ੍ਹਾ ਹੋ ਕੇ ਬੈਪਟਿਸਟ, ਮੈਥੋਡਿਸਟ, ਲੂਥਰਨ ਜਾਂ ਪੈਂਟੀਕਾਸਟਲਾਂ ਨਾਲ ਸਮਝੌਤਾ ਕਰੇ, ਜਦੋ ਕਿ ਉਹਨੂੰ ਪਤਾ ਹੈ ਕਿ ਬਾਈਬਲ ਕੁਝ ਅਲੱਗ ਹੀ ਸਿਖਾਉਂਦੀ ਹੈ, ਤਾਂ ਉਹ ਇੱਕ ਝੂਠਾ ਨਬੀ ਹੈ। ਇਸਦੇ ਨਾਲ ਜੁੜਨ ਦੀ ਕੋਈ ਲੋੜ ਨਹੀਂ ਹੈ। ਇਹ ਬਿਲਕੁਲ ਸਹੀ ਗੱਲ ਹੈ। ਇਹੋ ਹੀ ਕਾਰਨ ਹੈ ਕਿ ਮੈਂ ਅਸੈਂਬਲੀਆਂ ਵਿੱਚ ਸ਼ਾਮਿਲ ਨਹੀਂ ਹੁੰਦਾ। ਇਸੇ ਹੀ ਕਾਰਣ ਮੈਂ ਵਨਨੈੱਸ ਨਾਲ ਨਹੀਂ ਮਿਲਿਆ। ਇਸੇ ਹੀ ਕਾਰਨ ਮੈਂ ਬੈਪਟਿਸਟ, ਮੈਥੋਡਿਸਟ, ਜਾਂ ਪ੍ਰੈਸਬਾਈਟੇਰੀਅਨ ਨਾਲ ਨਹੀਂ ਮਿਲਿਆ, ਕਿਉਂਕਿ ਉਹ ਝੂਠੇ ਹਨ। ਮੇਰਾ ਮਤਲਬ ਇਹ ਨਹੀਂ ਹੈ ਕਿ ਉਹਨਾਂ ਦੇ ਲੋਕ ਝੂਠੇ ਹਨ। ਮੇਰਾ ਮਤਲਬ ਹੈ ਕਿ ਉਹਨਾਂ ਦਾ ਧਰਮ ਗਿਆਨ ਝੂਠਾ ਹੈ, ਕਿਉਂਕਿ ਉਹ ਪ੍ਰਮੇਸ਼ੁਰ ਦੇ ਵਚਨ ਨਾਲ ਮੇਲ ਨਹੀਂ ਖਾਂਦਾ ਹੈ।

ਪੌਲੁਸ ਨੇ ਆਖਿਆ, ''ਜੇਕਰ...'' ਉਹ ਉੱਥੇ ਗਿਆ... ਇਸ ਤੋਂ ਪਹਿਲਾਂ ਕਿ ਅਸੀਂ ਪਾਣੀ ਦੇ ਬਪਤਿਸਮੇ ਨੂੰ ਛੱਡੀਏ, ਆਓ ਮੈਂ ਤੁਹਾਨੂੰ ਉਹ ਵਿਖਾਵਾਂ ਜੋ ਪੌਲੁਸ ਨੇ ਆਖਿਆ ਸੀ।

128 ਜਦੋਂ ਯਿਸੂ ਨੇ ਇਹ ਗੱਲ ਮੱਤੀ 28:19 ਵਿੱਚ ਆਖੀ, ਅਤੇ ਉਹਦੇ ਤੋਂ ਦਸ ਦਿਨਾਂ ਬਾਦ ਪਤਰਸ ਨੇ ਆਖਿਆ, ''ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ।''

ਇਹਦੇ ਤੋਂ ਅਗਲੀ ਵਾਰੀ ਬਪਤਿਸਮੇ ਦਾ ਜਿਕਰ ਉਸ ਸਮੇਂ ਕੀਤਾ ਗਿਆ, ਜਦੋਂ ਪ੍ਰਚਾਰਕ ਫਿੱਲਿਪੁਸ ਸਾਮਰੀ ਲੋਕਾਂ ਨੂੰ ਪ੍ਰਚਾਰ ਕਰਨ ਲਈ ਹੇਠਾਂ ਗਿਆ ਸੀ। ਅਤੇ ਉਹਨੇ ਉਹਨਾਂ ਵਿੱਚੋਂ ਹਰੇਕ ਨੂੰ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਸੀ। ਪੌਲੁਸ... ਪਤਰਸ ਆਇਆ, ਜਾਂ ਬਲਕਿ ਪਤਰਸ ਅਤੇ ਯੂਹੰਨਾ ਆਏ, ਅਤੇ ਉਹਨਾਂ ਨੇ ਉਨ੍ਹਾਂ ਉੱਤੇ ਹੱਥ ਰੱਖੇ; ਤਾਂ ਉਹਨਾਂ ਨੇ ਪਵਿੱਤਰ ਆਤਮਾ ਪਾਇਆ।

ਫੇਰ ਉਹ ਉਤਾਂਹ ਗਏ। ਫੇਰ ਪਤਰਸ ਸਿੱਧਾ ਕੁਰਨੇਲੀਯੁਸ ਦੇ ਘਰ ਗਿਆ। ਅਤੇ ਜਦੋਂ

ਕੁਰਨੇਲੀਯੁਸ... ''ਪਤਰਸ ਇਹ ਗੱਲਾਂ ਕਰਦਾ ਹੀ ਸੀ ਕਿ ਪਵਿੱਤਰ ਆਤਮਾ ਉਹਨਾਂ ਉੱਤੇ ਉੱਤਰਿਆ।'' ਪਤਰਸ ਨੇ ਆਖਿਆ, ''ਅਸੀਂ ਪਾਣੀ ਨੂੰ ਨਹੀਂ ਰੋਕ ਸੱਕਦੇ ਹਾਂ ਕਿ ਇਹਨਾਂ ਲੋਕਾਂ ਨੂੰ ਜਿਨ੍ਹਾਂ ਸਾਡੇ ਵਾਂਙੂ ਪਵਿੱਤਰ ਆਤਮਾ ਪਾਇਆ ਹੈ।'' ਅਤੇ ਉਹਨੇ ਉਹਨਾਂ ਨੂੰ ਯਿਸੂ ਮਸੀਹ ਦੇ ਨਾਂ ਵਿੱਚ ਬਪਤਿਸਮਾ ਲੈਣ ਦਾ ਹੁਕਮ ਦਿੱਤਾ।

129 ਹੁਣ, ਪੌਲੁਸ ਅਫਸੁਸ ਦੇ ਉੱਪਰਲੇ ਤੱਟ ਉੱਤੋਂ ਲੰਘਿਆ; ਉਹਨੂੰ ਕੁਝ ਬੈਪਟਿਸਟ ਮਿਲੇ। ਅਤੇ ਉਹਨਾਂ ਕੋਲ ਇੱਕ... ਉਹਨਾਂ ਕੋਲ ਉੱਥੇ ਇੱਕ ਰਸੂਲ ਸੀ, ਬਾਈਬਲ ਦਾ ਰਸੂਲ, ਅਤੇ ਉਹਦਾ ਨਾਂ ਅਪੁੱਲੋਸ ਸੀ। ਉਹ ਇੱਕ ਵਕੀਲ ਸੀ, ਉਹ ਬਦਲਿਆ ਹੋਇਆ ਸੀ, ਅਤੇ ਉਹ ਬਾਈਬਲ ਵਿੱਚੋਂ ਹੀ ਲੋਕਾਂ ਨੂੰ ਇਹ ਸਿੱਧ ਕਰ ਰਿਹਾ ਸੀ ਕਿ ਯਿਸੂ ਹੀ ਮਸੀਹ ਹੈ। ਉਹਨੇ ਆਖਿਆ, ''ਮਸੀਹ ਨੇ ਕੁਝ ਖਾਸ ਕੰਮ ਕਰਨੇ ਸਨ। ਉਹੋ ਮਨੁੱਖ ਹੀ ਮਸੀਹ ਸੀ।''

130 ਅਤੇ ਉੱਥੇ ਉਹਨਾਂ ਕੋਲ ਲੋਕਾਂ ਦਾ ਇੱਕ ਵੱਡਾ ਝੁੰਢ ਸੀ, ਅਤੇ ਉਹ ਖੁਸ਼ੀ ਮਨਾ ਰਹੇ ਸਨ, ਅਤੇ ਚੀਕਾਂ–ਨਾਅਰੇ ਮਾਰ ਰਹੇ ਸਨ, ਅਤੇ ਉਹਨਾਂ ਦਾ ਇੱਕ ਵਧੀਆ ਸਮਾਂ ਚੱਲ ਰਿਹਾ ਸੀ। ਅਕੂਲਾ ਅਤੇ ਪ੍ਰਿਸਕਿੱਲਾ ਉੱਥੇ ਜਾ ਕੇ ਉਹਨਾਂ ਵਿੱਚ ਜਾ ਮਿਲੇ ਸਨ, ਅਤੇ ਉਹਨਾਂ ਦੀ ਉਹਨਾਂ ਨਾਲ ਸੰਗਤੀ ਚੱਲ ਰਹੀ ਸੀ। ਉਹਨਾਂ ਦੀ ਕੋਈ ਜੱਥੇਬੰਦੀ ਨਹੀਂ ਸੀ। ਉਹ ਤਾਂ ਬਸ ਸੰਗਤੀ ਕਰ ਰਹੇ ਸਨ। ਅਤੇ ਉਹਨਾਂ ਨੇ ਵੇਖਿਆ ਕਿ ਉਹ ਮਨੁੱਖ ਤਾਂ ਇੱਕ ਮਹਾਨ ਵਿਅਕਤੀ ਹੈ, ਓਹ, ਉਹ ਤਾਂ ਇੱਕ ਤੇਜ ਬੁੱਧੀ ਵਾਲਾ, ਸਮਝਦਾਰ ਮਨੁੱਖ ਸੀ। ਇਸ ਲਈ ਉਹ... ਉਹਨਾਂ ਨੇ ਆਖਿਆ, ''ਹੁਣ, ਤੁਸੀਂ, ਜੋ ਕੁਝ ਤੁਸੀਂ ਜਾਣਦੇ ਹੋ, ਤੁਸੀਂ ਉਹਦੇ ਉੱਤੇ ਬਹੁਤ ਹੀ ਚੰਗੀ ਤਰ੍ਹਾਂ ਖੜੇ ਹੋ, ਪਰ ਸਾਡੇ ਕੋਲ ਪੌਲੁਸ ਨਾਮੇ ਇੱਕ ਛੋਟਾ ਭਰਾ ਹੈ। ਜਦੋਂ ਉਹ ਆਉਂਦਾ ਹੈ, ਉਹਦੇ ਕੋਲ ਕੁਝ ਤਜਰਬਾ ਹੁੰਦਾ ਹੈ, ਉਹ ਜਾਣਦਾ ਹੈ ਕਿ ਉਹ ਕਾਹਦੇ ਬਾਰੇ ਬੋਲ ਰਿਹਾ ਹੈ। ਜੇਕਰ ਤੂੰ ਬੈਠ ਕੇ ਉਹਦੀ ਸੁਣੇ ਤਾਂ ਉਹ ਤੈਨੂੰ ਪ੍ਰਭੂ ਦੇ ਰਾਹ ਦੀ ਹੋਰ ਸਪਸ਼ੱਟ ਸਿੱਖਿਆ ਦੇਵੇਗਾ। ਹੁਣ, ਉਹਦੇ ਉੱਤੇ ਕੁਝ ਥੋਪਣ ਦੀ ਕੋਸ਼ਿਸ਼ ਨਾ ਕਰੀਂ ਕਿਉਂਕਿ ਉਹ ਇਹਦੇ ਲਈ ਖੜ੍ਹਾ ਨਹੀਂ ਰਹੇਗਾ। ਸਮਝੇ ? ਪਰ ਤੁਸੀਂ ਬਸ... ਤੁਸੀਂ ਬਸ ਅੱਗੇ ਵਧ ਕੇ ਉਹਦੀ ਸੁਣਿਓ।''

131 ਅਤੇ ਪੌਲੁਸ ਉੱਥੇ ਆਇਆ। ਉਹਨੇ ਉਹਨਾਂ ਦੀ ਸੁਣੀ, ਅਤੇ ਇੱਕ ਵਾਰੀ ਧਿਆਨ ਨਾਲ ਪਰਖਿਆ।

ਉਹਨੇ ਆਖਿਆ, ''ਇਹ ਬਹੁਤ ਵਧੀਆ ਹੈ, ਪਰ ਤੁਸੀਂ ਬੈਪਟਿਸਟੋ, ਜਾਂ ਤੁਸਾਂ ਨਿਹਚਾ ਕੀਤੀ ਤਾਂ ਕੀ ਤੁਹਾਨੂੰ ਪਵਿੱਤਰ ਆਤਮਾ ਮਿਲਿਆ ?''

ਉਹਨਾਂ ਨੇ ਆਖਿਆ, ''ਓਹ, ਕੀ ਇਹ ਸਾਨੂੰ ਨਹੀਂ ਮਿਲਿਆ?''

''ਅਜਿਹਾ ਨਾ ਸੋਚੋ।'' ਸਮਝੇ ?

''ਅੱਛਾ, ਕਿਉਂ ?''

''ਠੀਕ ਹੈ, ਤੁਸੀਂ ਕਾਹਦਾ ਬਪਤਿਸਮਾ ਲਿਆ ?''

''ਓਹ, ਅਸੀਂ ਤਾਂ ਬਪਤਿਸਮਾ ਲੈ ਚੁੱਕੇ ਹਾਂ। ਅਸੀਂ ਤਾਂ ਬਪਤਿਸਮਾ ਲੈ ਲਿਆ ਹੈ।

132 ''ਅੱਛਾ, ਤੁਹਾਨੂੰ ਕਿਹਨੇ ਬਪਤਿਸਮਾ ਦਿੱਤਾ ? ਅਤੇ ਤੁਸੀਂ ਕਾਹਦਾ ਬਪਤਿਸਮਾ ਲਿਆ ?''

ਬਾਈਬਲ ਆਖਦੀ ਹੈ, ''ਕਾਹਦਾ।'' ਯੂਨਾਨੀ ਜਾਂ ਮੁੱਢਲੀ ਲਿੱਪੀ ਆਖਦੀ ਹੈ, ''ਕਿਵੇਂ।''

ਅਤੇ ਇਹ ਆਖਦੀ ਹੈ, ''*ਕਾਹਦਾ*'' ਆਖਿਆ, ''ਤੁਸੀਂ ਕਾਹਦਾ ਬਪਤਿਸਮਾ ਲਿਆ ?'' ਦੂਸਰੇ ਸ਼ਬਦਾਂ ਵਿੱਚ, ''ਤੁਸੀਂ ਕਿਵੇਂ ਬਪਤਿਸਮਾ ਲਿਆ ?''

133 ਅਸੀਂ ਤਾਂ ਯੂਹੰਨਾ ਬਪਤਿਸਮਾ ਦੇਣ ਵਾਲੇ ਕੋਲੋਂ ਬਪਤਿਸਮਾ ਲਿਆ, ਉਸੇ ਹੀ ਮਨੁੱਖ ਕੋਲੋਂ ਬਪਤਿਸਮਾ ਲਿਆ ਜਿਹਦੇ ਕੋਲੋਂ ਯਿਸੂ ਮਸੀਹ ਨੇ ਲਿਆ ਸੀ ਅਤੇ ਉਸੇ ਹੀ ਪਾਣੀ ਦੇ ਕੁੰਡ ਵਿੱਚ ਬਪਤਿਸਮਾ ਲਿਆ।''

ਇਹ ਤਾਂ ਬਹੁਤ ਹੀ ਵਧੀਆ ਬਪਤਿਸਮਾ ਸੀ, ਕੀ ਤੁਸੀਂ ਅਜਿਹਾ ਨਹੀਂ ਸੋਚਦੇ ? ਅਜਿਹਾ ਜਾਪਦਾ ਹੈ ਕਿ ਇਹ ਬਿਲਕੁਲ ਠੀਕ ਹੋਵੇਗਾ, ਕੀ ਅਜਿਹਾ ਹੀ ਨਹੀਂ ਲੱਗਦਾ ? ਅਜਿਹਾ ਲੱਗਦਾ ਹੈ ਕਿ ਇਹ ਬਿਲਕੁਲ ਸਹੀ ਹੈ, ਕਿ ਜੇਕਰ ਆਦਮੀ ਉਸ ਮਨੁੱਖ ਕੋਲੋਂ ਬਪਤਿਸਮਾ ਲਵੇ ਜਿਹੜਾ ਪ੍ਰਭੂ ਯਿਸੂ ਦੇ ਨਾਲ ਪਾਣੀ ਵਿੱਚ ਉੱਤਰਿਆ ਅਤੇ ਯਿਸੂ ਨੂੰ ਬਪਤਿਸਮਾ ਦਿੱਤਾ। ਅਤੇ ਪ੍ਰਮੇਸ਼ੁਰ ਨੇ ਉਸਦਾ ਪ੍ਰਮਾਣ ਦਿੱਤਾ ਇੱਥੋ ਤੱਕ ਕਿ ਉਹ ਪਵਿੱਤਰ ਆਤਮਾ ਦੇ ਰੂਪ ਵਿੱਚ ਹੇਠਾਂ ਉੱਤਰ ਆਇਆ ਅਤੇ ਉਹਦੇ ਵਿੱਚ ਚਲਿਆ ਗਿਆ। ਅਤੇ ਉਸ ਬਪਤਿਸਮੇ ਤੋਂ ਠੀਕ ਬਾਦ ਉਹਨੇ ਆਖਿਆ, ''ਇਹ ਮੇਰਾ ਪਿਆਰਾ ਪੁੱਤਰ ਹੈ ਜਿਹਦੇ ਵਿੱਚ ਰਹਿ ਕੇ ਮੈਂ ਬਹੁਤ ਖੁਸ਼ ਹਾਂ।'' ਮੈਨੂੰ ਅਜਿਹਾ ਲੱਗਦਾ ਹੈ ਕਿ ਉਹ ਬਪਤਿਸਮਾ ਬਿਲਕੁਲ ਠੀਕ ਸੀ।

134 ਅਤੇ ਪੌਲੁਸ ਨੇ ਕਿਹਾ, ''ਹੁਣ ਇਹ ਅਗਾਂਹ ਨੂੰ ਕੰਮ ਨਹੀਂ ਕਰੇਗਾ। ਇਹ ਅੱਗੇ ਤੋ ਕੰਮ ਨਹੀਂ ਕਰੇਗਾ।''

''ਕਿਉਂ ਇਹ ਅੱਗੇ ਤੋਂ ਕੰਮ ਨਹੀਂ ਕਰੇਗਾ ?'' ਸਮਝੇ ?

''ਤੁਹਾਨੂੰ ਦੁਬਾਰਾ ਬਪਤਿਸਮਾ ਲੈਣਾ ਪੈਣਾ ਹੈ।''

''ਤੁਹਾਡਾ ਮਤਲਬ ਹੈ ਕਿ ਸਾਨੂੰ ਜਿਨ੍ਹਾਂ ਨੇ ਯੂਹੰਨਾ ਕੋਲੋਂ ਬਪਤਿਸਮਾ ਲਿਆ, ਜਿਹਨੇ ਯਿਸੂ ਨੂੰ ਬਪਤਿਸਮਾ ਦਿੱਤਾ ਸੀ, ਸਾਨੂੰ ਦੁਬਾਰਾ ਬਪਤਿਸਮਾ ਲੈਣਾ ਪਵੇਗਾ।''

''ਇਹ ਸਹੀ ਗੱਲ ਹੈ।''

ਆਖਿਆ, ''ਸਾਡਾ ਬਪਤਿਸਮਾ ਕਿਵੇਂ ਹੋਣਾ ਚਾਹੀਦਾ ਹੈ ?''

135 ''ਯਿਸੂ ਮਸੀਹ ਦੇ ਨਾਮ ਵਿੱਚ।''

ਅਤੇ ਪੌਲੁਸ ਨੇ ਉਹਨਾਂ ਨੂੰ ਬਾਹਰ ਕੱਢਿਆ ਅਤੇ ਉਹਨਾਂ ਸਭਨਾਂ ਨੂੰ ਦੁਬਾਰਾ ਬਪਤਿਸਮਾ ਦਿੱਤਾ। ਰਸੂਲਾਂ ਦੇ ਕਰਤੱਵ 19:5 ''ਅਤੇ ਇਹ ਸੁਣ ਕੇ ਉਨ੍ਹਾਂ ਨੇ ਦੁਬਾਰਾ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਿਆ। ਅਤੇ ਜਾਂ ਪੌਲੁਸ ਨੇ ਉਨ੍ਹਾਂ ਉੱਤੇ ਹੱਥ ਧਰੇ ਤਾਂ ਪਵਿੱਤਰ ਆਤਮਾ ਉਨ੍ਹਾਂ ਉੱਤੇ ਉੱਤਰਿਆ।''

136 ਜੇਕਰ ਪੌਲੁਸ ਨੇ ਉਹਨਾਂ ਆਦਮੀਆਂ ਅਤੇ ਔਰਤਾਂ ਉੱਤੇ ਦੁਬਾਰਾ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਣ ਲਈ ਜੋਰ ਪਾਇਆ ਸੀ; ਜੇਕਰ ਮੈਂ ਕਿਸੇ ਹੋਰ ਖੁਸ਼ਖਬਰੀ ਦਾ ਪ੍ਰਚਾਰ ਕਰਾਂ, ਤਾਂ ਮੇਰਾ ਆਤਮਾ ਉਸ ਆਤਮਾ ਨਾਲ ਮੇਲ ਨਹੀਂ ਖਾਂਦਾ ਜਿਹੜਾ ਪੌਲੁਸ ਕੋਲ ਸੀ। ''ਜਿਹੜੀਆਂ ਗੱਲਾਂ ਮੈਂ ਤੁਹਾਨੂੰ ਲਿਖਦਾ ਹਾਂ ਉਹ ਉਨ੍ਹਾਂ ਨੂੰ ਜਾਣ ਲਵੇ ਭਈ ਓਹ ਪ੍ਰਭੂ ਦੇ ਹੁਕਮ ਹਨ।''

137 ਅਤੇ ਹੁਣ ਗਲਾਤੀਆਂ 1:8 ਵਿੱਚ ਪੌਲੁਸ ਨੇ ਆਖਿਆ, ''ਜੇਕਰ ਸਵਰਗ ਤੋਂ ਕੋਈ ਦੂਤ

ਆਵੇ, ਇੱਕ ਚਮਕਦਾਰ ਰੋਸ਼ਨੀ ਵਾਲਾ ਦੂਤ।'' ਉਹ ਕਿਹਦੇ ਬਾਰੇ ਆਖ ਰਿਹਾ ਹੈ ? ਇੱਕ ਪ੍ਰਕਾਸ਼ਨ ਬਾਰੇ। ਪ੍ਰਭੂ ਦਾ ਨਾਮ ਮੁਬਾਰਕ ਹੋਵੇ ! ਕੋਈ ਮਤਲਬ ਨਹੀਂ ਕਿ ਤੁਹਾਡਾ ਪ੍ਰਕਾਸ਼ਨ ਕਿੰਨਾ ਵਧੀਆ ਹੈ। ਕੀ ਤੁਹਾਨੂੰ ਅੱਜ ਸਵੇਰ ਦੀ ਸਾਡੀ ਪਹਿਲੀ ਮੀਟਿੰਗ ਯਾਦ ਹੈ, ਊਰੀਮ-ਤੁਮੀਮ ? ਜੇਕਰ ਉਹਦੇ ਤੋਂ ਪਰ੍ਹੇ ਹਟ ਕੇ ਕੋਈ ਗੱਲ ਆਉਂਦੀ ਹੈ ਤਾਂ ਇਹ ਪੂਰੇ ਤੌਰ ਨਾਲ ਪ੍ਰਗਟ ਕਰ ਦਿੰਦਾ ਹੈ ਕਿ ਉਹ ਇੱਕ ਝੂਠਾ ਹੈ, ਉਹ ਇੱਕ ਝੂਠਾ ਦੂਤ ਹੈ, ਅਤੇ ਜਿਹੜਾ ਆਦਮੀ ਉਸ ਸੰਦੇਸ਼ ਨੂੰ ਲੈ ਕੇ ਅੱਗੇ ਵਧਦਾ ਹੈ, ਉਹ ਇੱਕ ਝੂਠਾ ਨਬੀ ਹੈ। ਬਪਤਿਸਮਾ ਦੇਣ ਦਾ ਸਿਰਫ ਇੱਕੋ ਹੀ ਤਰੀਕਾ ਹੈ, ਉਹ ਹੈ ਯਿਸੂ ਮਸੀਹ ਦੇ ਨਾਮ ਵਿੱਚ। ਜੇਕਰ ਤੁਹਾਡਾ ਬਪਤਿਸਮਾ ਇਸ ਤਰੀਕੇ ਨਾਲ ਨਹੀਂ ਹੋਇਆ, ਤਾਂ ਬਪਤਿਸਮੇ ਦੀ ਇੱਕ ਸਭਾ ਤੁਹਾਡੀ ਉਡੀਕ ਕਰ ਰਹੀ ਹੈ। ਇਹ ਠੀਕ ਗੱਲ ਹੈ।

138 ਝੂਠੇ ਤਰੀਕੇ ਨਾਲ ! ਤੁਸੀਂ ਮੈਨੂੰ ਇੱਕ ਵੀ ਅਜਿਹੀ ਜਗ੍ਹਾ ਲੱਭ ਕੇ ਵਿਖਾਓ ਜਿੱਥੇ ਕਦੇ ਕਿਸੇ ਨੂੰ ''ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ'' ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ ਹੋਵੇ। ਇਹ ਪਵਿੱਤਰ ਲਿਖਤਾਂ ਵਿੱਚ ਨਹੀਂ ਹੈ। ਇਹ ਕੀ ਹੈ ? ਇਹ ਇੱਕ ਸਿਧਾਂਤ ਹੈ ਜਿਹੜਾ ਕੈਥੋਲਿਕ ਕਲੀਸਿਆ ਨਾਲ ਸ਼ੁਰੂ ਹੋਇਆ ਸੀ। ਅਸੀਂ ਇਹਦਾ ਸਮਰਥਨ ਕਰ ਸੱਕਦੇ ਹਾਂ। ਸਾਡੇ ਕੋਲ ਨੀਸੀਆ ਦੇ ਬਜੁਰਗਾਂ ਦੀਆਂ ਸਾਰੀਆਂ ਸਿੱਖਿਆਵਾਂ ਹਨ। ਸਾਡੇ ਕੋਲ ਇਹਦਾ ਇਤਿਹਾਸ ਹੈ। ਸਾਡੇ ਕੋਲ ਹਿਸਲੋਪ ਦੀ ''*ਟੂਅ-ਬੇਬੀਲੋਨ*'' ਹੈ। ਸਾਡੇ ਕੋਲ ਜੋਸੇਫਸ ਦੇ ਲੇਖ ਹਨ। ਸਾਡੇ ਕੋਲ ਸਾਰੇ ਹੀ ਪ੍ਰਾਚੀਨ ਇਤਿਹਾਸ ਹਨ। ਅਤੇ ਜੋਸੇਫਸ ਨੇ ਤਾਂ ਪ੍ਰਭੂ ਯਿਸੂ ਦੇ ਸਮੇਂ ਵਿੱਚ ਹੀ ਲਿਖਿਆ ਸੀ। ਹਿਸਲੋਪ ਦੀ ''*ਟੂਅ-ਬੇਬੀਲੋਨ*'' ਉਹਦੇ ਤੋਂ ਬਾਦ ਵਿੱਚ ਲਿਖੀ ਗਈ ਉਹਦੇ ਤੋਂ ਬਾਦ *ਐਂਟੀ ਨੀਸੀਆ ਫਾਦਰਸ,* ਕੈਥੋਲਿਕ ਕਲੀਸਿਆ ਦੇ ਬਣਨ ਤੋਂ ਪਹਿਲਾਂ ਲਿਖੀ ਗਈ ਸੀ। ਅਤੇ ਉਹਦੇ ਤੋਂ ਬਾਦ ਹੀ ਕੈਥੋਲਿਕ ਕਲੀਸਿਆ ਆਈ ਸੀ, ਅਤੇ ਇਸ ਸੱਭ ਕੁਝ ਨੂੰ ਬਾਹਰ ਕੱਢ ਦਿੱਤਾ ਅਤੇ ਆਪਣੀ ਮਨਮਰਜੀ ਕੀਤੀ, ਅਤੇ ਪਾਗਾਨ ਦੇ ਰੋਮ ਨੂੰ ਪੋਪ ਦਾ ਰੋਮ ਬਣਾ ਦਿੱਤਾ। ਅਤੇ ਉੱਥੇ ਉਹ ਪਾਣੀ ਦਾ ਝੂਠਾ ਬਪਤਿਸਮਾ, ਛਿੱਟੇ ਮਾਰਨ ਦਾ ਬਪਤਿਸਮਾ ਲਿਆਏ; ਅਤੇ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮੇ ਨੂੰ ''ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ'' ਦੇ ਬਪਤਿਸਮੇ ਵਿੱਚ ਬਦਲ ਦਿੱਤਾ। ਅਤੇ ਯਿਸੂ ਨੇ ਪ੍ਰੇਰਣਾ ਅਧੀਨ ਯੂਹੰਨਾ ਨੂੰ ਪਤਮੁਸ ਟਾਪੂ ਵਿੱਚ ਆਖਿਆ, ''ਤੇਰਾ ਇੱਕ ਨਾਮ ਹੈ ਕਿ ਤੂੰ ਜੀਉਂਦਾ ਹੈਂ, ਪਰ ਤੂੰ ਮਰਿਆ ਹੋਇਆ ਹੈਂ।'' ''ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ'' ਇੱਕ ਬੇਜਾਨ ਨਾਮ ਹੈ।

139 ਮੈਨੂੰ ਆਪਣਾ ਇੱਕ ਛੋਟਾ ਜਿਹਾ ਨਿੱਜੀ ਤਜਰਬਾ ਦੱਸ ਲੈਣ ਦਿਓ; ਜਿਹੜਾ ਮੈਨੂੰ ਸਵਿਟਜਰਲੈਂਡ, ਜਰਮਨੀ ਵਿੱਚ ਅਤੇ ਉਹਨਾਂ ਥਾਂਵਾਂ 'ਤੇ ਹੋਇਆ ਜਿੱਥੇ ਮੈਂ ਗਿਆ ਹਾਂ।

ਭਵਿੱਖ ਦੱਸਣ ਵਾਲੇ ਕਿਵੇ ਕੰਮ ਕਰਦੇ ਹਨ ? ਦੁਸ਼ਟ-ਆਤਮਾਵਾਂ ਕਿਵੇਂ ਕੰਮ ਕਰਦੀਆਂ ਹਨ? ਮੈਂ ਚਾਹੁੰਦਾ ਹਾਂ ਕਿ ਤੁਸੀਂ ਮੇਰੇ ਉੱਤੇ ਆਪਣੇ ਪਾਸਟਰ ਵਾਂਙੂ ਵਿਸ਼ਵਾਸ ਕਰੋ, ਕਿਉਂਕਿ ਇਹ ਤੁਸੀਂ ਹੋ ਜਿਨ੍ਹਾਂ ਨਾਲ ਮੈਂ ਗੱਲ ਕਰ ਰਿਹਾ ਹਾਂ। ਦੁਸ਼ਟ-ਆਤਮਾਵਾਂ ''ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ'' ਦੇ ਨਾਮ ਵਿੱਚ ਸਫਰ ਕਰਦੀਆਂ ਹਨ। ਉਹ ਖੰਭ ਕੱਟਦੇ ਹਨ, ਅਤੇ ਹੋਰ ਸੱਭ ਕੁਝ ਕਰਦੇ ਹਨ, ਅਤੇ ''ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ'' ਦੇ ਨਾਮ ਦੇ ਰਾਹੀਂ ਇੱਕ ਦੂਸਰੇ ਉੱਤੇ ਜਾਦੂ ਕਰਦੇ ਹਨ, ਉਹ ਇਹਨਾਂ ਨੂੰ ਤਿੰਨ ਉੱਚੇ ਨਾਮ ਆਖਦੇ ਹਨ। ਕੈਥੋਲਿਕ ਕਲੀਸਿਆ

ਉਹਨਾਂ ਦੀ ਮਾਂ ਹੈ। ਉਹ ਇਹਨਾਂ ਛੋਟੇ-ਛੋਟੇ ਬੁੱਤਾਂ ਅੱਗੇ ਜਾ ਕੇ ਗੋਡੇ ਟੇਕਦੇ ਹਨ, ਅਤੇ ਕੈਂਚੀ ਨਾਲ ਖੰਭ ਕੱਟਦੇ ਹਨ, ਅਤੇ ਪਿੱਛੇ ਮੁੜਦੇ ਹਨ ਅਤੇ ਆਪਣੇ ਗੁਆਂਢੀਆਂ ਆਦਿ ਉੱਤੇ ਜਾਦੂ ਕਰਦੇ ਹਨ, ਜਿੱਥੇ ਉਹ ਸੜ ਕੇ ਮਰ ਜਾਂਦੇ ਹਨ, ਅਤੇ ਇਹਦੇ ਲਈ ਸੱਭ ਕੁਝ ਕਰਦੇ ਹਨ।

140 ਸਵਿਟਜਰਲੈਂਡ ਵਿੱਚ, ਮੈਂ ਆਪਣੇ ਹੱਥਾਂ ਨਾਲ ਇੱਕ ਖੰਭੇ ਨੂੰ ਇਸ ਤਰ੍ਹਾਂ ਫੜ ਕੇ ਖਲੋਤਾ ਹੋਇਆ ਸੀ, ਜਿੱਥੇ ਇਮਾਨਦਾਰ ਆਦਮੀਆਂ ਅਤੇ ਔਰਤਾਂ ਨੂੰ ਮਾਰਿਆ ਗਿਆ ਸੀ, ਜਦੋਂ ਉਹਨਾਂ ਨੇ ਉਹਨਾਂ ਦੀਆਂ ਜੀਭਾਂ ਵੱਢ ਦਿੱਤੀਆਂ, ਅਤੇ ਗਰਮ ਸਰੀਏ ਨਾਲ ਉਹਨਾਂ ਦੀਆਂ ਅੱਖਾਂ ਅਤੇ ਸੱਭ ਕੁਝ ਸਾੜ ਦਿੱਤਾ, ਕੰਜਰੀ ਕੈਥੋਲਿਕ ਕਲੀਸਿਆ ਨੇ ਅਜਿਹਾ ਕੀਤਾ ਸੀ। ਉਸੇ ਨੇ ਹੀ ਨਹੀਂ, ਪਰ ਤੁਹਾਡੀ ਮੁੱਢਲੀ ਐਂਗਲੀਕਨ ਕਲੀਸਿਆ ਨੇ ਵੀ ਅਜਿਹਾ ਹੀ ਕੀਤਾ ਸੀ। ਅਤੇ ਤੁਹਾਡੀਆਂ ਪ੍ਰੋਟੈਸਟੈਂਟ ਕਲੀਸਿਆਵਾਂ ਨੇ ਵੀ ਅਜਿਹਾ ਹੀ ਕੀਤਾ ਸੀ। ਅਤੇ ਉਹਨਾਂ ਨੇ ''ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ'' ਦੇ ਨਾਮ ਵਿੱਚ ਉਹ ਜਾਦੂ ਕੀਤੇ ਸਨ।

141 ਤੁਹਾਡਾ ਭਰਾ ਅਤੇ ਪਾਸਟਰ ਹੋਣ ਦੇ ਨਾਤੇ, ਪ੍ਰਮੇਸ਼ੁਰ ਦੀ ਕਿਰਪਾ ਨਾਲ ਮੈਨੂੰ ਇਹ ਸੁਖਾਵਾਂ ਮੌਕਾ ਮਿਲਿਆ ਹੈ ਕਿ ਮੈਂ ਅਜਿਹੀਆਂ ਸੱਭ ਚੀਜ਼ਾਂ ਤੋਂ ਬਚਿਆ ਰਿਹਾ ਹਾਂ, ਪਰ ਮੈਨੂੰ ਇਹ ਵੀ ਮੌਕਾ ਮਿਲਿਆ ਕਿ ਮੈਂ ਸਿੱਧਾ ਖੁਦ ਆਪ ਹੀ ਇਹਨਾਂ ਗੱਲਾਂ ਨੂੰ ਜਾਣਾਂ ਜਿਹੜੀਆਂ ਮੈਂ ਦੱਸ ਰਿਹਾ ਹਾਂ। ਜਿੱਥੇ ਇੱਕ ਔਰਤ ਇਸ ਕਲੀਸਿਆ ਵਿੱਚ ਆਈ ਅਤੇ ਮੇਰੇ ਉੱਤੇ ਦੋਸ਼ ਲਾਇਆ ਅਤੇ ਆਖਿਆ, ''ਇਹ ਆਦਮੀ ਤਾਂ ਪ੍ਰੇਤਵਾਦ ਰਾਹੀਂ ਲੋਕਾਂ ਨੂੰ ਮੂਰਖ ਬਣਾ ਰਿਹਾ ਹੈ।'' ਸੁਰਗ ਦਾ ਪ੍ਰਮੇਸ਼ੁਰ ਜਾਣਦਾ ਹੈ ਕਿ ਇਹ ਸੱਭ ਕੁਝ ਕਾਹਦੇ ਬਾਰੇ ਹੈ। ਮੈਂ ਕਿਸੇ ਵੀ ਆਦਮੀ ਨੂੰ ਨਹੀਂ ਲੈ ਸੱਕਦਾ... ਮੈਂ ਨਹੀਂ...

142 ਜਦੋਂ ਉਹਨਾਂ ਨੇ ਮੈਨੂੰ ਪੈਰਿਸ ਵਿੱਚ 'ਪਿਗਏਲ' ਸਥਾਨ ਬਾਰੇ ਦੱਸਿਆ, ਜਿਹੜੀ ਕਿ ਇੱਕ ਬਦਨਾਮ ਜਗ੍ਹਾ ਸੀ, ਮੈਨੂੰ ਕਿੰਝ ਪਤਾ ਲੱਗਾ ? ਮੈਂ ਉੱਥੇ ਕਦੀ ਨਹੀਂ ਗਿਆ ਸੀ। ਪਰ ਮੈਂ ਉੱਥੇ ਇਹ ਪਤਾ ਕਰਨ ਲਈ ਗਿਆ ਕਿ ਇਹ ਸੱਚ ਹੈ ਜਾਂ ਨਹੀਂ। ਮੈਂ ਦੋ ਜਾਂ ਤਿੰਨ ਹੋਰ ਸੇਵਕਾਂ ਨੂੰ ਨਾਲ ਲਿਆ ਅਤੇ ਉੱਥੇ ਉਹਨਾਂ ਔਰਤਾਂ ਕੋਲ ਗਿਆ ਜਿਹੜੀਆਂ ਉਹਨਾਂ ਗਲੀਆਂ ਵਿੱਚ ਨੰਗੀਆਂ ਆਦਿ ਹੁੰਦੀਆਂ ਹਨ। ਇਹ ਸੱਚ ਹੈ।

143 ਮੈਨੂੰ ਕਿਵੇਂ ਇਹ ਪਤਾ ਲੱਗਾ ਕਿ ਰੋਮ ਸੱਤ ਪਹਾੜੀਆਂ ਉੱਤੇ ਵਸਿਆ ਹੋਇਆ ਹੈ ? ਮੈਂ ਕਿਵੇਂ ਇਹ ਜਾਣਿਆ ਕਿ ਪੋਪ ਕੋਲ **'ਵਿਕਾਰੀਵਸ ਫਿਲੀ ਡੀ'** ਲਿਖਿਆ ਹੋਇਆ ਹੈ ? ਇਸ ਲਈ ਕਿਸੇ ਹੋਰ ਦੇ ਸ਼ਬਦ ਲੈਣੇ ਪੈਣੇ ਹਨ। ਮੈਨੂੰ ਕਿਵੇਂ ਇਹ ਪਤਾ ਲੱਗਾ ਕਿ ਪੋਪ ਤਿਹਰਾ ਮੁਕਟ ਪਹਿਨਦਾ ਹੈ, ਜਿਹੜਾ ਇਸ ਗੱਲ ਦਾ ਪ੍ਰਤੀਕ ਹੈ ਕਿ ਪ੍ਰਮੇਸ਼ੁਰ ਦੇ ਪੁੱਤਰ ਦੇ ਸਥਾਨ 'ਤੇ ਉਹਦੇ ਕੋਲ ਸੁਰਗ ਅਤੇ ਧਰਤੀ ਦਾ ਅਧਿਕਾਰ ਹੈ ? ਮੈਨੂੰ ਇਹ ਕਿਵੇਂ ਪਤਾ ਲੱਗਾ, ਜਦੋਂ ਤੱਕ ਕਿ ਮੈਂ ਉੱਥੇ ਜਾ ਕੇ ਵੇਖਿਆ ਨਹੀਂ ?

144 ਮੈਂ ਇਹ ਕਿੰਝ ਜਾਣਿਆ ਕਿ ਇੱਕ ਜੀਉਂਦਾ ਪ੍ਰਮੇਸ਼ੁਰ ਹੈ ? ਕਿਸੇ ਦੇ ਧਰਮ ਗਿਆਨ ਰਾਹੀਂ ਨਹੀਂ, ਨਾ ਹੀ ਕਿਸੇ ਬੁੱਧੀਜੀਵੀ ਕੋਲੋਂ ਜਿਹੜੇ ਬੀਤੇ ਸਮੇਂ ਵਿੱਚ ਸਨ, ਜਾਂ ਕਿਸੇ ਦਿਮਾਗੀ ਗਿਆਨ ਰਾਹੀਂ ਨਹੀਂ ਜੋ ਕਿਸੇ ਜਜਬਾਤਾਂ ਦਾ ਸਮਾਂ ਸੀ ਜੋ ਕਿਸੇ ਪਿਛਲੇ ਯੁੱਗਾਂ ਵਿੱਚ ਹੋਇਆ ਸੀ, ਜਿਵੇਂ ਕਿ ਕੋਈ ਬੇਪ੍ਰਤੀਤਾ ਸਾਨੂੰ ਦੱਸਦਾ ਹੈ। ਪਰ ਇੱਕ ਦਿਨ ਕਿਤੇ ਦੂਰ ਮੈਂ ਉਹਨੂੰ ਮਿਲਿਆ ਅਤੇ ਉਹਦੇ ਨਾਲ ਆਮ੍ਹਣੇ-ਸਾਹਮਣੇ ਗੱਲਾਂ ਕੀਤੀਆਂ। ਇਹਦੇ ਨਾਲ ਸੱਭ ਕੁਝ ਵੱਖਰਾ ਹੀ ਹੋ

ਗਿਆ। ਬਿਲਕੁਲ ਸਹੀ ਹੈ।

145 ਪ੍ਰੇਤਵਾਦ ''ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ'' ਦੇ ਰਾਹੀਂ ਕੰਮ ਕਰਦਾ ਹੈ। ਮੈਂ ਇੱਕ ਮੀਟਿੰਗ ਵਿੱਚ ਖੜ੍ਹਾ ਸੀ ਜਿੱਥੇ ਉਹ ਜਾਦੂ-ਵਾਲਾ ਆਤਮਾ ਕੰਮ ਕਰ ਰਿਹਾ ਸੀ। ਤੁਸੀਂ ਇਹ ਨਾ ਸੋਚੋ ਕਿ ਉਹ ਤੁਹਾਨੂੰ ਨਹੀਂ ਲਲਕਾਰਨਗੇ। ਉਹ ਉੱਥੇ ਖਲੋਤੇ ਹੋਏ ਸਨ। ਉਹਨਾਂ ਨੇ ਹਵਾ ਵਿੱਚ ਇੱਕ ਮੇਜ਼ ਸੁੱਟਿਆ, ਅਤੇ ਉਹ ਇੱਧਰ ਉੱਧਰ ਉੱਡ ਰਿਹਾ ਸੀ, ਅਤੇ ਇੱਕ ਗਿਟਾਰ ਵੱਜ ਰਹੀ ਸੀ। ਮੈਂ ਉੱਥੇ ਖੜਾ ਸੀ, ਅਤੇ ਉਹ ਮੈਨੂੰ ਬਾਹਰ ਕੱਢਣਾ ਚਾਹੁੰਦੇ ਸਨ। ਮੈਂ ਆਖਿਆ, ''ਤੁਸੀਂ ਗਲਤ ਹੋ।'' ਅਤੇ ਆਤਮਾ ਫੇਰ ਉਹਨਾਂ ਨਾਲ ਬੋਲਿਆ, ਉਸ ਆਤਮਾ ਨੇ ਜਿਹੜੀ ਪ੍ਰਮੇਸ਼ੁਰ ਹੋਣ ਦਾ ਪਖੰਡ ਕਰ ਰਹੀ ਸੀ, ਆਖਿਆ ਕਿ ਉਹੋ ਹੀ ਪ੍ਰਮੇਸ਼ੁਰ ਹੈ। ਮੈਂ ਆਖਿਆ, ''ਇਹ ਗਲਤ ਹੈ। ਇਹ ਤਾਂ ਸ਼ੈਤਾਨ ਹੈ।''

ਉਹਨਾਂ ਨੇ ਆਖਿਆ, ''ਇਹ ਆਦਮੀ ਬੇਪਰਤੀਤਾ ਹੈ।''

146 ਮੈਂ ਕਿਹਾ, ''ਇਸ ਪ੍ਰਕਾਰ ਦੀਆਂ ਗੱਲਾਂ ਲਈ ਮੈਂ ਬੇਪਰਤੀਤਾ ਹੀ ਹਾਂ, ਕਿਉਂਕਿ ਇਹ ਮੇਰੇ ਪ੍ਰਭੂ ਦਾ ਨਹੀਂ ਹੈ। ਇਹ ਤਾਂ ਜਾਦੂ-ਟੂਣਾ ਹੈ। ਇਹ ਤਾਂ ਸ਼ੈਤਾਨ ਦਾ ਹੀ ਹੈ।'' ਮੈਂ ਆਖਿਆ, ''ਹੁਣ, ਇੱਥੇ ਮੈਂ ਉਸ ਸ਼ਕਤੀਸ਼ਾਲੀ ਨਾਮ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰਾਂਗਾ, ਜਿਸ ਨਾਮ ਵਿੱਚ ਮੈਂ ਬਪਤਿਸਮਾ ਲਿਆ ਹੈ।'' ਮੈਂ ਕਿਹਾ, ''ਉੱਚੇ ਅਕਾਸ਼ਾਂ ਦੇ ਨਾਮ ਵਿੱਚ ਮੈਨੂੰ ਸਚਿਆਈ ਦੱਸ।'' ਉਹਨੇ ਮੈਨੂੰ ਕੋਈ ਜਵਾਬ ਨਹੀ ਦਿੱਤਾ। ਮੈਂ ਆਖਿਆ, ''ਪਵਿੱਤਰ ਕਲੀਸਿਆ ਦੇ ਨਾਮ ਵਿੱਚ ਮੈਨੂੰ ਸਚਿਆਈ ਦੱਸ। ਉਹਨੇ ਮੈਨੂੰ ਕੋਈ ਜਵਾਬ ਨਹੀਂ ਦਿੱਤਾ। ਮੈਂ ਆਖਿਆ, ''ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਮੈਨੂੰ ਸਚਿਆਈ ਦੱਸ।'' ਉਹਨੇ ਮੈਨੂੰ ਕੋਈ ਵੀ ਜਵਾਬ ਨਹੀਂ ਦਿੱਤਾ। ਪ੍ਰੰਤੂ, ਮੈਂ ਆਖਿਆ, ''ਯਿਸੂ ਮਸੀਹ ਦੇ ਨਾਮ ਵਿੱਚ ਮੈਨੂੰ ਸਚਿਆਈ ਦੱਸ।''

147 ਉਹਨੇ ਆਖਿਆ, ''ਹਾਂ, ਇਹ ਗਲਤ ਹੈ।'' ਪ੍ਰਮੇਸ਼ੁਰ ਜਾਣਦਾ ਹੈ ਕਿ ਇਹ ਸੱਚ ਹੈ। ਐਹ, ਹਾਂ ਜੀ , ਸ੍ਰੀ ਮਾਨ ਜੀ !

ਪਿਤਾ ਉੱਤੇ ਨਿਹਚਾ ਕਰੋ, ਪੁੱਤਰ ਉੱਤੇ ਨਿਹਚਾ ਕਰੋ,
ਪਵਿੱਤਰ ਆਤਮਾ ਉੱਤੇ ਨਿਹਚਾ ਕਰੋ, ਇਹ ਤਿੰਨੇ ਇੱਕ ਹਨ;
ਬਦਰੂਹਾਂ ਕੰਬਣਗੀਆਂ, ਪਾਪੀ ਜਾਗਣਗੇ;
ਪ੍ਰਭੂ ਯਿਸੂ ਉੱਤੇ ਨਿਹਚਾ ਕਰਨ ਨਾਲ ਹਰੇਕ ਚੀਜ਼ ਕੰਬੇਗੀ।

ਸ੍ਰੀਮਾਨ ਜੀ, ਹਾਂ ਜੀ।ਉਸ ਨਾਮ ਨਾਲ ਹੀ ਟਿਕੇ ਰਹੋ।

148 ''ਤੇਰੇ ਕੋਲ ਇੱਕ ਨਾਮ ਹੈ ਕਿ ਤੂੰ ਜੀਉਂਦਾ ਹੈਂ, ਪਰ ਤੂੰ ਮਰਿਆ ਹੋਇਆ ਹੈਂ।'' ਅਜਿਹੀ ਹੀ ਤੁਹਾਡੀ ਕਲੀਸਿਆ ਹੈ। ਇਹੋ ਹੀ ਹੈ।

149 ਸੁਣੋ। ਉੱਥੇ ਇੱਕ ਔਰਤ ਬੈਠੀ ਹੋਈ ਹੈ... ਇਸ ਸਵੇਰ ਇਸ ਕਲੀਸਿਆ ਵਿੱਚ ਇੱਕ ਵਧੀਆ ਅਤੇ ਭਲੀ ਜਿਹੀ ਵਿਖਾਈ ਦੇਣ ਵਾਲੀ, ਸੁੰਦਰ ਔਰਤ ਬੈਠੀ ਹੋਈ ਹੈ। ਜਵਾਨ ਔਰਤਾਂ, ਅੱਧਖੜ ਔਰਤਾਂ ਅਤੇ ਬੁੱਢੀਆਂ ਔਰਤਾਂ ਹਨ, ਉਹ ਸਾਰੀਆਂ ਹੀ ਚੰਗੀਆਂ ਹਨ। ਉਹ ਕਿਸੇ ਦੀ

ਪਤਨੀ ਹੈ, ਕਿਸੇ ਦੀ ਬੇਟੀ ਹੈ, ਕਿਸੇ ਦੀ ਪਿਆਰੀ ਆਦਿ ਹੈ। ਉਹ ਸਾਰੀਆਂ ਹੀ ਕੁਝ ਨਾ ਕੁਝ ਹਨ। ਇੱਥੇ ਇੱਕੋ ਹੀ ਸ਼੍ਰੀਮਤੀ ਬ੍ਰਾਨਹਾਮ ਬੈਠੀ ਹੋਈ ਹੈ। ਤੁਸੀਂ ਸਾਰੀਆਂ ਹੀ ਔਰਤਾਂ ਹੋ। ਪਰ ਸ਼੍ਰੀਮਤੀ ਬ੍ਰਾਨਹਾਮ ਇੱਕੋ ਹੀ ਹੈ। ਪਰ ਉਹੋ ਹੀ ਇੱਕ ਹੈ ਜਿਹੜੀ ਮੇਰੇ ਨਾਲ ਘਰ ਜਾਂਦੀ ਹੈ। ਸਿਰਫ ਉਹ ਇਕੱਲੀ ਹੀ ਮੇਰੀ ਪਿਆਰੀ ਹੈ। ਇੱਕ ਉਹੋ ਹੀ ਹੈ ਜਿਹੜੀ ਮੇਰੇ ਬੱਚਿਆਂ ਨੂੰ ਪਾਲਦੀ ਹੈ।

150 ਅੱਜ ਸੰਸਾਰ ਵਿੱਚ ਬਹੁਤ ਸਾਰੀਆਂ ਵਧੀਆ ਕਲੀਸਿਆਵਾਂ ਹਨ। ਪਰ ਸ਼੍ਰੀਮਤੀ ਯਿਸੂ ਤਾਂ ਇੱਕੋ ਹੀ ਹੈ ਜਿਹੜੀ ਅਸਲੀ, ਸੱਚੇ ਅਤੇ ਨਵਾਂ ਜਨਮ ਪਾਏ ਹੋਏ ਪ੍ਰਮੇਸ਼ੁਰ ਦੇ ਜੀਵਾਂ ਨੂੰ ਪੈਦਾ ਕਰ ਰਹੀ ਹੈ। ਕੀ ਤੁਸੀਂ ਜਾਣਦੇ ਹੋ ਕਿ ਮੇਰਾ ਕੀ ਮਤਲਬ ਹੈ, ਕੀ ਨਹੀਂ ਜਾਣਦੇ ? ਉਹਦਾ ਨਾਮ ਮੈਥੋਡਿਸਟ ਨਹੀਂ ਹੈ। ਉਹਦਾ ਨਾਮ ਬੈਪਟਿਸਟ ਨਹੀਂ ਹੈ। ਉਹਦਾ ਨਾਮ ਤਾਂ ਯਿਸੂ, ਸ਼੍ਰੀਮਤੀ ਯਿਸੂ ਹੈ। ਯਕੀਨਨ, ਉਹੋ ਹੀ ਹੈ। ਉਹ ਲੋਕਾਂ ਨੂੰ ਪੈਦਾ ਕਰ ਰਹੀ ਹੈ, ਉਹ ਮੈਥੋਡਿਸਟ ਦੇ ਮੈਂਬਰਾਂ ਨੂੰ ਪੈਦਾ ਨਹੀਂ ਕਰਦੀ। ਉਹ ਬੈਪਟਿਸਟ ਕਲੀਸਿਆ, ਜਾਂ ਪ੍ਰੈਸਬਾਈਟੇਰੀਅਨ ਜਾਂ ਕੈਥੋਲਿਕ ਕਲੀਸਿਆ ਨੂੰ ਪੈਦਾ ਨਹੀਂ ਕਰਦੀ। ਉਹ ਤਾਂ ਉਹਨਾਂ ਨੂੰ ਪੈਦਾ ਕਰ ਰਹੀ ਹੈ, ਜਿਹੜੇ ਮਸੀਹ ਵਿੱਚ ਪੈਦਾ ਹੋਏ ਹਨ, ਜਿਹੜੇ ਮਸੀਹ ਵਿੱਚ ਲੱਗੇ ਹੋਏ ਹਨ, ਜਿਨ੍ਹਾਂ ਦੀਆਂ ਜੜ੍ਹਾਂ ਮਸੀਹ ਯਿਸੂ ਵਿੱਚ ਲੱਗੀਆਂ ਹੋਈਆਂ ਹਨ। ਇਹੋ ਹੀ ਉਹ ਹੈ। ਮੈਂ ਬਹੁਤ ਹੀ ਖੁਸ਼ ਹਾਂ ਕਿ ਮੈਂ ਉਸੇ ਦੇ ਨਾਲ ਹਾਂ। ਉਹ ਇੱਕ ਕਲੀਸਿਆ ਹੈ। ਉਹਦੀ ਕੋਈ ਵੀ ਜੱਥੇਬੰਦੀ ਨਹੀਂ ਹੈ। ਉਹਦਾ ਇਹਨਾਂ ਵੱਡੇ ਆਕਰਸ਼ਕ ਨਾਵਾਂ ਵਾਲੀਆਂ ਵੱਡੀਆਂ ਇਮਾਰਤਾਂ ਨਾਲ ਕੋਈ ਮਿਲਾਪ ਨਹੀਂ ਹੈ। ਉਹ ਤਾਂ ਉਹਨਾਂ ਨੂੰ ਹੀ ਮਿਲਦੀ ਹੈ ਜਿੱਥੇ ਕਿਤੇ ਮਸੀਹ ਦੀ ਦੇਹ ਦੇ ਅੰਗ ਆਪਸ ਵਿੱਚ ਇਕੱਠੇ ਹੁੰਦੇ ਹਨ। ਉਹ ਆਤਮਾ ਅਤੇ ਸਚਿਆਈ ਵਿੱਚ ਭਗਤੀ ਕਰਦੇ ਹਨ। ਉਹ ਜਗਤ ਦੀ ਨੀਂਹ ਧਰਨ ਤੋਂ ਵੀ ਪਹਿਲਾਂ ਠਹਿਰਾਏ ਗਏ ਸਨ।

ਵਚਨ ਦਾ ਇੱਕ ਹੋਰ ਹਵਾਲਾ, ਅਤੇ ਮੈਂ ਤੁਹਾਡੇ ਨਾਲ ਵਾਅਦਾ ਕਰਦਾ ਹਾਂ ਕਿ ਮੈਂ ਸਮਾਪਤ ਕਰਾਂਗਾ। ਅਤੇ ਬਾਕੀ ਨੂੰ ਮੈਂ ਅੱਜ ਰਾਤ ਲਈ ਛੱਡ ਦਿਆਂਗਾ। ਲਿਓ, ਫੇਰ, ਤੁਸੀਂ ਅੱਜ ਰਾਤ ਇਹਨੂੰ ਸਮਝ ਸੱਕਦੇ ਹੋ।

151 ਇੱਕ ਪਲ ਲਈ ਅਫਸੀਆਂ ਵੱਲ ਜਾਈਏ। ਬਸ ਇੱਕੋ ਲਿਖਤ ਹੀ ਪੜ੍ਹਨੀ ਹੈ, ਫੇਰ ਮੈਂ ਇਹਨੂੰ ਤੁਹਾਡੇ ਉੱਤੇ ਛੱਡਣ ਜਾ ਰਿਹਾ ਹਾਂ। ਅਸੀਂ ਵੇਖਿਆ ਹੈ ਕਿ ਹੁਣ ਬਾਈਬਲ ਇਹਦੇ ਬਾਰੇ ਕੀ ਆਖਦੀ ਹੈ। ਮੈਂ ਇਸ ਮਹਾਨ ਉਸਤਾਦ ਪੌਲੁਸ ਨੂੰ ਲਵਾਂਗਾ, ਜਿਹੜਾ ਕਿ... ਉਹਦੇ ਵਰਗਾ ਕੋਈ ਵੀ ਨਹੀਂ ਹੋਇਆ। ਉਹ ਪਰਾਈਆਂ ਕੌਮਾਂ ਲਈ ਇੱਕ ਰਸੂਲ ਸੀ। ਬਿਲਕੁਲ ਠੀਕ ਹੈ। ਅਫਸੀਆਂ 1 ਕੱਢੋ।

152 ਹੁਣ ਇੱਕ ਪਲ ਵਿੱਚ ਅਸੀਂ ਸੰਗਤੀ ਸਮਾਪਤ ਕਰਾਂਗੇ। ਮੇਰੇ ਪਿਆਰੇ ਮਿੱਤਰ, ਇਹਨੂੰ ਸੁਣੋ। ਸੁਣੋ ਕਿ ਪੌਲੁਸ ਠੀਕ ਉਸੇ ਹੀ ਕਿਸਮ ਦੀ ਕਲੀਸਿਆ ਨੂੰ ਪ੍ਰਚਾਰ ਕਰ ਰਿਹਾ ਸੀ, ਜਿਸ ਕਿਸਮ ਦੀ ਕਲੀਸਿਆ ਨੂੰ ਮੈਂ ਅੱਜ ਸਵੇਰ ਪ੍ਰਚਾਰ ਕਰ ਰਿਹਾ ਹਾਂ।

*ਪੌਲੁਸ, ਜਿਹੜਾ ਮਸੀਹ ਦੀ ਇੱਛਿਆ ਤੋ ਮਸੀਹ ਯਿਸੂ ਦਾ ਰਸੂਲ ਹਾਂ (* ਕੀ

ਪ੍ਰੈਸਬਾਈਟੇਰੀਅਨ ਕਲੀਸਿਆ ਦੀ ਇੱਛਿਆ ਤੋ ? ਕਿਹੜੀ ਕਲੀਸਿਆ ਦੀ ਇੱਛਿਆ ਤੋ ?) *ਪ੍ਰਮੇਸ਼ੁਰ ਦੀ ਇੱਛਿਆ ਤੋ, ਅੱਗੇ ਯੋਗ ਸੰਤਾਂ ਨੂੰ (ਸੰਤ ਲੋਕਾਂ ਨੂੰ) ਜਿਹੜੇ ਅਫਸੁਸ ਵਿੱਚ ਵੱਸਦੇ ਹਨ....*

ਹੁਣ, ਯਾਦ ਰੱਖੋ ਕਿ ਉਹ ਸਾਰੇ ਜਗਤ ਵਿੱਚ ਖਿੱਲਰੇ ਹੋਏ ਸਨ। ਪ੍ਰੰਤੂ, ਉਹ ਅਫਸੁਸ ਦੇ ਝੁੰਢ ਨਾਲ ਗੱਲ ਕਰ ਰਿਹਾ ਸੀ। ਹੁਣ, ਉਹ ਸੰਸਾਰ ਨਾਲ ਗੱਲ ਨਹੀਂ ਕਰ ਰਿਹਾ ਸੀ। ਉਹ ਆਮ ਕਲੀਸਿਆ ਦੇ ਮੈਂਬਰਾਂ ਨਾਲ ਨਹੀਂ ਬੋਲ ਰਿਹਾ ਸੀ। ਉਹ ਸਿੱਧਾ ਇਹਨਾਂ ਸੰਤ ਲੋਕਾਂ ਨਾਲ ਗੱਲ ਕਰ ਰਿਹਾ ਸੀ। ਆਓ ਵੇਖੀਏ।

*...ਅਤੇ ਮਸੀਹ ਯਿਸੂ ਵਿੱਚ ਨਿਹਚਾਵਾਨ ਹਨ:*

ਅਸੀਂ ਕਿਵੇਂ ਯਿਸੂ ਮਸੀਹ ਵਿੱਚ ਆਉਂਦੇ ਹਾਂ ? ''ਅਸੀਂ ਸਾਰਿਆਂ ਨੇ ਇੱਕੋ ਆਤਮਾ ਦਾ ਬਪਤਿਸਮਾ ਲਿਆ,'' ਵਫਾਦਾਰੀ ਨਾਲ ਜਿੰਦਗੀ ਗੁਜਾਰ ਰਹੇ ਹਾਂ। ਤੁਸੀਂ ਕਿਵੇਂ ਜਾਣਦੇ ਹੋ ਕਿ ਤੁਸੀਂ ਪਵਿੱਤਰ ਆਤਮਾ ਪ੍ਰਾਪਤ ਕਰ ਲਿਆ ਹੈ ? ਸ਼ਾਇਦ ਅੱਜ ਰਾਤ ਅਸੀਂ ਇਹਦੇ ਉੱਤੇ ਗੱਲ ਕਰੀਏ। ਸਮਝੇ ? ਠੀਕ ਹੈ।

*...ਮਸੀਹ ਯਿਸੂ ਵਿੱਚ*

*ਸਾਡੇ ਪਿਤਾ ਪ੍ਰਮੇਸ਼ੁਰ ਅਤੇ ਪ੍ਰਭੂ ਯਿਸੂ ਮਸੀਹ ਦੀ ਵੱਲੋ ਤੁਹਾਨੂੰ ਕਿਰਪਾ ਅਤੇ ਸ਼ਾਂਤੀ ਹੁੰਦੀ ਰਹੇ।*

*ਮੁਬਾਰਕ ਹੋਵੇ ਸਾਡੇ ਪ੍ਰਭੂ ਯਿਸੂ ਮਸੀਹ ਦਾ ਪ੍ਰਮੇਸ਼ੁਰ ਅਤੇ ਪਿਤਾ ਜਿਹਨੇ ਸੁਰਗੀ ਥਾਵਾਂ ਵਿੱਚ ਸੱਭ ਪ੍ਰਕਾਰ ਦੀਆਂ ਆਤਮਿਕ ਬਰਕਤਾਂ ਨਾਲ ਸਾਨੂੰ ਬਰਕਤ ਦਿੱਤੀ.....*

153 ਤੁਸੀਂ ਜਾਣਦੇ ਹੋ ਕਿ ਇਹਦੇ ਵਿੱਚ ਬਹੁਤ ਜਿਆਦਾ ਰੌਲਾ ਰੱਪਾ ਨਹੀਂ ਪਾਉਣਾ ਹੁੰਦਾ। ਇਹਦੇ ਵਿੱਚ ਬਹੁਤ ਜਿਆਦਾ ਚੀਕ-ਚਿਹਾੜਾ ਨਹੀਂ ਪਾਉਣਾ ਹੁੰਦਾ। ਇਹ ਠੀਕ ਠਾਕ ਹੈ; ਇਹਦੇ ਵਿਰੋਧ ਵਿੱਚ ਕੁਝ ਨਹੀਂ ਹੈ। ਇਹ ਬਿਲਕੁਲ ਠੀਕ ਹੈ। ਇਹ ਇਹਨੂੰ ਨਹੀਂ ਲੈਂਦਾ। ਇਹ ਤਾਂ ਸਮਰਪਿਤ ਹਿਰਦੇ ਨੂੰ ਹੀ ਲੈਂਦਾ ਹੈ, ਜਿਹੜਾ ਸੁਰਗੀ ਥਾਵਾਂ ਵਿੱਚ ਬੈਠਾ ਹੋਇਆ ਹੈ, ਆਤਮਾ ਦੀਆਂ ਗੱਲਾਂ ਉੱਤੇ ਖੁਸ਼ੀ ਮਨਾਉਂਦਾ ਹੈ। ਅਤੇ ਆਤਮਾ ਕਾਹਦੇ ਉੱਤੇ ਖੁਸ਼ੀ ਮਨਾਉਂਦਾ ਹੈ, ਜਜ਼ਬਾਤਾਂ ਉੱਤੇ ? ਬਿਲਕੁਲ ਨਹੀਂ। ਇਹ ਭਾਵਨਾ ਜਾਂ ਜਜ਼ਬਾਤ ਲੈ ਕੇ ਆਉਂਦਾ ਹੈ। ਸਮਝੇ ? ਪਰ ਤੁਸੀਂ...

154 ਯਾਦ ਰੱਖੋ। ਕੀ ਤੁਹਾਨੂੰ ਮੀਂਹ ਅਤੇ ਕਣਕ, ਅਤੇ ਜੰਗਲੀ ਬੂਟੀ ਬਾਰੇ ਉਹ ਦਰਸ਼ਣ ਯਾਦ ਹੈ? ਯਾਦ ਕਰੋ। ਜਦੋਂ ਮੀਂਹ ਦੀ ਲੋੜ ਪਈ, ਤਾਂ ਛੋਟੀ ਜੰਗਲੀ ਬੂਟੀ ਦਾ ਸਿਰ ਹੇਠਾਂ ਨੂੰ ਝੁਕਿਆ ਹੋਇਆ ਸੀ; ਕਣਕ ਦਾ ਸਿਰ ਵੀ ਹੇਠਾਂ ਨੂੰ ਝੁਕਿਆ ਹੋਇਆ ਸੀ। ਜਦੋਂ ਮੀਂਹ ਆਇਆ, ਤਾਂ ਦੋਵੇਂ ਹੀ ਉੱਛਲੇ ਅਤੇ ਰੌਲਾ ਪਾਇਆ। ਇੱਕੋ ਜਿਹੀ ਹੀ ਵਰਖਾ ਹੋਈ। ''ਪਰ ਤੁਸੀਂ ਉਹਨਾਂ ਨੂੰ ਉਹਨਾਂ ਦੇ ਫਲਾਂ ਤੋ ਪਛਾਣ ਲਓਗੇ।'' ਵੇਖੋ।

*ਸਾਡੇ ਪਿਤਾ ਪ੍ਰਮੇਸ਼ੁਰ ਦੀ ਵੱਲੋ ਤੁਹਾਨੂੰ ਕਿਰਪਾ ਹੁੰਦੀ ਰਹੇ...*

ਹੁਣ ਵੇਖੋ। ''ਜਿਵੇਂ ਉਹਨੇ...'' ਹੁਣ ਚੌਥੀ ਆਇਤ।

*ਜਿਵੇਂ ਉਹਨੇ ਉਸ ਵਿੱਚ ਸਾਨੂੰ ਚੁਣ ਲਿਆ...*

ਕੀ ਬੇਦਾਰੀ ਦੀ ਆਖਰੀ ਮੀਟਿੰਗ ਵਿੱਚ ? [ਮੰਡਲੀ ਆਖਦੀ ਹੈ, ''ਨਹੀਂ।''–ਸੰਪਾ ] ਹੂੰ? [''ਨਹੀਂ।''] ਜਦੋਂ ਅਸੀਂ ਬੈਪਟਿਸਟ ਜਾਂ ਮੈਥੋਡਿਸਟ ਦੇ ਮੈਂਬਰ ਬਣੇ...? ਜੀ ਨਹੀਂ। ਉਹਨਾਂ ਦੀਆਂ ਮੀਟਿੰਗਾਂ ਹੋਣ ਤੋ ਪਹਿਲਾਂ ਹੀ ''ਚੁਣ ਲਿਆ।'' ਹਾਂ ਜੀ।

*...ਜਗਤ ਦੀ ਨੀਂਹ ਧਰਨ ਤੋ ਅੱਗਾਂ ਹੀ...*

ਠੀਕ ਉਦੋਂ ਉਹਨੇ ਸਾਨੂੰ ਚੁਣ ਲਿਆ। ਨਹੀਂ, ਅਸੀਂ ਉਹਨੂੰ ਨਹੀਂ ਚੁਣਿਆ। ਉਹਨੇ ਸਾਨੂੰ ਚੁਣਿਆ। ਸਮਝੇ ? ਉਹਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਚੁਣ ਲਿਆ।

*...ਕਿ ਅਸੀਂ ਪਵਿੱਤਰ ਹੋਈਏ...*

155 ਅਸੀਂ ਕਿਵੇਂ ਪਵਿੱਤਰ ਸੀ ? ਉਹਦੇ ਰਾਹੀਂ ਨਹੀਂ ਜੋ ਅਸੀਂ ਕੀਤਾ, ਪਰ ਜੋ ਉਹਨੇ ਸਾਡੇ ਲਈ ਕੀਤਾ, ਕਿਉਂਕਿ ਅਸੀਂ ਅਜਿਹਾ ਨਹੀਂ ਕਰ ਸੱਕਦੇ ਸੀ। ਕਿਵੇਂ ਤੁਸੀਂ ਇੱਕ ਸੂਰ ਨੂੰ ਲੇਲਾ ਬਣਾ ਸੱਕਦੇ ਹੋ? ਭਾਈ ਰੱਏ ਜੀ, ਤੁਸੀਂ ਤਾਂ ਸੂਰ ਅਤੇ ਲੇਲੇ ਦੋਵਾਂ ਨੂੰ ਪਾਲਦੇ ਹੋ। ਤੁਸੀਂ ਨਹੀਂ ਕਰ ਸੱਕਦੇ– ਨਹੀਂ ਕਰ ਸੱਕਦੇ– ਤੁਸੀਂ ਉਹਨਾਂ ਨੂੰ ਆਪਸ ਵਿੱਚ ਨਹੀਂ ਮਿਲਾ ਸੱਕਦੇ। ਇੱਥੇ ਸੂਰ ਤਾਂ ਬਸ... ਉਹ ਇੱਧਰ ਉੱਧਰ ਜਾਵੇਗਾ, ਹਰੇਕ ਪ੍ਰਕਾਰ ਦੀ ਚੀਜ਼ ਖਾ ਸੱਕਦਾ ਹੈ। ਉਹ ਕੂੜੇ ਦੇ ਢੇਰ ਉੱਤੇ ਚੜ੍ਹ ਜਾਵੇਗਾ ਅਤੇ ਢਿੱਡ ਭਰ ਕੇ ਖਾਵੇਗਾ। ਅੱਛਾ, ਤੁਹਾਨੂੰ ਉਹਦੇ ਬਾਰੇ ਅਜਿਹਾ ਮਾੜਾ ਵੀ ਨਹੀਂ ਲੱਗਦਾ। ਤੁਸੀਂ ਸੋਚਦੇ ਹੋ ਕਿ ਸੂਰ ਤਾਂ ਠੀਕ ਠਾਕ ਹੀ ਹੈ। ਉਹ ਇੱਕ ਵਧੀਆ ਸੂਰ ਹੈ। ਬਸ ਇਹੋ ਹੀ ਹੈ। ਪਰ ਤੁਸੀਂ ਲੇਲੇ ਨੂੰ ਉਹਦੇ ਨੇੜੇ ਨਹੀਂ ਵੇਖਦੇ। ਸੂਰ ਉਹਨੂੰ ਰਾਤ ਦੇ ਖਾਣੇ ਲਈ ਨਹੀਂ ਬੁਲਾ ਸੱਕਦਾ; ਉਹ ਨਹੀਂ ਆਵੇਗਾ। ਨਹੀਂ ਜੀ। ਕੀ ਮਾਮਲਾ ਹੈ ? ਕਿਉਂਕਿ ਉਹ ਇੱਕ ਸੂਰ ਹੈ। ਤੁਸੀਂ ਜਾ ਕੇ ਉਹਨੂੰ ਦੱਸੋ ਕਿ ਉਹ ਗਲਤ ਹੈ। ਉਹ ਆਖੇਗਾ, ''ਪ੍ਰਮੇਸ਼ੁਰ ਦੀ ਵਡਿਆਈ ਹੋਵੇ, ਮੈਂ ਇੱਕ ਸੂਰ ਹਾਂ। ਤੁਸੀਂ ਆਪਣੇ ਇਲਾਕੇ ਵਿੱਚ ਰਹੋ। ਤੁਸੀਂ ਉੱਥੇ ਜਾਓ, ਜੇ ਤੁਸੀਂ ਚਾਹੋ ਤਾਂ ਤੁਸੀਂ ਇੱਕ ਪਵਿੱਤਰ ਪਖੰਡੀ ਬਣ ਜਾਓ।'' ਇੱਥੇ ਹੋ ਤੁਸੀਂ।

ਵਚਨ ਆਖਦਾ ਹੈ, ''ਜੇਕਰ ਤੁਸੀਂ ਜਗਤ ਜਾਂ ਜਗਤ ਦੀਆਂ ਵਸਤਾਂ ਨਾਲ ਪਿਆਰ ਕਰਦੇ ਹੋ, ਤਾਂ ਤੁਹਾਡੇ ਵਿੱਚ ਪ੍ਰਮੇਸ਼ੁਰ ਦਾ ਪਿਆਰ ਨਹੀਂ ਹੈ।''

156 ਹੁਣ, ਇਸ ਲਈ ਨਹੀਂ ਕਿਉਂਕਿ ਮੈਂ ਕੂੜਾ ਖਾਣਾ ਬੰਦ ਕਰ ਦਿੱਤਾ ਹੈ, ਅਤੇ ਇਹਨੇ ਮੈਨੂੰ ਇੱਕ ਸੂਰ ਨਾਲੋਂ ਵੱਖਰਾ ਬਣਾ ਦਿੱਤਾ ਹੈ, ਵੇਖੋ, ਜਾਂ ਮੈਂ ਅੱਗੇ ਤੋਂ ਸੂਰ ਨਹੀਂ ਰਿਹਾ। ਅਜਿਹਾ ਨਹੀਂ ਹੈ। ਪਰ ਜਦੋਂ ਮੇਰਾ ਸੁਭਾਅ ਹੀ ਬਦਲ ਜਾਂਦਾ ਹੈ। ''ਓਹ, ਮੇਰਾ ਅੰਦਾਜਾ ਹੈ ਕਿ ਉਹ ਆਲੇ–ਦੁਆਲੇ ਵਾੜ ਲਗਾ ਦੇਣ। ਉਹ ਵਾੜ ਕਰ ਦੇਣ। ਮੈਨੂੰ 'ਅਜਿਹਾ' ਨਹੀਂ ਚਾਹੀਦਾ ?'' ਓਹ ਨਹੀਂ ਜੀ। ਤੁਹਾਨੂੰ ਇਹਦੇ ਤੋਂ ਕੁਝ ਵੀ ਹਟਾਉਣਾ ਨਹੀਂ ਪੈਂਦਾ। ਤੁਸੀਂ ਤਾਂ ਬਸ ਨਵੇਂ ਸਿਰੇ ਤੋਂ ਜਨਮ ਲੈਂਦੇ ਹੋ। ਬਸ ਇਹੋ ਹੀ ਹੁੰਦਾ ਹੈ। ਤੁਸੀਂ ਬਸ ਬਦਲ ਜਾਂਦੇ ਹੋ। ਇਹ ਸਹੀ ਗੱਲ ਹੈ।

157 ਪਰ ਜੇਕਰ ਤੁਸੀਂ ਲੇਲੇ ਵਿੱਚੋਂ ਉਹਦਾ ਆਤਮਾ ਬਾਹਰ ਕੱਢ ਸੱਕਦੇ ਅਤੇ ਉਹਨੂੰ ਸੂਰ ਵਿੱਚ ਪਾ ਸੱਕਦੇ; ਤਾਂ ਲੇਲਾ ਉਹੋ ਹੀ ਕੰਮ ਕਰੇਗਾ, ਅਤੇ ਸੂਰ ਉਹੋ ਹੀ ਕੰਮ ਕਰੇਗਾ ਜਿਹੜੇ ਉਹਦੇ ਅੰਦਰ ਲੇਲੇ ਦਾ ਆਤਮਾ ਕਰੇਗਾ, ਅਤੇ ਲੇਲਾ ਪਿੱਛੇ ਮੁੜ ਕੇ ਉਹੋ ਹੀ ਕੰਮ ਕਰੇਗਾ ਜਿਹੜੇ ਸੂਰ

ਕਰਦਾ ਸੀ।

ਹੁਣ, ਤੁਸੀਂ ਸੂਰੋ, ਕੀ ਤੁਸੀਂ ਵੇਖਦੇ ਹੋ ਕਿ ਤੁਸੀਂ ਕਿੱਥੇ ਹੋ ? ਸਮਝੇ ? ਇਹ ਬਿਲਕੁਲ ਸਹੀ ਹੈ। ਸਮਝ ਲੱਗੀ ? ਤੁਸੀਂ ਬਾਹਰ ਜਾਂਦੇ ਹੋ ਅਤੇ ਜਗਤ ਦੀਆਂ ਵਸਤਾਂ ਨਾਲ ਪਿਆਰ ਕਰਦੇ ਹੋ, ਛੋਟੇ-ਛੋਟੇ ਕੱਪੜੇ ਪਾਉਂਦੇ ਹੋ ਅਤੇ ਅਜਿਹੇ ਸਾਰੇ ਹੀ ਕੰਮ ਕਰਦੇ ਹੋ। ਤੁਸੀਂ ਅੱਗੇ ਵੱਧਦੇ ਹੋ, ਅਤੇ ਇਹਦੇ ਤੋਂ ਇਹ ਪਤਾ ਲੱਗਦਾ ਹੈ ਕਿ ਤੁਸੀਂ ਕੀ ਹੋ।

158 ''ਤੁਸੀਂ ਉਹਨਾਂ ਦਿਆਂ ਫਲਾਂ ਤੋਂ ਉਹਨਾਂ ਨੂੰ ਪਛਾਣੋਗੇ। ਭਲਾ, ਮਨੁੱਖ ਕੰਡਿਆਲਿਆਂ ਤੋਂ ਹੰਜੀਰ ਤੋੜਦੇ ਹਨ ?'' ਸਮਝੇ ? ਨਹੀਂ ਨਹੀਂ। ਤੁਸੀਂ ਹੰਜੀਰ ਦੇ ਰੁੱਖਾਂ ਤੋਂ ਹੀ ਹੰਜੀਰਾਂ ਤੋੜਦੇ ਹੋ। ਤੁਸੀਂ ਸੇਬ ਦੇ ਰੁੱਖਾਂ ਤੋ ਹੀ ਸੇਬ ਪ੍ਰਾਪਤ ਕਰਦੇ ਹੋ। ਤੁਸੀਂ ਕੰਡਿਆਂ ਦੇ ਰੁੱਖਾਂ ਤੋਂ ਹੀ ਕੰਡੇ ਲੈਂਦੇ ਹੋ। ਇਹ ਸੱਚ ਹੈ।

ਹੁਣ, ਪੂਰੇ ਧਿਆਨ ਨਾਲ ਸੁਣੋ।

*ਉਹਨੇ ਜੋ ਆਪਣੀ ਮਰਜੀ ਦੇ ਨੇਕ ਇਰਾਦੇ ਦੇ ਅਨੁਸਾਰ ਯਿਸੂ ਮਸੀਹ ਦੇ ਰਾਹੀਂ ਆਪਣੇ ਲਈ ਸਾਨੂੰ ਲੇਪਾਲਕ ਪੁੱਤਰ ਹੋਣ ਨੂੰ ਅੱਗੋ ਹੀ ਠਹਿਰਾਇਆ।*

ਸਾਨੂੰ ਅਗੇਤਰਾ ਹੀ ਠਹਿਰਾਇਆ, *ਭਈ ਉਹਦੀ ਕਿਰਪਾ ਦੀ ਮਹਿਮਾ ਦੀ ਉਸਤਤ ਹੋਵੇ ਜਿਹੜੀ ਉਹਨੇ ਉਸ ਪਿਆਰੇ ਵਿੱਚ ਸਾਨੂੰ ਬਖ਼ਸ਼ ਦਿੱਤੀ।*

159 ਕਿਹਨੇ ਅਜਿਹਾ ਕੀਤਾ ? ''ਕਿਉਂਕਿ ਮੈਂ ਸ਼ਰਾਬ ਪੀਣੀ ਬੰਦ ਕਰ ਦਿੱਤੀ। ਕਿਉਂਕਿ ਮੈਂ ਸਿਗਰਟਾਂ ਪੀਣੀਆਂ ਬੰਦ ਕਰ ਦਿੱਤੀਆਂ ?'' ਨਹੀਂ। ਉਹਨੇ ਹੀ ਅਜਿਹਾ ਕੀਤਾ ਹੈ। ਉਹਨੇ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਮੈਨੂੰ ਉਹਦੀ ਕਿਰਪਾ ਦੀ ਹਜੂਰੀ ਨੂੰ ਕਬੂਲ ਕਰਨ ਦੇ ਯੋਗ ਬਣਾਇਆ। ਮੈਂ ਕੁਝ ਨਹੀਂ ਕੀਤਾ। ਇਹਦੇ ਸੰਬੰਧ ਵਿੱਚ ਕਦੇ ਵੀ ਕੁਝ ਵੀ ਨਹੀਂ ਕੀਤਾ। ਇੱਕ ਵੀ ਕੰਮ ਅਜਿਹਾ ਨਹੀਂ ਹੈ ਜਿਹੜਾ ਮੈਂ ਇਸ ਮਾਮਲੇ ਵਿੱਚ ਕੀਤਾ ਹੋਵੇ।

ਮੈਂ ਤਾਂ ਸ਼ੁਰੂ ਤੋਂ ਹੀ ਇੱਕ ਸੂਰ ਸੀ। ਮੈਂ ਇੱਕ ਪਾਪੀ ਸੀ, ਸ਼ਰਾਬੀਆਂ ਦੇ ਪਰਿਵਾਰ ਵਿੱਚ ਪੈਦਾ ਹੋਇਆ, ਮੂਨਸ਼ਾਈਨ (ਵਿਸਕੀ) ਦੇ ਸਾਏ ਹੇਠ ਪਲਿਆ, ਵਿਸਕੀ ਦੇ ਡਰੰਮ ਉੱਤੇ ਬੈਠਦਾ ਹੁੰਦਾ ਸੀ, ਇਹ ਬੜੀ ਹੀ ਸ਼ਰਮ ਵਾਲੀ ਗੱਲ ਹੈ। ਇਹ ਸੱਚਾਈ ਹੈ। ਕੰਟੈਕੀ ਦੀ 'ਮੂਨਸ਼ਾਈਨ', ਜਦੋਂ ਤੱਕ ਮੈਂ ਇੱਕ ਵੱਡਾ ਮੁੰਡਾ ਨਹੀਂ ਬਣ ਗਿਆ, ਮੈਂ ਕਦੇ ਵੀ ਜੁੱਤੀਆਂ ਦਾ ਜੋੜਾ ਨਹੀਂ ਪਹਿਨਿਆ ਸੀ। ਵਾਲ ਮੇਰੀ ਧੌਣ ਤੱਕ ਹੁੰਦੇ ਸਨ, ਅਤੇ ਮੈ ਮੂਨਸ਼ਾਈਨ ਦੀ ਭੱਠੀ ਕੋਲ ਬੈਠਾ, ਮੂਨਸ਼ਾਈਨ ਬਣਾਉਂਦਾ ਹੁੰਦਾ ਸੀ।

ਫਿਰ ਜਦੋਂ ਮੈਂ ਸੱਤ ਸਾਲ ਦਾ ਸੀ ਤਾਂ ਪਵਿੱਤਰ ਆਤਮਾ ਮੇਰੇ ਕੋਲ ਆਇਆ ਅਤੇ ਆਖਿਆ, ''ਇਹ ਦੀ ਇੱਕ ਬੂੰਦ ਵੀ ਨਾ ਛੂਹੀਂ। ਅਤੇ ਤੂੰ ਬਾਹਰ ਉਹਨਾਂ ਛੋਟੀਆਂ ਕੁੜੀਆਂ ਨਾਲ ਮੂਰਖ ਨਾ ਬਣਿਆ ਫਿਰੀਂ। ਅਤੇ ਤੂੰ ਨਾ ਹੀ ਸਿਗਰਟ ਪੀਵੀਂ ਅਤੇ ਨਾ ਹੀ ਤੰਬਾਕੂ ਖਾਵੀਂ।'' ਐਹ, ਮੇਰੇ ਪ੍ਰਭੂ ! ਇਹ ਕੀ ਸੀ ? ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਪਿਤਾ ਦੀ ਇਹ ਭਲੀ ਇੱਛਾ ਸੀ ਕਿ ਉਹ ਮੈਨੂੰ ਇੰਜੀਲ ਦਾ ਪ੍ਰਚਾਰ ਕਰਨ ਲਈ ਅਤੇ ਆਪਣੀਆਂ ਭੇਡਾਂ ਦੀ ਅਗੁਵਾਈ ਕਰਨ ਲਈ ਘੱਲੇਗਾ। ਪ੍ਰਮੇਸ਼ੁਰ ਦਾ ਨਾਮ ਮੁਬਾਰਕ ਹੋਵੇ ਅਤੇ ਉਹਦਾ ਮਹਾਨ

ਨਾਮ ਯੁੱਗੋ ਯੁੱਗ ਕਾਇਮ ਰਹੇ ! ਮੈਂ ਉਹਦੀ ਬਾਈਬਲ ਨਾਲ ਹੀ ਟਿਕਿਆ ਰਹਾਂਗਾ, ਡੁੱਬਾ ਜਾਂ ਬਾਹਰ ਨਿੱਕਲਾਂ, ਪ੍ਰਸਿੱਧ ਹੋਵਾਂ ਜਾਂ ਨਾ ਹੋਵਾਂ। ਚਾਹੇ ਮੈਨੂੰ ਕੋਈ ਪਿਆਰ ਕਰੇ ਜਾਂ ਨਾ ਕਰੇ, ਮੈਂ ਉਸੇ ਨੂੰ ਹੀ ਖੁਸ਼ ਕਰਾਂਗਾ। ਮੈਂ ਤਾਂ ਉਹੋ ਹੀ ਕਰਨਾ ਚਾਹੁੰਦਾ ਹਾਂ ਜਿਹਦੇ ਤੋ ਉਹ ਖੁਸ਼ ਹੋਵੇ।

160 ਭਾਵੇਂ ਬੈਪਟਿਸਟ, ਮੈਥੋਡਿਸਟ, ਪੈਂਟੀਕਾਸਟਲ, ਆਪਣੇ ਮੂਲ ਅਧਾਰ ਤੋ ਮੈਨੂੰ ਠੁਕਰਾ ਦੇਣ ਕਿ ''ਪਰਾਈ ਭਾਖਿਆ ਬੋਲਣਾ ਹੀ ਪਵਿੱਤਰ ਆਤਮਾ ਦਾ ਸਬੂਤ ਹੈ।'' ਇਸੇ ਹੀ ਕਾਰਣ ਅਸੀਂ ਪੈਂਟੀਕਾਸਟਲ ਨਹੀਂ ਹਾਂ। ਅਸੀਂ ਇਹ ਨਿਹਚਾ ਨਹੀਂ ਕਰਦੇ ਹਾਂ ਕਿ ਪਰਾਈ ਭਾਖਿਆ ਬੋਲਣ ਨਾਲ ਹੀ ਤੁਸੀਂ ਪਵਿੱਤਰ ਆਤਮਾ ਨਾਲ ਭਰਦੇ ਹੋ, ਨਾ ਹੀ ਇਹ ਨਿਹਚਾ ਕਰਦੇ ਹਾਂ ਕਿ ਵਾੜੇ ਵਿੱਚ ਰਹਿਣ ਨਾਲ ਤੁਸੀਂ ਸੂਰ ਬਣ ਜਾਂਦੇ ਹੋ। ਨਹੀਂ, ਸ਼੍ਰੀਮਾਨ ਜੀ। ਨਾ ਹੀ ਅਸੀਂ ਇਹ ਨਿਹਚਾ ਕਰਦੇ ਹਾਂ ਕਿ ਰਾਜ ਮਹਿਲ ਵਿੱਚ ਰਹਿਣ ਨਾਲ ਤੁਸੀਂ ਰਾਜੇ ਬਣ ਜਾਂਦੇ ਹੋ। ਨਹੀਂ ਜੀ ! ਤੁਸੀਂ ਇੱਕ ਨੌਕਰ ਹੋ ਸੱਕਦੇ ਹੋ। ਸਮਝੇ? ਤੁਸੀਂ ਕੁਝ ਵੀ ਹੋ ਸੱਕਦੇ ਹੋ। ਜੀ ਨਹੀਂ, ਸ਼੍ਰੀਮਾਨ।

161 ਅਸੀਂ ਨਿਹਚਾ ਕਰਦੇ ਹਾਂ ਕਿ ਤੁਸੀਂ ਤਜ਼ਰਬੇ ਨਾਲ ਪਵਿੱਤਰ ਆਤਮਾ ਪ੍ਰਾਪਤ ਕਰਦੇ ਹੋ, ਨਾ ਕਿ ਵਚਨ ਦੇ ਮਨਘੜਤ ਬੌਧਿਕ ਵਿਚਾਰਾਂ ਰਾਹੀਂ ਪਵਿੱਤਰ ਆਤਮਾ ਪ੍ਰਾਪਤ ਕਰਦੇ ਹੋ, ਪਰ ਤੁਸੀਂ ਉਸ ਤਜ਼ਰਬੇ ਰਾਹੀਂ ਪਵਿੱਤਰ ਆਤਮਾ ਪ੍ਰਾਪਤ ਕਰਦੇ ਹੋ ਜਿਹੜਾ ਤੁਹਾਨੂੰ ਇੱਕਲਿਆਂ ਨੂੰ ਹੀ ਹੁੰਦਾ ਹੈ। ਹੁਣ, ਜੇਕਰ ਤੁਸੀਂ ਜਾਨਣਾ ਚਾਹੁੰਦੇ ਹੋ ਕਿ ਇਹ ਪਵਿੱਤਰ ਆਤਮਾ ਸੀ ਜਾਂ ਨਹੀਂ, ਇਹਦੇ ਤੋਂ ਬਾਦ ਤੁਸੀਂ ਕਿਸ ਤਰ੍ਹਾਂ ਦਾ ਜੀਵਨ ਗੁਜਾਰਦੇ ਹੋ। ਇਹੋ ਹੀ ਤੁਹਾਨੂੰ ਦੱਸੇਗਾ ਕਿ ਤੁਹਾਡੇ ਵਿੱਚ ਕਿਸ ਤਰ੍ਹਾਂ ਦਾ ਆਤਮਾ ਆਇਆ ਹੈ।

162 ਹੋ ਸੱਕਦਾ ਹੈ ਕਿ ਤੁਸੀਂ ਪਰਾਈਆਂ ਭਾਖਿਆਂ ਬੋਲੋ, ਅਤੇ ਹੋ ਸੱਕਦਾ ਹੈ ਕਿ ਨਾ ਬੋਲੋ। ਪਰ ਪੈਂਟੀਕਾਸਟਲਾਂ ਨੇ ਅਜਿਹਾ ਭਿਆਨਕ ਕੰਮ ਕਿਉਂ ਕੀਤਾ ? ਇਹਨੂੰ ਸਮਝੋ। ਪੈਂਟੀਕਾਸਟਲਾਂ ਨੇ ਅਜਿਹਾ ਕਿਉਂ ਕੀਤਾ ? ਕਿਉਂ ? ਕਿਉਂਕਿ ਸ਼ੁਰੂ ਵਿੱਚ ਚਾਲ੍ਹੀ ਸਾਲ ਪਹਿਲਾਂ ਜਦੋਂ ਪ੍ਰਮੇਸ਼ੁਰ ਵਰਦਾਨਾਂ ਦੀ ਬਹਾਲੀ ਕਰਨ ਲੱਗਾ, ਤਾਂ ਕੋਈ ਪਰਾਈ ਭਾਖਿਆ ਬੋਲਣ ਲੱਗ ਪਿਆ। ਅਤੇ ਪੌਲੁਸ ਦੀ ਸਿੱਖਿਆ ਅਨੁਸਾਰ ਸਾਰੇ ਵਰਦਾਨਾਂ ਵਿੱਚੋ ਪਰਾਈ ਭਾਖਿਆ ਬੋਲਣਾ ਸੱਭ ਤੋਂ ਹੇਠਲਾ ਵਰਦਾਨ ਹੈ। ''ਸੱਭ ਵਰਦਾਨਾਂ ਵਿੱਚੋਂ ਸੱਭ ਤੋਂ ਛੋਟਾ ਵਰਦਾਨ ਪਰਾਈ ਭਾਖਿਆ ਬੋਲਣਾ ਹੈ।'' ਅਤੇ ਜਿਓਂ ਹੀ ਉਹਨਾਂ ਨੇ ਇਹ ਕੀਤਾ, ਉਹ ਸਾਰੇ ਹੀ ਉਤਾਵਲੇ ਹੋ ਗਏ ਅਤੇ ਇੱਕ ਜੱਥੇਬੰਦੀ ਬਣਾ ਲਈ, ਅਤੇ ਇਹਨੂੰ ਜਨਰਲ ਕਾਉਂਸਿਲ ਆਖਿਆ ਜਿਹੜੀ ਕਿ ਅਸੈਂਬਲੀਸ ਔੱਫ ਗੱਡ ਹੈ।

163 ਹੁਣ, ਮੈਂ ਉਹਨਾਂ ਦੇ ਕੁਝ ਵਧੀਆ ਆਦਮੀਆਂ ਨਾਲ ਗੱਲਬਾਤ ਕੀਤੀ ਹੈ, ਉਹਨਾਂ ਦੇ ਧਰਮ ਗਿਆਨੀ, ਅਤੇ ਉਹ ਆਖਦੇ ਹਨ, ''ਭਾਈ ਬ੍ਰਾਨਹਾਮ ਜੀ, ਤੁਸੀਂ ਠੀਕ ਹੋ। ਪਰ ਹੁਣ ਅਸੀਂ ਕੀ ਕਰ ਸੱਕਦੇ ਹਾਂ? ਜੇਕਰ ਅਸੀ ਇਹਦੇ ਵਿਰੋਧ ਵਿੱਚ ਖੜ੍ਹੇ ਹੁੰਦੇ ਹਾਂ ਤਾਂ ਸਾਨੂੰ ਬਾਹਰ ਕੱਢ ਦਿੱਤਾ ਜਾਵੇਗਾ। ਅਤੇ ਸਾਡੀ ਕਲੀਸਿਆ ਸਾਡੇ ਬਾਰੇ ਕੀ ਸੋਚੇਗੀ ? ਜਦੋਂ ਕਿ ਅਸੀਂ ਉਹਨਾਂ ਨੂੰ ਸਾਲਾਂ ਦਰ ਸਾਲ ਇਹੋ ਹੀ ਸਿਖਾਇਆ ਹੈ ਕਿ, ''ਪਰਾਈ ਭਾਖਿਆ ਬੋਲਣਾ ਹੀ ਪਵਿੱਤਰ ਆਤਮਾ ਪਾਉਣ ਦਾ ਸਬੂਤ ਹੈ।'' ਜੇ ਹੁਣ ਬਦਲਦੇ ਹਾਂ ਤਾਂ ਕੀ ਹੋਵੇਗਾ ?'' ਇਹ ਤਾਂ ਜੱਥੇਬੰਦੀ ਦਾ ਸਰਾਪ ਹੈ।

ਪ੍ਰਭੂ ਦੀ ਵਡਿਆਈ ਹੋਵੇ ! ਸਾਡੀ ਕੋਈ ਵੀ ਜੱਥੇਬੰਦੀ ਨਹੀਂ ਹੈ। ਜਿਸ ਤਰ੍ਹਾਂ ਆਤਮਾ

ਅਗੁਵਾਈ ਕਰਦਾ ਹੈ, ਅਸੀਂ ਇਹਨੂੰ ਉਸੇ ਹੀ ਤਰ੍ਹਾਂ ਲੈਂਦੇ ਹਾਂ।

ਪਵਿੱਤਰ ਆਤਮਾ ਦਾ ਬਪਤਿਸਮਾ ਤਾਂ ਇੱਕ ਨਿੱਜੀ ਤਜ਼ਰਬਾ ਹੈ।

164 ਮੈਂ ਲੋਕਾਂ ਨੂੰ ਪਰਾਈ ਭਾਖਿਆ ਬੋਲਦਿਆਂ ਵੇਖਿਆ ਹੈ। ਮੈਂ ਜਾਦੂਗਰਾਂ ਅਤੇ ਟੂਣੇ ਕਰਨ ਵਾਲਿਆਂ ਨੂੰ ਵੇਖਿਆ ਹੈ। ਕੋਈ ਵੀ ਮਿਸ਼ਨਰੀ ਜਿਹਦਾ ਕਦੇ ਜਾਦੂਗਰਾਂ ਅਤੇ ਦੁਸ਼ਟ ਆਤਮਿਆਂ ਨਾਲ ਵਾਸਤਾ ਪਿਆ ਹੈ, ਠੀਕ ਅਜਿਹਾ ਹੀ ਜਾਣਦਾ ਹੈ। ਮੈਂ ਉਹਨਾਂ ਨੂੰ ਖੜ੍ਹੇ ਹੁੰਦਿਆਂ ਅਤੇ ਪਰਾਈ ਭਾਖਿਆ ਬੋਲਦਿਆਂ ਵੇਖਿਆ ਹੈ, ਅਤੇ ਉਹ ਆਪਣੇ ਸਿਰਾਂ ਦੇ ਉੱਤੋਂ ਦੀ ਪਿਛਲੇ ਪਾਸੇ ਮਿੱਟੀ ਸੁੱਟਦੇ ਹਨ, ਅਤੇ ਆਪਣੇ ਆਪ ਨੂੰ ਬਰਛੇ ਨਾਲ ਵੱਢਦੇ ਹਨ, ਅਤੇ ਪਰਾਈ ਭਾਖਿਆ ਬੋਲਦੇ ਹਨ ਅਤੇ ਉਹਦਾ ਤਰਜਮਾ ਕਰਦੇ ਹਨ। ਅਤੇ ਤੁਸੀਂ ਆਖਦੇ ਹੋ ਕਿ ਇਹ ਪਵਿੱਤਰ ਆਤਮਾ ਹੈ ? ਯਕੀਨਨ, ਇਹ ਨਹੀਂ ਹੈ। ਇਹ ਤਾਂ ਸ਼ੈਤਾਨ ਹੈ।

ਯਿਸੂ ਨੇ ਕਦੇ ਨਹੀਂ ਆਖਿਆ ਸੀ, ਕਿ ''ਉਹਨਾਂ ਦੀਆਂ ਬੋਲੀਆਂ ਤੋਂ ਤੁਸੀਂ ਉਹਨਾਂ ਨੂੰ ਜਾਣ ਲਓਗੇ,'' ਪਰ, ''ਤੁਸੀਂ ਉਹਨਾਂ ਦਿਆਂ ਫਲਾਂ ਤੋਂ ਉਹਨਾਂ ਨੂੰ ਪਛਾਣ ਲਓਗੇ।'' ਅਤੇ ਅਫਸੀਆਂ 5:1 ਆਖਦੀ ਹੈ, ''ਆਤਮਾ ਦਾ ਫਲ ਇਹ ਹੈ-ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫਾਦਾਰੀ, ਨਰਮਾਈ, ਨਿਹਚਾ, ਸੰਜਮ।'' ਕੀ ਇਹ ਸਹੀ ਗੱਲ ਹੈ? [ਮੰਡਲੀ ਆਖਦੀ ਹੈ, ''ਆਮੀਨ।'' -ਸੰਪ] ਤੁਸੀਂ ਇੱਥੇ ਹੋ।

165 ਹੁਣ, ਜੇ ਤੁਸੀਂ ਇੱਕ ਮੈਥੋਡਿਸਟ ਹੋ, ਤਾਂ ਤੁਹਾਡੇ ਉੱਤੇ ਕਿਸ ਪ੍ਰਕਾਰ ਦੇ ਫਲ ਲੱਗਦੇ ਹਨ ਕਿ ਤੁਸੀਂ ਬਹੁਤ ਛੇਤੀ ਭੜਕ ਉੱਠਦੇ ਹੋ, ਫੇਰ ਤੁਸੀਂ ਲੜਾਈ ਦਾ ਇੱਕ ਜਬਰਦਸਤ ਨਜ਼ਾਰਾ ਪੇਸ਼ ਕਰਦੇ ਹੋ; ਜੇ ਤੁਹਾਡੇ ਕੋਲ ਧੀਰਜ ਹੈ, ਕਿਉਂਕਿ ਤੁਹਾਡੇ ਕੋਲ ਪਿਆਰ ਹੈ, ਅਤੇ ਤੁਸੀਂ ਹਰੇਕ ਦਾ ਖਿਆਲ ਰੱਖਦੇ ਹੋ; ਜੇਕਰ ਤੁਹਾਡਾ ਪਹਿਲਾ ਪਿਆਰ ਮਸੀਹ ਲਈ ਹੈ, ਦੂਸਰੇ ਨੰਬਰ ਦਾ ਪਿਆਰ ਆਪਣੇ ਸਾਥੀ ਲਈ ਹੈ, ਅਤੇ ਖੁਦ ਆਪਣੇ ਲਈ ਪਿਆਰ ਤੀਸਰੇ ਨੰਬਰ 'ਤੇ ਹੋਵੇ, ਅਤੇ ਇਹ ਇਸੇ ਹੀ ਕ੍ਰਮ ਵਿੱਚ ਹੋਵੇ; ਜੇਕਰ ਤੁਸੀਂ ਇਸੇ ਹੀ ਤਰ੍ਹਾਂ ਚੱਲ ਰਹੇ ਹੋ, ਤਾਂ ਤੁਹਾਡੇ ਕੋਲ ਧੀਰਜ, ਨਰਮਾਈ ਅਤੇ ਨਿਹਚਾ ਹੁੰਦੀ ਹੈ। ''ਮੇਰੇ,'' ਤੁਸੀਂ ਆਖਦੇ ਹੋ, ''ਪ੍ਰਭੂ ਦਾ ਆਤਮਾ ਮੇਰੇ ਉੱਤੇ ਹੈ। ਅਤੇ ਉੱਥੇ ਰੱਬੀ ਚੰਗਾਈ ਹੁੰਦੀ ਹੈ। ਪਵਿੱਤਰ ਆਤਮਾ ਅੱਜ ਵੀ ਉਹੋ ਹੀ ਹੈ।''

166 ਹੁਣ, ਤੁਸੀਂ ਆਖਦੇ ਹੋ, ''ਇੱਕ ਮਿੰਟ ਰੁਕੋ। ਮੈਨੂੰ ਚਰਚ ਔਫ ਕਰਾਈਸਟ ਵਿੱਚ ਸਿੱਖਿਆ ਦਿੱਤੀ ਗਈ ਹੈ। ਕਰਾਮਾਤਾਂ ਦੇ ਦਿਨ ਲੰਘ ਗਏ ਹਨ।'' ਤੁਹਾਡੇ ਵਿੱਚ ਦੁਸ਼ਟ ਆਤਮਾ ਹੈ। ਇਹ ਸਹੀ ਗੱਲ ਹੈ।

ਤੁਸੀਂ ਆਖਦੇ ਹੋ, ''ਅੱਛਾ, ਅਸੀਂ ਤਾਂ ਬਪਤਿਸਮਾ ਲੈਣਾ ਹੈ। ਬਾਈਬਲ ਵਿੱਚ ਕੋਈ ਵੀ ਅਜਿਹੀ ਗੱਲ ਨਹੀਂ ਹੈ ਜਿੱਥੇ 'ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ' ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ ਹੋਵੇ। ਮੈਂ ਠੀਕ ਹੁਣ ਇਹਨੂੰ ਵੇਖਦਾ ਹਾਂ। ਇਹ ਵਚਨ ਵਿੱਚ ਹੈ। ਇਹ ਤਾਂ ਪ੍ਰਭੂ ਯਿਸੂ ਦੇ ਨਾਮ ਵਿੱਚ ਹੈ। ਹਰੇਕ ਜਗ੍ਹਾ ਇਹ ਪ੍ਰਭੂ ਯਿਸੂ ਦੇ ਨਾਮ ਵਿੱਚ ਹੀ ਹੈ।

167 ''ਠੀਕ ਹੈ, ਇੱਕ ਮਿੰਟ ਰੁਕੋ, ਅਸੀਂ ਤੈਨੂੰ ਅਸੈਂਬਲੀ ਵਿੱਚੋਂ ਬਾਹਰ ਕੱਢ ਦਿਆਂਗੇ।'' ਤੁਸੀਂ ਜਿਹੜੇ ਇਹਦੇ ਉੱਤੇ ਝੁਕਦੇ ਹੋ, ਤੁਹਾਡੇ ਵਿੱਚ ਇੱਕ ਝੂਠਾ ਆਤਮਾ ਹੈ। ਤੁਸੀਂ ਝੂਠੀ ਸਿੱਖਿਆ ਜਾਂ

ਝੂਠੇ ਨਬੀ ਨੂੰ ਸੁਣ ਰਹੇ ਹੋ।

168 ਤੁਸੀਂ ਕੋਈ ਇੱਕ ਅਜਿਹੀ ਥਾਂ ਲੱਭੋ ਜਿੱਥੇ ਕਦੇ ਉਹਨਾਂ ਦਾ ''ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ'' ਦੇ ਨਾਮ ਵਿੱਚ ਬਪਤਿਸਮਾ ਹੋਇਆ ਹੋਵੇ, ਅਤੇ ਮੈਂ ਇਹ ਤੁਹਾਡੇ ਉੱਤੇ ਹੀ ਛੱਡ ਦਿਆਂਗਾ। ਮੈਂ ਤੁਹਾਨੂੰ ਵਿਖਾਵਾਂਗਾ ਕਿ ਹਰੇਕ ਥਾਂ ਉਹਨਾਂ ਨੂੰ ਪ੍ਰਭੂ ਯਿਸੂ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ। ਹੁਣ, ਕੌਣ ਠੀਕ ਹੈ, ਅਸੈਂਬਲੀਆਂ ਜਾਂ ਬਾਈਬਲ?

169 ਜੇਕਰ ਤੁਸੀਂ ਆਖਦੇ ਹੋ, ''ਅੱਛਾ, ਮੇਰੇ ਉੱਤੇ ਤਾਂ ਪਾਣੀ ਦੇ ਛਿੱਟੇ ਮਾਰੇ ਗਏ ਹਨ, ਪ੍ਰਮੇਸ਼ੁਰ ਦੀ ਵਡਿਆਈ ਹੋਵੇ, ਉਹ ਮੇਰੇ ਲਈ ਉਸੇ ਤਰ੍ਹਾਂ ਹੀ ਭਲਾ ਹੈ। ਤੁਹਾਡੇ ਕੋਲ ਤਾਂ ਪੂਰੀ ਪੜ੍ਹਾਈ ਲਿਖਾਈ ਵੀ ਨਹੀ ਹੈ। ਮੈਂ ਤੁਹਾਨੂੰ ਦੱਸਦਾ ਹਾਂ ਕਿ ਤੁਸੀ ਉਹਨਾਂ ਉੱਤੇ ਪਾਣੀ ਦੇ ਛਿੱਟੇ ਮਾਰੋ। ਇਹਦੇ ਨਾਲ ਕੀ ਫਰਕ ਪੈਂਦਾ ਹੈ ਕਿ ਕਿਸੇ ਉੱਤੇ ਪਾਣੀ ਦੇ ਛਿੱਟੇ ਮਾਰੇ ਜਾਣ ਜਾਂ ਪਾਣੀ ਵਿੱਚ ਡੁਬਾਇਆ ਜਾਵੇ ?

ਮੈਂ ਇਹਦੀ ਪਰਵਾਹ ਨਹੀਂ ਕਰਦਾ ਕਿ ਇਹ ਕੀ ਹੈ... ਇਹ ਕਿਵੇਂ ਦਾ ਲੱਗਦਾ ਹੈ। ਬਾਈਬਲ ਤਾਂ ਬਪਤਿਸਮਾ ਦੇਣ ਲਈ ਆਖਦੀ ਹੈ। ਅਤੇ ਬਪਤਿਸਮੇ ਦਾ ਅਰਥ ਹੈ ''ਡੁਬਾਇਆ ਜਾਣਾ।''

ਤੁਸੀਂ ਆਖਦੇ ਹੋ, ''ਇਹਦੇ ਨਾਲ ਕੀ ਫਰਕ ਪੈਂਦਾ ਹੈ ?''

170 ਅੱਛਾ, ਕੀ ਹੁੰਦਾ ਜੇ... ਜੇ ਪ੍ਰਮੇਸ਼ੁਰ ਨੇ ਮੂਸਾ ਨੂੰ ਆਖਿਆ, ''ਆਪਣੀ ਜੁੱਤੀ ਲਾਹ ਦੇ, ਇਹ ਥਾਂ ਜਿੱਥੇ ਤੂੰ ਖੜ੍ਹਾ ਹੈ, ਪਵਿੱਤਰ ਭੂਮੀ ਹੈ,'' ਮੂਸਾ ਆਖਦਾ, ''ਬੜੀ ਮੁਸ਼ਕਿਲ ਵਾਲੀ ਗੱਲ ਹੈ। ਕੀ ਆਪਣੀਆਂ ਜੁੱਤੀਆਂ ਖੋਲਣ ਦੀ ਬਜਾਇ ਮੈਂ ਬਸ ਆਪਣੀ ਟੋਪੀ ਲਾਹ ਦਿਆਂ ?'' ਕੀ ਅਜਿਹਾ ਕਰਨਾ ਵਧੀਆ ਗੱਲ ਹੁੰਦੀ ? ਨਹੀਂ, ਸ਼੍ਰੀਮਾਨ ਜੀ। ਪ੍ਰਮੇਸ਼ੁਰ ਕਦੇ ਵੀ ਉਹਦੇ ਨਾਲ ਉਦੋਂ ਤੱਕ ਗੱਲ ਨਾ ਕਰਦਾ ਜਦੋ ਤੱਕ ਉਹਨੇ ਆਪਣੀ ਜੁੱਤੀ ਨਾ ਲਾਹੀ ਹੁੰਦੀ। [ਭਾਈ ਬ੍ਰਾਨਹਾਮ ਚਾਰ ਵਾਰ ਪੁਲਪਿਟ ਖੜਕਾਉਂਦੇ ਹਨ-ਸੰਪਾ]

ਅਤੇ ਪ੍ਰਮੇਸ਼ੁਰ ਕਲੀਸਿਆ ਨਾਲ ਉਦੋਂ ਤੱਕ ਗੱਲ ਨਹੀਂ ਕਰੇਗਾ ਜਦੋਂ ਤੱਕ ਉਹ ਮਸੀਹ ਰਾਹੀਂ ਸਥਾਪਿਤ ਕੀਤੀਆਂ ਸਿੱਖਿਆਵਾਂ ਅਤੇ ਸਿਧਾਂਤਾਂ ਉੱਤੇ ਵਾਪਿਸ ਨਹੀਂ ਆਉਂਦੀ, ਅਤੇ ਉਹ ਕਲੀਸਿਆ ਕਿਸੇ ਜਜਬਾਤਾਂ ਉੱਤੇ ਜਾਂ ਕਿਸੇ ਜੱਥੇਬੰਦੀ ਰਾਹੀਂ ਸਥਾਪਿਤ ਨਹੀਂ ਹੁੰਦੀ ਕਿ ਜੋ ਉਹਨੂੰ ਇੱਧਰ ਉੱਧਰ ਖਿੱਚਦਾ ਫਿਰੇ। ਉਹਨਾਂ ਨੂੰ ਕਰਾਮਾਤਾਂ ਉੱਤੇ ਨਿਹਚਾ ਕਰਨੀ, ਚਿੰਨ੍ਹਾਂ ਉੱਤੇ ਨਿਹਚਾ ਕਰਨੀ, ਪਵਿੱਤਰ ਆਤਮਾ ਉੱਤੇ ਨਿਹਚਾ ਕਰਨੀ, ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਣਾ, ਅਤੇ ਅਜਿਹੀਆਂ ਸਾਰੀਆਂ ਹੀ ਗੱਲਾਂ ਉੱਤੇ ਵਾਪਿਸ ਆਉਣਾ ਪਵੇਗਾ। ਉਹਨਾਂ ਨੂੰ ਇਹਦੇ ਉੱਤੇ ਵਾਪਿਸ ਆਉਣਾ ਹੀ ਪਵੇਗਾ, ਜਾਂ ਫਿਰ ਪ੍ਰਮੇਸ਼ੁਰ ਉਹਨਾਂ ਨਾਲ ਗੱਲ ਨਹੀਂ ਕਰੇਗਾ। ਇਹ ਬਿਲਕੁਲ ਠੀਕ ਗੱਲ ਹੈ। ਇਹੋ ਹੀ ਉਹ ਸਥਾਨ ਹੈ ਜਿੱਥੇ ਕਲੀਸਿਆ ਹੁੰਦੀ ਹੈ।

171 ਇਸੇ ਹੀ ਕਾਰਣ ਅਸੀਂ ਕੋਈ ਜੱਥੇਬੰਦੀ ਨਹੀਂ ਹਾਂ। ਬਿਲਕੁਲ ਠੀਕ ਇਹੋ ਹੀ ਕਾਰਣ ਹੈ ਕਿ ਸਾਡਾ ਜੱਥੇਬੰਦੀ ਨਾਲ ਕੋਈ ਸੰਬੰਧ ਨਹੀਂ ਹੈ।

ਅਸੀਂ ਤਾਂ ਬਾਈਬਲ ਉੱਤੇ ਵਿਸ਼ਵਾਸ ਕਰਦੇ ਹਾਂ। ਅਤੇ ਫੇਰ ਬਾਈਬਲ ਵਿੱਚ ਬਹੁਤ

ਸਾਰੀਆਂ ਅਜਿਹੀਆਂ ਗੱਲਾਂ ਹਨ, ਜਿਨ੍ਹਾਂ ਨੂੰ ਅਸੀਂ ਨਹੀਂ ਜਾਣਦੇ ਹਾਂ; ਬਹੁਤ ਸਾਰੀਆਂ ਹਨ। ਪ੍ਰੰਤੂ, ''ਪ੍ਰਭੂ ਯਿਸੂ, ਅਸੀਂ ਤਾਂ ਖੁੱਲ੍ਹੇ-ਆਮ ਖੜ੍ਹੇ ਹਾਂ। ਬਸ ਤੂੰ ਇਹਨੂੰ ਸਾਡੇ ਉੱਤੇ ਪ੍ਰਗਟ ਕਰ।''

ਅਤੇ ਅਸੀਂ ਚਾਨਣ ਵਿੱਚ ਚੱਲਾਂਗੇ, ਇਹ ਇੱਕ ਸੁੰਦਰ ਚਾਨਣ ਹੈ,
ਇਹ ਆਉਂਦਾ ਹੈ ਉੱਥੋਂ ਜਿੱਥੇ ਕਿਰਪਾ ਦੀਆਂ ਬੂੰਦਾਂ ਚਮਕਦੀਆਂ ਹਨ;
ਚਮਕਦੀਆਂ ਹਨ, ਸਾਡੇ ਦੁਆਲੇ ਦਿਨ ਅਤੇ ਰਾਤ
ਯਿਸੂ, ਹੀ ਜਗਤ ਦਾ ਚਾਨਣ ਹੈ।

ਮੈਥੋਡਿਸਟ, ਬੈਪਟਿਸਟ, ਪ੍ਰੈਸਬਾਈਟੇਰੀਅਨ ਨਹੀਂ, ਪਰ ਯਿਸੂ ਹੀ ਜਗਤ ਦਾ ਚਾਨਣ ਹੈ।

ਚਾਨਣ ਦੇ ਸਾਰੇ ਪਵਿੱਤਰ ਸੰਤ ਕਹਿੰਦੇ ਹਨ,
ਯਿਸੂ ਹੀ ਜਗਤ ਦਾ ਚਾਨਣ ਹੈ।
ਫਿਰ ਸਰਗ ਦੀ ਘੰਟੀਆਂ ਵੱਜਣਗੀਆਂ,
ਯਿਸੂ ਹੀ ਜਗਤ ਦਾ ਚਾਨਣ ਹੈ।

ਹੁਣ, ਹਰੇਕ ਜਣਾ ਭਗਤੀ ਦੀ ਹਾਲਤ ਵਿੱਚ ਹੋਵੇ।

ਅਤੇ ਅਸੀਂ ਚਾਨਣ ਵਿੱਚ ਚੱਲਾਂਗੇ, ਇਹ ਇੱਕ ਸੁੰਦਰ... (ਤੁਸੀਂ ਜਰਾ ਇਸਨੂੰ ਫੜ੍ਹ ਕੇ ਰੱਖੋ)
ਇਹ ਆਉਂਦਾ ਹੈ ਉੱਥੋਂ ਜਿੱਥੇ ਕਿਰਪਾ ਦੀਆਂ ਬੂੰਦਾਂ ਚਮਕਦੀਆਂ ਹਨ;
ਚਮਕਦੀਆਂ ਹਨ, ਸਾਡੇ ਦੁਆਲੇ ਦਿਨ ਅਤੇ ਰਾਤ
ਯਿਸੂ, ਹੀ ਜਗਤ ਦਾ ਚਾਨਣ ਹੈ।

172 ਕੀ ਤੁਸੀਂ ਜੱਥੇਬੰਦੀ ਦੇ ਵਿਚਾਰਾਂ ਨੂੰ ਕਬੂਲ ਕਰਨ ਦੀ ਬਜਾਇ ਯਿਸੂ ਨੂੰ ਅਤੇ ਉਹਦੇ ਵਚਨ ਨੂੰ ਕਬੂਲ ਨਹੀਂ ਕਰੋਗੇ ? ਕਿੰਨੇ ਜਣੇ ਇਹਦੇ ਬਜਾਇ ਯਿਸੂ ਨੂੰ ਅਤੇ ਵਚਨ ਨੂੰ ਕਬੂਲ ਕਰਨਗੇ? [ਮੰਡਲੀ ਆਖਦੀ ਹੈ, ''ਆਮੀਨ।''-ਸੰਪਾ]

ਹੁਣ, ਤੁਸੀਂ ਕੋਈ ਇੱਕ ਅਜਿਹੀ ਥਾਂ ਲੱਭੋ ਜਿੱਥੇ ਪ੍ਰਮੇਸ਼ੁਰ ਨੇ ਕਦੇ ਕਿਸੇ ਜੱਥੇਬੰਦੀ ਨੂੰ ਮੱਸਹ ਕੀਤਾ ਹੋਵੇ। ਲਿਖਤਾਂ ਵਿੱਚ ਕੋਈ ਇੱਕ ਵੀ ਅਜਿਹੀ ਥਾਂ ਲੱਭੋ ਜਿੱਥੇ ਪ੍ਰਮੇਸ਼ੁਰ ਨੇ ਕਿਸੇ ਔਰਤ ਨੂੰ ਪ੍ਰਚਾਰਕ ਥਾਪਿਆ ਹੋਵੇ। ਇੱਕ ਵੀ ਥਾਂ ਲੱਭੋ ਜਿੱਥੇ ਕਿਸੇ ਵਿਅਕਤੀ ਉੱਤੇ ਪਾਣੀ ਛਿੜਕਿਆ ਗਿਆ ਹੋਵੇ ਜਾਂ ਪਾਣੀ ਡੋਲਿਆ ਗਿਆ ਹੋਵੇ। ਇੱਕ ਵੀ ਅਜਿਹੀ ਥਾਂ ਲੱਭੋ ਜਿੱਥੇ ਕਿਸੇ ਨੂੰ ਯਿਸੂ ਮਸੀਹ ਦੇ ਨਾਮ ਤੋਂ ਇਲਾਵਾ ਬਪਤਿਸਮਾ ਦਿੱਤਾ ਗਿਆ ਹੋਵੇ, ਕਿਤੇ ਵੀ, ਕਿਸੇ ਵਿੱਚ ਨਹੀਂ ਪਰ ਯਿਸੂ ਮਸੀਹ ਦੇ ਨਾਮ ਵਿੱਚ; ਨਾ ਕਿ ''ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ,'' ਵਿੱਚ। ਇੱਕ ਵੀ ਅਜਿਹੀ ਥਾਂ ਲੱਭੋ ਜਿੱਥੇ ਕਿਸੇ ਨੂੰ ''ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ'' ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ ਹੋਵੇ। ਆ ਕੇ ਮੈਨੂੰ ਵਿਖਾਓ। ਕਿੱਥੇ, ਹਰੇਕ ਵਿਅਕਤੀ ਨੂੰ ਯਿਸੂ ਮਸੀਹ ਦੇ ਨਾਮ ਵਿੱਚ ਹੀ ਬਪਤਿਸਮਾ ਦਿੱਤਾ ਗਿਆ ਸੀ।

173 ਹੁਣ, ਅਸੀਂ ਇਹਦੇ ਨਾਲੋਂ ਕੁਝ ਡੂੰਘੀਆਂ ਗੱਲਾਂ ਵਿੱਚ ਜਾ ਰਹੇ ਹਾਂ। ਹੁਣ ਅਸੀਂ ''ਮੁੱਢਲਾ

ਸਬੂਤ'' ਅਤੇ ਅਜਿਹੀਆਂ ਹੀ ਗੱਲਾਂ ਵੱਲ ਜਾ ਰਹੇ ਹਾਂ, ਅਤੇ ਬਸ ਇਹ ਵੇਖਾਂਗੇ ਕਿ ਇਹ ਕਿੱਥੇ ਹੈ।

ਹੁਣ, ਜੇਕਰ ਉਹ ਇਹਦੇ ਤੋ ਉਲਟ ਸਿੱਖਿਆ ਦਿੰਦੇ ਹਨ, ਤਾਂ ਉਹ ਉਹਨਾਂ ਗੱਲਾਂ ਦੀ ਸਿੱਖਿਆ ਦਿੰਦੇ ਹਨ ਜਿਹੜੀਆਂ ਬਾਈਬਲ ਵਿੱਚ ਨਹੀਂ ਹਨ।

174 ਯਾਦ ਰੱਖੋ, ਕਿ ਮੈਂ ਤੁਹਾਡੇ ਕੋਲੋ ਪੁੱਛਣ ਜਾ ਰਿਹਾ ਹਾਂ ਕਿ ਕੋਈ ਇੱਕ ਵੀ ਅਜਿਹੀ ਥਾਂ ਦੱਸੋ, ਜਿੱਥੇ ਕੋਈ ਜੱਥੇਬੰਦੀ ਸੀ। ਜਰਾ ਇੱਕ ਵੀ ਮੈਨੂੰ ਵਿਖਾਓ। ਫੇਰ ਕੋਈ ਨਾ ਕੋਈ ਤਾਂ ਗਲਤ ਹੈ।ਮੈਂ ਤੁਹਾਨੂੰ ਇਹ ਨਹੀਂ ਆਖ ਰਿਹਾ ਕਿ ਇੱਕ ਇੱਥੇ ਹੈ, ਅਤੇ ਦੂਸਰੀ ਇੱਥੇ ਹੈ, ਹੋ ਸੱਕਦਾ ਹੈ ਕਿ ਦੂਸਰੀ ਨਹੀਂ ਸੀ। ਮੈਨੂੰ ਇੱਕ ਵੀ ਅਜਿਹੀ ਥਾਂ ਵਿਖਾਓ ਜਿੱਥੇ ਕਦੇ ਕੋਈ ਜੱਥੇਬੰਦੀ ਸੀ, ਆਖਰੀ ਚੇਲੇ ਦੀ ਮੌਤ ਤੋਂ ਤਿੰਨ ਸੌ ਸਾਲ ਬਾਦ ਤੱਕ ਕੀ ਕੋਈ ਜੱਥੇਬੰਦੀ ਸੀ। ਮੈਨੂੰ ਇੱਕ ਵੀ ਜੱਥੇਬੰਦੀ ਅਜਿਹੀ ਵਿਖਾਓ ਜਿਹਦੀ ਸ਼ੁਰੂਆਤ ਕੈਥੋਲਿਕ ਕਲੀਸਿਆ ਤੋ ਬਗੈਰ ਹੋਈ। ਮੈਨੂੰ ਇੱਕ ਵੀ ਥਾਂ ਅਜਿਹੀ ਵਿਖਾਓ ਜਿੱਥੇ ਬਾਈਬਲ ਜੱਥੇਬੰਦੀਆਂ ਨੂੰ ਦੋਸ਼ੀ ਨਹੀਂ ਠਹਿਰਾਉਂਦੀ। ਫੇਰ ਕਿਉਂ ਤੁਸੀਂ ਇੱਕ ਜੱਥੇਬੰਦੀ ਹੋ?

175 ਹੁਣ, ਮੈਨੂੰ ਕੋਈ ਇੱਕ ਥਾਂ ਵਿਖਾਓ, ਇੱਕ ਹੀ ਥਾਂ, ਇੱਕ ਥਾਂ ਜਿੱਥੇ ਕਦੇ ਵੀ ਉਹਨਾਂ ਦਿਆਂ ਪਾਪਾਂ ਦੀ ਮਾਫੀ ਲਈ ਕਿਸੇ ਉੱਤੇ ਪਾਣੀ ਦੇ ਛਿੱਟੇ ਮਾਰੇ ਗਏ ਹੋਣ। ਮੇਰਾ ਇਹ ਮਤਲਬ ਨਹੀ ਹੈ ਕਿ ਕੋਈ ਇੱਥੇ ਅਤੇ ਕੋਈ ਉੱਥੇ। ਹੁਣ ਸਾਰੀ ਬਾਈਬਲ ਵਿਚੋ ਮੈਨੂੰ ਇੱਕ ਵੀ ਥਾਂ ਅਜਿਹੀ ਵਿਖਾਓ। ਸਾਰੇ ਵਚਨ ਵਿੱਚੋ ਮੈਨੂੰ ਇੱਕ ਵੀ ਅਜਿਹੀ ਥਾਂ ਵਿਖਾਓ ਜਿੱਥੇ ਉਹਨਾਂ ਦਿਆਂ ਪਾਪਾਂ ਦੀ ਮਾਫੀ ਲਈ ਕਦੇ ਕਿਸੇ ਉੱਤੇ ਪਾਣੀ ਡੋਲਿਆ ਗਿਆ ਹੋਵੇ। ਮੈਨੂੰ ਇੱਕ ਵੀ ਅਜਿਹੀ ਥਾਂ ਵਿਖਾਓ ਜਿੱਥੇ ਕਿਸੇ ਨੂੰ ਕਦੇ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ ਹੋਵੇ।ਸਿਰਫ ਇੱਕ ਹੀ ਥਾਂ, ਇੱਕ ਜਣੇ ਨੂੰ ਹੀ, ਜਿੱਥੇ ਇੱਕ ਜਣੇ ਨੂੰ ਹੀ ਕਦੇ ''ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ'' ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ ਹੋਵੇ।

ਮੈਨੂੰ ਇੱਕ ਵੀ ਥਾਂ ਵਿਖਾਓ ਜਿੱਥੇ ਕਦੇ ਪ੍ਰਮੇਸ਼ੁਰ ਨੇ ਕਲੀਸਿਆ ਵਿੱਚ ਕਿਸੇ ਔਰਤ ਨੂੰ ਪ੍ਰਚਾਰਕ ਥਾਪਿਆ ਹੋਵੇ ਜਾਂ ਆਖਿਆ ਹੋਵੇ ਕਿ ਉਹ ਪ੍ਰਚਾਰਕ ਹੋਵੇ। ਇਹ ਕਿੱਥੇ ਹੈ?

ਇਹ ਇੱਕ ਬਹੁਤ ਵੱਡੀ ਲਲਕਾਰ ਹੈ। ਪਰ ਹੁਣ, ਮੈਂ ਚਾਹੁੰਦਾ ਹਾਂ ਕਿ ਤੁਸੀਂ ਆਪਣੇ ਪ੍ਰਸ਼ਨ ਲੱਭੋ, ਅਤੇ ਇਹਨਾਂ ਨੂੰ ਪੁਲਪਿਟ ਉੱਤੇ ਰੱਖ ਦਿਓ, ਅਤੇ ਮੈਨੂੰ ਵਿਖਾਓ ਕਿ ਇਹ ਗੱਲਾਂ ਕਿੱਥੇ ਹਨ; ਤਾਂ ਅੱਜ ਰਾਤ ਮੈਂ ਇਹਦੇ ਲਈ ਮਾਫੀ ਮੰਗਾਂਗਾ। ਜੇਕਰ ਅਜਿਹਾ ਨਹੀਂ ਹੈ, ਤਾਂ ਜੇਕਰ ਤੁਸੀਂ ਇਹਨਾਂ ਮੰਗਾਂ ਨੂੰ ਪੂਰਾ ਨਹੀ ਕੀਤਾ ਹੈ, ਤਾਂ ਕਿਉਂ ਤੁਸੀਂ ਉਹਨਾਂ ਨੂੰ ਪੂਰਾ ਨਹੀਂ ਕਰਦੇ ? ਆਓ, ਸਾਡੇ ਵਿੱਚੋ ਇੱਕ ਹੋ ਜਾਓ। ਕੁਝ ਵੀ ਹੋਵੇ, ਸੰਭਾਵਿਤ ਤੌਰ 'ਤੇ ਤੁਸੀਂ ਹੋ।

176 ਜੇਕਰ ਤੁਹਾਡਾ ਨਾਮ ਲੇਲੇ ਦੇ ਜੀਵਨ ਦੀ ਪੁਸਤਕ ਵਿੱਚ ਹੈ, ਤਾਂ ਤੁਸੀਂ ਚਾਨਣ ਵਿੱਚ ਚੱਲੋਗੇ, ਤੁਸੀਂ ਚਾਨਣ ਨੂੰ ਵੇਖੋਗੇ। ਪ੍ਰਮੇਸ਼ੁਰ ਇਹਨੂੰ ਤੁਹਾਡੇ ਉੱਤੇ ਪ੍ਰਗਟ ਕਰੇਗਾ, ਅਤੇ ਤੁਸੀਂ ਉਹਦੇ ਵਿੱਚ ਚੱਲੋਗੇ। ਇਹ ਬਿਲਕੁਲ ਸਹੀ ਗੱਲ ਹੈ। ਸਮਝੇ ?

177 ਹੁਣ ਕੀ ਹੈ ? ਮੈਂ ਤੁਹਾਨੂੰ ਇੱਕ ਕਲੀਸਿਆ ਵੱਲ ਵਾਪਿਸ ਨਹੀਂ ਲੈ ਕੇ ਜਾ ਰਿਹਾ। ਮੈਂ ਤੁਹਾਨੂੰ ਵਾਪਿਸ ਬਾਈਬਲ ਵੱਲ ਲੈ ਕੇ ਜਾ ਰਿਹਾ ਹਾਂ। ਹੁਣ, ਪੌਲੁਸ ਨੇ ਕੀ ਆਖਿਆ ਸੀ ? ਪੌਲੁਸ ਨੇ ਕੀ ਆਖਿਆ ਸੀ ? ''ਜੇ ਕੋਈ ਸਰਗਦੂਤ ਵੀ ਇਸ ਤੋਂ ਇਲਾਵਾ ਕੋਈ ਹੋਰ ਪ੍ਰਚਾਰ ਕਰੇ ਜਿਹੜਾ ਅਸੀਂ ਕੀਤਾ ਹੈ ਤਾਂ ਉਹ ਸਰਾਪੀ ਹੋਵੇ।''

178 ਪ੍ਰਮੇਸ਼ੁਰ ਨੇ ਆਖਿਆ, ''ਹਰੇਕ ਮਨੁੱਖ ਦਾ ਵਚਨ ਝੂਠਾ ਅਤੇ ਮੇਰਾ ਵਚਨ ਸੱਚਾ ਠਹਿਰੇ।''

ਇਸ ਲਈ ਮੈਂ ਪ੍ਰਵਾਹ ਨਹੀਂ ਕਰਦਾ ਕਿ ਕੋਈ ਜੱਥੇਬੰਦੀ, ਪੈਂਟੀਕਾਸਟਲ ਜਾਂ ਬੈਪਟਿਸਟ ਕੀ ਆਖਦੀ ਹੈ। ਪ੍ਰਮੇਸ਼ੁਰ ਦਾ ਵਚਨ ਹੀ ਸੱਚਾਈ ਹੈ। ਕਿਉਂ ਉਹਨਾਂ ਨੇ ਇਹਨੂੰ ਸ਼ੁਰੂ ਕੀਤਾ ? ਜੱਥੇਬੰਦੀਆਂ ਦੇ ਕਾਰਨ।

179 ਅੱਜ, ਪੈਂਟੀਕਾਸਟਲ ਅਸੈਂਬਲੀ ਆੱਫ ਗਾੱਡ ਦੇ ਮਹਾਨ ਸਿੱਖਿਆ ਦੇਣ ਵਾਲੇ ਆਪਣੀਆਂ ਸਿੱਖਿਆਵਾਂ ਦੀ ਕਿਸੇ ਵੀ ਗੱਲ ਨੂੰ ਸਿਰੇ ਤੋਂ ਦੱਸ ਸੱਕਦੇ ਹਨ, ਜੇਕਰ ਉਹਨਾਂ ਨੇ ''ਪਵਿੱਤਰ ਆਤਮਾ ਦਾ ਸਬੂਤ ਪਰਾਈ ਭਾਖਿਆ ਬੋਲਣਾ ਹੈ'' ਦਾ ਇਹ ਅਕੀਦਾ ਕਦੇ ਸ਼ੁਰੂ ਹੀ ਨਾ ਕੀਤਾ ਹੁੰਦਾ। ਉਹ ਜਾਣਦੇ ਹਨ ਕਿ ਇਹ ਗਲਤ ਹੈ। ਇਹਦੇ ਵਿੱਚ ਕੋਈ ਮਜ਼ਬੂਤੀ ਨਹੀਂ ਹੈ। ਯਕੀਨਨ ਹੀ, ਨਹੀਂ ਹੈ। ਪ੍ਰਮੇਸ਼ੁਰ ਦੀ ਬਾਈਬਲ ਰਾਹੀਂ ਮੈਂ ਤੁਹਾਡੇ ਅੱਗੇ ਇਹ ਸਿੱਧ ਕਰ ਸੱਕਦਾ ਹਾਂ ਕਿ ਗੈਰਜੁਬਾਨਾਂ ਬੋਲਣ ਰਾਹੀਂ ਤੁਸੀਂ ਪਵਿੱਤਰ ਆਤਮਾ ਨਹੀ ਪਾਉਂਦੇ। ਇਹ ਬਾਈਬਲ ਵਿੱਚ ਨਹੀਂ ਹੈ। ਓਹ, ਤੁਸੀਂ ਸੋਚਦੇ ਹੋ; ਹਾਂ ਜੀ, ਯਕੀਨਨ। ਇਹ ਐਨੀ ਸਮਾਨਤਾ ਵਿੱਚ ਲਿਖਿਆ ਹੋਇਆ ਹੈ ਜੇ ਹੋ ਸੱਕਦਾ ਤਾਂ ਚੁਣੇ ਹੋਏ ਵੀ ਭੁਲਾਵੇ ਵਿੱਚ ਪੈ ਜਾਂਦੇ। ਸਮਝੇ ?

''ਉਸਨੇ ਇਸਨੂੰ ਗਿਆਨੀਆਂ ਅਤੇ ਬੁੱਧੀਮਾਨਾਂ ਦੀਆਂ ਅੱਖਾਂ ਤੋਂ ਛੁਪਾ ਲਿਆ ਅਤੇ ਇਸਨੂੰ ਬੱਚਿਆਂ ਉੱਤੇ ਪ੍ਰਗਟ ਕੀਤਾ ਹੈ।'' ਇਹ ਤਾਂ ਰੂਹਾਨੀ ਪ੍ਰਕਾਸ਼ਨ ਹੈ। ਤੁਸੀਂ ਵੇਖੋ ਪ੍ਰਕਾਸ਼ ਇਹਦੇ ਉੱਤੇ ਪੈਂਦਾ ਹੈ, ਅਤੇ ਵੇਖੋ ਉਹ ਚਮਕ ਉੱਠਦਾ ਹੈ। ਵੇਖੋ, ਇੱਥੇ ਹੋ ਤੁਸੀਂ। ਸਮਝ ਲੱਗੀ ? ਮਿੱਤਰੋ, ਵੇਖੋ, ਇਹ ਉਹ ਗੱਲਾਂ ਹਨ ਜਿਨ੍ਹਾਂ ਉੱਤੇ ਤੁਸੀਂ ਧਿਆਨ ਦੇਣਾ ਚਾਹੁੰਦੇ ਹੋ।

180 ਅਸੀਂ ਪਵਿੱਤਰ ਆਤਮਾ ਲਈ ਪ੍ਰਮੇਸ਼ੁਰ ਦਾ ਧੰਨਵਾਦ ਕਰਦੇ ਹਾਂ ਜਿਹੜਾ ਸਾਡਾ ਉਸਤਾਦ ਹੈ। ਉਹ ਬਸ ਜਾ ਕੇ ਕੋਈ ਪੁਰਾਣਾ ਮਨਘੜ੍ਹਤ ਵਿਚਾਰ ਨਹੀਂ ਲੈਂਦਾ, ਅਤੇ ਉਹਨੂੰ ਇੱਥੇ ਲਿਆ ਕੇ ਅਜਿਹਾ ਨਹੀਂ ਆਖਦਾ ਕਿ, ''ਓਹ, ਹਾਲੇਲੂਯਾਹ ! ਇੱਥੇ ਇਹ ਲਿਖਿਆ ਹੋਇਆ ਹੈ। ਹਾਲੇਲੂਯਾਹ !'' ਪਵਿੱਤਰ ਆਤਮਾ ਤਾਂ ਠੀਕ ਵਚਨ ਦੇ ਪਿੱਛੇ ਤੱਕ ਜਾਂਦਾ ਹੈ ਅਤੇ ਤੁਹਾਨੂੰ ਸਿੱਧਾ ਵਚਨ ਵਿੱਚ ਲਿਆਉਂਦਾ ਹੈ, ਵਚਨ ਵਿੱਚ ਉਹਨੂੰ ਠੀਕ ਸਥਾਨ ਉੱਤੇ ਰੱਖਦਾ ਹੈ। ਸਮਝੇ ? ਅਜਿਹਾ ਉਦੋਂ ਹੁੰਦਾ ਹੈ ਜਦੋਂ ਤੁਹਾਨੂੰ ਸੱਚਾਈ ਮਿਲਦੀ ਹੈ। ਇਹ ਬਿਲਕੁਲ ਠੀਕ ਹੈ। '' ਕਿਉਂ ਜੋ ਬਿਧ ਤੇ ਬਿਧ, ਸੂਤਰ ਤੇ ਸੂਤਰ, ਥੋੜ੍ਹਾ ਇੱਥੋਂ ਥੋੜ੍ਹਾ ਉੱਥੋਂ।'' ਇਸੇ ਹੀ ਕਾਰਣ ਬਾਈਬਲ ਕਹਿੰਦੀ ਹੈ ਕਿ ਤੁਸੀਂ ਕਰੋ।

181 ਤੁਸੀਂ ਆਖਦੇ ਹੋ, ''ਕੀ ਤੁਸੀਂ ਜੱਥੇਬੰਦੀ ਨੂੰ ਦੋਸ਼ੀ ਠਹਿਰਾਉਂਦੇ ਹੋ?'' ਨਹੀਂ, ਸ਼੍ਰੀਮਾਨ ਜੀ। ''ਕੀ ਤੁਸੀਂ ਔਰਤ ਪ੍ਰਚਾਰਕ ਨੂੰ ਦੋਸ਼ੀ ਠਹਿਰਾਉਂਦੇ ਹੋ ?'' ਨਹੀਂ, ਸ਼੍ਰੀਮਾਨ ਜੀ। ''ਕੀ ਤੁਸੀਂ ਪਰਾਈ ਭਾਖਿਆ ਬੋਲਣ ਵਾਲਿਆਂ ਨੂੰ ਦੋਸ਼ੀ ਠਹਿਰਾਉਂਦੇ ਹੋ ?'' ਨਹੀਂ, ਸ਼੍ਰੀਮਾਨ ਜੀ। ''ਕੀ ਤੁਸੀਂ ਉਹਨਾਂ ਨੂੰ ਦੋਸ਼ੀ ਠਹਿਰਾਉਂਦੇ ਹੋ, ਜਿਨ੍ਹਾਂ ਨੇ 'ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ' ਦੇ ਨਾਮ ਵਿੱਚ ਬਪਤਿਸਮਾ ਲਿਆ ਹੈ ?'' ਨਹੀਂ, ਸ਼੍ਰੀਮਾਨ ਜੀ। ਸ਼੍ਰੀਮਾਨ ਜੀ, ਨਹੀਂ। ਪਰ ਮੈਂ ਆਖਦਾ ਹਾਂ ਕਿ, ਜੇਕਰ ਉਹ ਇਹਨੂੰ ਬੇਹਤਰ ਜਾਣਦੇ ਹਨ, ਜੇਕਰ ਉਹ ਜਾਣਦੇ ਹੋਏ ਵੀ ਚਾਨਣ ਵਿੱਚ ਨਹੀਂ ਚੱਲਦੇ ਤਾਂ ਪ੍ਰਮੇਸ਼ੁਰ ਉਹਨਾਂ ਨੂੰ ਜਿੰਮੇਵਾਰ ਠਹਿਰਾਵੇਗਾ। ਹੋ ਸੱਕਦਾ ਹੈ ਕਿ ਤੁਸੀਂ ਇਹਨੂੰ ਹੁਣ ਤੱਕ ਨਹੀਂ ਜਾਣਦੇ ਸੀ, ਪਰ ਹੁਣ ਤੁਹਾਨੂੰ ਇਹਦੇ ਬਾਰੇ ਪਤਾ ਲੱਗ ਗਿਆ ਹੈ। ਸਮਝੇ ?

ਹੁਣ, ਜੇਕਰ ਤੁਸੀਂ ਸੋਚਦੇ ਹੋ ਕਿ ਇਹ ਸੱਚਾਈ ਨਹੀਂ ਹੈ, ਤਾਂ ਲਿਖਤਾਂ ਦੀ ਖੋਜ ਕਰੋ। ਫੇਰ ਤੁਸੀਂ ਆਪਣਾ ਸਥਾਨ ਲੱਭੋ, ਅਤੇ ਅੱਜ ਰਾਤ ਵਾਪਿਸ ਆ ਕੇ ਡੈਸਕ ਉੱਤੇ ਆਪਣੇ ਪ੍ਰਸ਼ਨ ਰੱਖ

ਦਿਓ, ਅਤੇ ਅਸੀਂ ਵੇਖਾਂਗੇ ਕਿ ਇਹ ਸਹੀ ਹੈ ਜਾਂ ਨਹੀਂ। ਫੇਰ ਤੁਸੀਂ ਜਾ ਕੇ ਖੁੱਲ੍ਹੇ ਮਨ ਅਤੇ ਖੁੱਲ੍ਹੇ ਹਿਰਦੇ ਨਾਲ ਇਹਦੀ ਭਾਲ ਕਰੋ।

182 ਹੁਣ, ਇਹ, ਹੁਣ, ਇਹ ਇਸ ਤਰ੍ਹਾਂ ਦੀ ਸਿੱਖਿਆ ਬ੍ਰਾਨਹਾਮ ਟੈਬਰਨੇਕਲ ਲਈ ਹੈ, ਵੇਖੋ, ਸਿਰਫ ਇੱਥੇ ਲਈ ਹੈ, ਇੱਥੇ ਲਈ ਹੈ। ਅਜਿਹਾ ਨਹੀਂ ਹੈ ਕਿ...

183 ਮੈਂ ਚਾਹੁੰਦਾ ਸੀ ਕਿ ਇਹਦਾ ਨਾਮ ''ਬ੍ਰਾਨਹਾਮ ਟੈਬਰਨੇਕਲ'' ਨਾ ਹੁੰਦਾ। ਮੈਂ ਚਾਹੁੰਦਾ ਸੀ ਕਿ ਇਹਨੂੰ ''ਟੈਬਰਨੇਕਲ'' ਹੀ ਆਖਿਆ ਜਾਂਦਾ, ਮੇਰਾ ਨਾਮ ਇਹਦੇ ਨਾਲ ਨਾ ਜੁੜਿਆ ਹੁੰਦਾ।

184 ਮੈਂ ਇਸ ਕਲੀਸਿਆ ਨੂੰ ਬਦਲਣ ਦਾ ਫੈਸਲਾ ਕਰ ਰਿਹਾ ਹਾਂ... ਤੁਸੀਂ ਸਾਰੇ ਹੀ ਜਾਣਦੇ ਹੋ ਕਿ ਜਦੋਂ ਅਸੀਂ ਇਹਨੂੰ ਖਰੀਦਿਆ ਸੀ, ਮੈਂ ਇਹਨੂੰ ਉਸ ਸਮੇਂ ਖਰੀਦਿਆ ਸੀ ਜਦੋਂ ਮੈਂ ਪਬਲਿਕ ਸਰਵਿਸ ਕੰਪਨੀ ਵਿੱਚ ਨੌਕਰੀ ਕਰਦਾ ਸੀ। ਅਤੇ ਇਸ ਭਵਨ ਨੂੰ ਖੜ੍ਹਾ ਕੀਤਾ ਗਿਆ, ਅਤੇ ਇਹਨੂੰ ਇਸ ਨਾਮ ਨਾਲ ਇਸ ਕਰਕੇ ਸੱਦਿਆ ਜਾਂਦਾ ਹੈ, ਕਿਉਂਕਿ ਜਦੋਂ ਭਾਈ ਸੀਵਾਰਡ ਅਤੇ ਉਹਨਾਂ ਲੋਕਾਂ ਨੇ ਵਸੀਅਤ ਲਿਖੀ, ਤਾਂ ਉਹਨਾਂ ਨੇ ਇਹਦੇ ਨਾਲ ਮੇਰਾ ਨਾਮ ਜੋੜ ਦਿੱਤਾ ਸੀ। ਅਤੇ ਜਿਉਂ ਹੀ ਇਹ ਮਾਮਲਾ ਨਿੱਬੜ ਜਾਂਦਾ ਹੈ ਜਿਹਦੇ ਵਿੱਚ ਅਸੀਂ ਹਾਂ, ਤਾਂ ਚਰਚ ਨੂੰ ਇੱਕ ਸਮੁਦਾਇ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ, ਬਸ ਉਹਨੂੰ ਦੇ ਦਿੱਤਾ ਜਾਵੇਗਾ, ਅਤੇ ਮੇਰਾ ਨਾਮ ਹਟਾ ਦਿੱਤਾ ਜਾਵੇਗਾ।

185 ਮੈਂ ਨਹੀਂ ਸੋਚਦਾ ਕਿ ਇਸ ਭਵਨ ਉੱਤੇ ਮੇਰਾ ਨਾਮ ਹੋਣਾ ਚਾਹੀਦਾ ਹੈ। ਇਹਨੂੰ ''ਬ੍ਰਾਨਹਾਮ ਟੈਬਰਨੇਕਲ'' ਨਹੀਂ ਹੋਣਾ ਚਾਹੀਦਾ। ਇਹਨੂੰ ਤਾਂ ਬਸ ਇੱਕ ਕਲੀਸਿਆ ਹੋਣਾ ਚਾਹੀਦਾ ਹੈ, ''ਪ੍ਰਭੂ ਯਿਸੂ ਮਸੀਹ ਦੀ ਕਲੀਸਿਆ'' ਜਾਂ ਅਜਿਹਾ ਹੀ ਕੁਝ ਹੋਰ। ''ਪ੍ਰਭੂ ਦਾ ਭਵਨ,'' ਵੇਖਿਆ, ''ਉਸਦੇ ਰਹਿਣ ਦਾ ਸਥਾਨ,'' ''ਪ੍ਰਾਰਥਨਾ ਦਾ ਘਰ,'' ਜਾਂ ਅਜਿਹਾ ਹੀ ਕੁਝ ਹੋਵੇ, ਇਸੇ ਹੀ ਤਰ੍ਹਾਂ ਦਾ ਕੋਈ ਨਾਮ ਦਿੱਤਾ ਜਾਣਾ ਚਾਹੀਦਾ ਹੈ। ਸੰਗਤੀ ਹੀ ਇਹਦਾ ਨਾਮ ਚੁਣੇ। ਮੇਰਾ ਨਾਮ, ਮੈਂ... ਮੈਂ ਤਾਂ ਇੱਕ ਮਨੁੱਖ ਹੀ ਹਾਂ। ਮੇਰਾ ਨਾਮ ਇਹਦੇ ਉੱਤੇ ਆਉਣ ਦੇ ਯੋਗ ਨਹੀਂ ਹੈ, ਇਹ ਤਾਂ ਕਿਸੇ ਕੰਮ ਦਾ ਨਹੀਂ ਹੈ। ਮੇਰੇ ਨਾਮ ਉੱਤੇ ਇਹਦਾ ਨਾਮ ਇਸ ਲਈ ਰੱਖਿਆ ਗਿਆ, ਕਿਉਂਕਿ ਵਸੀਅਤ ਉੱਤੇ ਮੇਰਾ ਨਾਮ ਹੈ, ਜਿਹੜੀ ਆਖਦੀ ਹੈ, ''ਬਿਲੀ ਬ੍ਰਾਨਹਾਮ।'' ਸਮਝੇ? ਅਤੇ ਇਹਨੂੰ ਇੱਥੇ ਨਹੀਂ ਹੋਣਾ ਚਾਹੀਦਾ। ਨਹੀਂ ਸ਼੍ਰੀਮਾਨ ਜੀ। ਇਹ ਤਾਂ ਇੱਕ ਜਨ ਸਮੂਹ ਦਾ ਚਰਚ ਹੋਣਾ ਚਾਹੀਦਾ ਹੈ। ਇਹ ਤਾਂ ਇਸ ਸੰਗਤੀ ਦਾ ਹੋਣਾ ਚਾਹੀਦਾ ਹੈ।

186 ਅਤੇ ਸੰਗਤੀ ਹੀ ਖੁਦ ਮੁਖਤਿਆਰ ਹੈ। ਇੱਥੇ ਕੋਈ ਵੀ ਟਰੱਸਟੀਆਂ ਦਾ ਬੋਰਡ ਜਾਂ ਡੀਕਨਾਂ ਦਾ ਬੋਰਡ ਨਹੀਂ ਹੈ ਜਿਹੜਾ ਤੁਹਾਨੂੰ ਦੱਸੇ ਕਿ ਕੀ ਕਰਨਾ ਹੈ। ਇਸ ਕਲੀਸਿਆ ਦੇ ਸਾਰੇ ਮੈਂਬਰ ਹੀ ਤੁਹਾਨੂੰ ਦੱਸਦੇ ਹਨ ਕਿ ਕੀ ਕਰਨਾ ਹੈ। ਜੇਕਰ ਇਹਨਾਂ ਰਾਹੀਂ ਕੋਈ ਫੈਸਲਾ ਲਿਆ ਜਾਂਦਾ ਹੈ ਤਾਂ ਇਹ ਬਿਲਕੁਲ ਠੀਕ ਹੈ।

187 ਜੇਕਰ ਤੁਹਾਨੂੰ ਤੁਹਾਡਾ ਪਾਸਟਰ ਪਸੰਦ ਨਹੀਂ ਹੈ, ਅਤੇ ਦੋ ਜਾਂ ਤਿੰਨ ਜਣਿਆਂ ਨੂੰ ਪਾਸਟਰ ਦੇ ਖਿਲਾਫ ਕੋਈ ਗੱਲ ਮਿਲਦੀ ਹੈ, ਤਾਂ ਉਹ ਆਪਣੇ ਡੀਕਨਾਂ ਅਤੇ ਟਰੱਸਟੀਆਂ ਨਾਲ ਮਿਲ ਕੇ ਖੜ੍ਹੇ ਨਹੀਂ ਹੋ ਸੱਕਦੇ, ਉਹ ਤਾਂ ਬਸ ਉਹਨਾਂ ਉੱਤੇ ਨਿਰਭਰ ਹਨ ਜਿਹੜੇ ਇਹਦਾ ਸਾਰਾ ਕੰਮ ਸੰਭਾਲਦੇ ਹਨ। ਉਹਨਾਂ ਕੋਲ ਤਾਂ ਇੱਕੋ ਹੀ ਵੋਟ ਹੈ। ਬਸ ਇਹੋ ਹੀ ਹੈ। ਜੇਕਰ ਉਹ ਇੱਕ ਸਹਾਇਕ ਪਾਸਟਰ ਹੈ, ਤਾਂ ਪਾਸਟਰ ਕੋਲ ਤਾਂ ਸਿਰਫ ਇੱਕੋ ਹੀ ਵੋਟ ਹੈ। ਉਹ ਤਾਂ ਬਸ ਆਮ

ਲੋਕਾ ਵਾਂਗੂ ਹੀ ਹੈ ਜਿਹੜੇ ਇੱਥੇ ਪਿੱਛੇ ਬੈਠੇ ਹੋਏ ਹਨ। ਅਤੇ ਇਹ ਠੀਕ ਗੱਲ ਹੈ। ਇਹ... ਇਹ ਸਹੀ ਗੱਲ ਹੈ। ਕੋਈ ਵੀ ਡੀਕਨ ਬੋਰਡ ਪਾਸਟਰ ਨੂੰ ਬਾਹਰ ਨਹੀਂ ਕੱਢਦਾ ਜਾਂ ਨਾ ਹੀ ਕੋਈ ਪਾਸਟਰ ਡੀਕਨ ਬੋਰਡ ਨੂੰ ਬਾਹਰ ਕੱਢਦਾ ਹੈ। ਕਲੀਸਿਆ ਹੀ ਵੋਟਾਂ ਪਾ ਕੇ ਅਜਿਹਾ ਸੱਭ ਕੁਝ ਕਰਦੀ ਹੈ।

188 ਇਹ ਆਪਣੇ ਆਪ ਵਿੱਚ ਹੀ ਖੁਦ ਮੁਖਤਿਆਰ ਹੈ। ਸਾਡੇ ਕੋਲ ਕੋਈ ਬਿਸ਼ਪ ਨਹੀਂ ਹੈ। ਸਾਡੇ ਕੋਲ ਕੋਈ ਜਨਰਲ ਓਵਰਸੀਰ ਨਹੀਂ ਹੈ। ਸਾਡੇ ਕੋਲ ਯਿਸੂ ਹੈ। ਆਮੀਨ ! ਉਹੋ ਹੀ ਬਿਸ਼ਪ ਹੈ।ਉਹੋ ਹੀ ਜਨਰਲ ਓਵਰਸੀਰ ਹੈ। ਉਹੋ ਹੀ ਸੱਭ ਤੋਂ ਵੱਡਾ ਪਾਸਟਰ ਹੈ। ਉਹੋ ਹੀ ਮਹਾਰਾਜਾ ਹੈ। ਉਹੋ ਹੀ ਪ੍ਰਭੂ ਹੈ। ਉਹੋ ਹੀ ਚੰਗਾਈ ਦੇਣ ਵਾਲਾ ਹੈ। ਉਹੋ ਹੀ ਸੱਭ ਕੁਝ ਹੈ। ਅਸੀਂ ਤਾਂ ਬਸ ਉਸੇ ਦੀ ਹੀ ਪਰਜਾ ਹਾਂ, ਜਿਹੜੇ ਉਹਦੇ ਚਾਨਣ ਵਿੱਚ ਚੱਲ ਰਹੇ ਹਾਂ। ਆਮੀਨ।

189 ''ਅਤੇ ਉਸੇ ਨੇ ਹੀ ਕਲੀਸਿਆ ਵਿੱਚ ਕੁਝ ਲੋਕਾਂ ਨੂੰ ਠਹਿਰਾਇਆ ਹੈ।'' ਕੀ ? ''ਕਲੀਸਿਆ ਵਿੱਚ,'' ਆਪਣੀ ਦੇਹ ਵਿੱਚ, ''ਉਸੇ ਨੇ ਹੀ ਕੁਝ ਨੂੰ ਠਹਿਰਾਇਆ ਹੈ।'' ਕੀ ?

''ਪਹਿਲਾ ਰਸੂਲ,'' ਜਿਹੜੇ ਕਿ ਮਿਸ਼ਨਰੀ ਹਨ। ਇਸ ਸਮੇਂ ਇੱਥੇਂ ਇਸ ਕਲੀਸਿਆ ਵਿੱਚ ਸਾਡੇ ਕੋਲ ਇੱਕ ਰਸੂਲ ਹੈ, ਅਤੇ ਉਹ ਇੱਕ ਛੋਟੀ ਉਮਰ ਦਾ ਮੁੰਡਾ ਹੈ, ਜਿਹੜਾ ਪਿੱਛੇ ਬੈਠਾ ਹੋਇਆ ਹੈ, ਅਤੇ ਉਹ ਮੇਰਾ ਦੋਸਤ ਅਤੇ ਮੇਰਾ ਭਾਈ ਹੈ, ਮੈਂ ਉਹਨੂੰ ਕਰੀਚ ਜੈਫਰੀ ਆਖਦਾ ਹਾਂ। ਇਹੋ ਹੀ ਪਹਿਲੀ ਅਤੇ ਸੱਭ ਤੋਂ ਵੱਡੀ ਬੁਲਾਹਟ ਹੈ, ਇੱਕ ਮਿਸ਼ਨਰੀ। ਤੁਸੀਂ ਆਖਦੇ ਹੋ, ''ਕੀ ਰਸੂਲ ਹੀ ਮਿਸ਼ਨਰੀ ਹੁੰਦਾ ਹੈ ?'' ਯਕੀਨਨ। ਜਾ ਕੇ ਸ਼ਬਦਕੋਸ਼ ਵਿੱਚ ਵੇਖੋ ਅਤੇ ਲੱਭੋ ਕਿ *ਰਸੂਲ* ਦਾ ਅਰਥ ਕੀ ਹੁੰਦਾ ਹੈ, ਇਹਦਾ ਅਰਥ ਹੈ, ''ਭੇਜਿਆ ਹੋਇਆ''। ਜਾ ਕੇ ਵੇਖੋ ਕਿ *ਮਿਸ਼ਨਰੀ* ਦਾ ਕੀ ਅਰਥ ਹੁੰਦਾ ਹੈ, ਇਹਦਾ ਅਰਥ ਹੈ, ''ਭੇਜਿਆ ਹੋਇਆ''। ਰਸੂਲ ਅਤੇ ਮਿਸ਼ਨਰੀ ਦਾ ਇੱਕੋ ਹੀ ਅਰਥ ਹੁੰਦਾ ਹੈ। ਸੱਭ ਤੋ ਉੱਚਾ ਸਥਾਨ ਮਿਸ਼ਨਰੀ ਦਾ ਹੀ ਹੈ, ਜਿਹੜਾ ਯਿਸੂ ਮਸੀਹ ਲਈ ਸਮੁੰਦਰੋਂ ਪਾਰ ਸਫਰ ਕਰਦਾ ਹੈ। ਸਾਰਿਆ ਤੋਂ ਉੱਤੇ, ''ਪਹਿਲਾ ਰਸੂਲ।''

190 ''ਦੂਸਰਾ, ਨਬੀ।'' ਨਬੀ ਕੀ ਹੁੰਦਾ ਹੈ ? ਭਵਿੱਖ ਵੇਖਣ ਵਾਲਾ। ਇਹ ਉਹ ਨਹੀਂ ਹੁੰਦਾ ਜਿਹੜਾ...

ਰਸੂਲ ਉਹ ਨਹੀਂ ਹੁੰਦਾ ਜਿਹੜਾ ਇੱਕ ਮਿਸ਼ਨਰੀ ਵਰਗਾ ਵਿਖਾਈ ਦੇਵੇ ਅਤੇ ਘਰ ਹੀ ਬੈਠਾ ਰਹੇ, ਪਰ ਉਹ ਜਿਹੜਾ ਸੱਚਮੁਚ ਹੀ ਮਿਸ਼ਨਰੀ ਹੁੰਦਾ ਹੈ।

ਅਤੇ ਇੱਕ ਨਬੀ, ਇੱਕ ਭਵਿੱਖ ਵੇਖਣ ਵਾਲਾ ਹੁੰਦਾ ਹੈ।

191 ਰਸੂਲ, ਨਬੀ, ਉਸਤਾਦ, ਪ੍ਰਚਾਰਕ, ਪਾਸਬਾਨ ਇਹਦੇ ਨਾਲ ਹੀ ਦੇਹ ਬਣਦੀ ਹੈ।

ਤਦ ਸਥਾਨਕ ਦੇਹ ਵਿੱਚ ਨੌਂ ਆਤਮਿਕ ਵਰਦਾਨ ਹੁੰਦੇ ਹਨ। ਉਹਨਾਂ ਵਿੱਚੋਂ ਇੱਕ ਬੁੱਧੀ, ਗਿਆਨ, ਰੱਬੀ ਚੰਗਾਈ, ਪਰਾਈ ਭਾਖਿਆ ਬੋਲਣਾ, ਪਰਾਈ ਭਾਖਿਆ ਦਾ ਅਨੁਵਾਦ ਕਰਨਾ, ਇਹ ਸਾਰੇ ਹੀ ਵੱਖ-ਵੱਖ ਵਰਦਾਨ ਸਥਾਨਕ ਦੇਹ ਵਿੱਚ ਹੁੰਦੇ ਹਨ।

ਅਤੇ ਇੱਥੇ ਇਹ ਰਸੂਲ, ਉਸਤਾਦ ਪਾਸਬਾਨ ਅਤੇ ਪ੍ਰਚਾਰਕ ਇਸ ਲਈ ਹੁੰਦੇ ਹਨ ਕਿ ਉਹ ਇਹ ਯਕੀਨੀ ਬਣਾਉਣ ਕਿ ਇਹ ਸਾਰੇ ਵਰਦਾਨ ਠੀਕ ਢੰਗ ਨਾਲ ਕੰਮ ਕਰਦੇ ਹਨ।

[ਭਾਈ ਬ੍ਰਾਨਹਾਮ ਇੱਕ ਵਾਰੀ ਆਪਣੀ ਉਂਗਲੀ ਹਿਲਾਉਂਦੇ ਹਨ-ਸੰਪਾ] ਜੇਕਰ ਉਹ ਇਹ ਲੱਭਦੇ ਹਨ ਕਿ ਕੋਈ ਝੂਠੀ ਗੱਲ ਉੱਠ ਰਹੀ ਹੈ, ਤਾਂ ਉਹ ਉਸੇ ਵੇਲੇ ਉਹਦੀ ਨਿਖੇਧੀ ਕਰਦੇ ਹਨ, ਕਿਉਂਕਿ ਉਹ ਗੱਲ ਵਚਨ ਅਨੁਸਾਰ ਨਹੀਂ ਹੁੰਦੀ।

ਕੋਈ ਇੱਥੇ ਆ ਕੇ ਆਖੇ, ''ਪ੍ਰਮੇਸ਼ੁਰ ਦੀ ਵਡਿਆਈ ਹੋਵੇ, ਮੇਰੇ ਹੱਥਾਂ ਵਿੱਚ ਤੇਲ ਆ ਗਿਆ। ਇੱਧਰ ਵੇਖੋ। ਤੁਸੀਂ ਜਾਣਦੇ ਹੋ, ਮੈਂ... ਮੈਂ.. ਮੈਂ ਨਿਹਚਾ ਕਰਦਾ ਹਾਂ ਕਿ ਮੈਨੂੰ ਪਵਿੱਤਰ ਆਤਮਾ ਮਿਲ ਗਿਆ ਹੈ, ਅਤੇ ਮੇਰੇ ਹੱਥਾਂ ਵਿੱਚ ਤੇਲ ਆ ਗਿਆ ਹੈ।''

192 ਤੁਸੀਂ ਕਿਸੇ ਨੂੰ ਇਹ ਆਖਦਿਆਂ ਸੁਣੋਗੇ, ''ਇਹ ਤਾਂ ਵਚਨ ਅਨੁਸਾਰ ਨਹੀਂ ਹੈ।'' ਇਹ ਠੀਕ ਗੱਲ ਹੈ। ''ਆਓ, ਅਸੀਂ ਇਹਨੂੰ ਲੈ ਕੇ ਕਮਰੇ ਵਿੱਚ ਜਾਈਏ। ਆਓ ਇਹਨੂੰ ਵਚਨ ਦੀਆਂ ਲਿਖਤਾਂ ਵਿੱਚ ਲੱਭੀਏ। ਮੈਨੂੰ ਵਿਖਾਓ ਕਿ ਇਹ ਵਚਨ ਵਿੱਚ ਕਿੱਥੇ ਹੈ, ਕਿ ਇਹ ਪਵਿੱਤਰ ਆਤਮਾ ਦਾ ਸਬੂਤ ਹੈ।''

193 ਇੱਕ ਆਖਦਾ ਹੈ, ''ਔਹ, ਮੈਂ ਪਰਾਈ ਭਾਖਿਆ ਬੋਲੀ। ਮੈਨੂੰ ਇਹ ਮਿਲ ਗਿਆ।''

''ਮੈਨੂੰ ਵਚਨ ਦੀਆਂ ਲਿਖਤਾਂ ਵਿੱਚ ਵਿਖਾਓ ਕਿ ਇਹ ਪਵਿੱਤਰ ਆਤਮਾ ਦਾ ਸਬੂਤ ਹੈ।'' ਇਹ ਸਹੀ ਗੱਲ ਹੈ।

194 ਕੋਈ ਔਰਤ ਕਹਿੰਦੀ ਹੈ, ''ਔਹ, ਪ੍ਰਭੂ ਨੇ ਮੈਨੂੰ ਪ੍ਰਚਾਰ ਕਰਨ ਲਈ ਸੱਦਿਆ ਹੈ।''

''ਮੈਨੂੰ ਵਚਨ ਦੀਆਂ ਲਿਖਤਾਂ ਵਿੱਚ ਵਿਖਾਓ ਕਿ ਕਿਸੇ ਔਰਤ ਨੇ ਅਜਿਹਾ ਕੀਤਾ ਸੀ।'' ਹਾਂ ਜੀ।

195 ''ਔਹ, ਮੈਂ ਜਾਣਦਾ ਹਾਂ ਕਿ ਪ੍ਰਭੂ ਨੇ ਹੀ ਮੈਨੂੰ ਦੱਸਿਆ ਸੀ। ਉਹਨੇ ਉਸ ਰਾਤ ਮੈਨੂੰ ਬਰਕਤ ਦਿੱਤੀ ਜਦੋਂ ਮੈਂ 'ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ' ਦੇ ਨਾਮ ਵਿੱਚ ਬਪਤਿਸਮਾ ਲਿਆ।''

ਮੈਨੂੰ ਵਚਨ ਦੀਆਂ ਲਿਖਤਾਂ ਵਿੱਚ ਵਿਖਾਓ ਕਿ ਕਿੱਥੇ ਤੁਹਾਨੂੰ ਅਜਿਹਾ ਕਰਨ ਲਈ ਆਖਿਆ ਹੈ।''

196 ''ਅੱਛਾ, ਮੈਂ ਕਿਸੇ ਦੂਸਰੇ ਵਾਂਗੂ ਹੀ ਵਧੀਆ ਹਾਂ, ਅਤੇ ਮੈਂ ਇੱਕ ਮੈਥੋਡਿਸਟ ਹਾਂ, ਜਾਂ ਇੱਕ ਬੈਪਟਿਸਟ, ਜਾਂ ਇੱਕ ਪ੍ਰੈਸਬਾਈਟੇਰੀਅਨ ਹਾਂ। ਮੈਂ ਤਾਂ ਪੈਂਟੀਕਾਸਟਲ ਹਾਂ।

''ਮੈਨੂੰ ਵਚਨ ਦੀਆਂ ਲਿਖਤਾਂ ਵਿੱਚ ਵਿਖਾਓ ਕਿ ਕਿੱਥੇ ਪ੍ਰਮੇਸ਼ੁਰ ਨੇ ਅਜਿਹਾ ਆਖਿਆ ਸੀ।'' ਸਮਝੇ ? ਇਹ ਸਹੀ ਗੱਲ ਹੈ। ਵਚਨ ਵਿੱਚ ਕੋਈ ਵੀ ਅਜਿਹੀ ਗੱਲ ਨਹੀਂ ਹੈ।

197 ਹੁਣ, ਇਸ ਭਵਨ ਦੇ ਮੈਂਬਰਾਂ ਲਈ ਇਹ ਇੱਕ ਖੁੱਲ੍ਹੀ ਚੇਤਾਵਨੀ ਹੈ। ਇਹ ਇੱਕ ਖੁੱਲ੍ਹੀ ਚਿਤਾਵਨੀ ਹੈ। ਹੁਣ, ਜੇਕਰ ਤੁਹਾਨੂੰ ਕੋਈ ਅਜਿਹੀ ਗੱਲ ਲੱਭਦੀ ਹੈ, ਜਿਹਨੂੰ ਤੁਸੀਂ ਸੋਚਦੇ ਹੋ ਕਿ ਉਹ ਗਲਤ ਹੈ, ਅਤੇ ਉਹ ਗੱਲ ਮੈਂ ਇਸ ਸਵੇਰ ਆਖੀ ਹੈ, ਜਿਹੜੀ ਵਚਨ ਦੇ ਉਲਟ ਹੈ, ਤੁਹਾਡਾ ਇਹ ਫਰਜ਼ ਹੈ ਕਿ ਤੁਸੀਂ ਇਸ ਸ਼ਾਮ ਨੂੰ ਉਹ ਗੱਲ ਮੰਚ ਉੱਤੇ ਰੱਖ ਦਿਓ। ਇਹ ਠੀਕ ਗੱਲ ਹੈ। ਤੁਸੀਂ ਇਹਨੂੰ ਇੱਥੇ ਲਿਆ ਕੇ ਰੱਖ ਦਿਓ। ਤੁਸੀਂ ਮੈਨੂੰ ਵਚਨ ਵਿੱਚੋਂ ਅਜਿਹੀ ਲਿਖਤ ਵਿਖਾਓ, ਮੈਨੂੰ ਬਾਈਬਲ ਵਿੱਚੋਂ ਕੋਈ ਆਇਤ ਵਿਖਾਓ ਜਿੱਥੇ ਕਦੇ ਕੋਈ ਜੱਥੇਬੰਦੀ ਸੀ, ਜਾਂ ਯਿਸੂ ਨੇ ਕੋਈ ਜੱਥੇਬੰਦੀ ਬਣਾਈ, ਜਾਂ ਉਹਨਾਂ ਗੱਲਾਂ ਵਿੱਚੋਂ ਕੋਈ ਗੱਲ ਜਿਹੜੀਆਂ ਮੈਂ ਸਿਖਾਈਆਂ ਹਨ। ਕਿੱਥੇ ਕਦੀ ਉਹਨੇ ਕਲੀਸਿਆ ਵਿੱਚ ਇੱਕ ਔਰਤ ਨੂੰ ਪ੍ਰਚਾਰ ਕਰਨ ਲਈ ਮੱਸਹ ਕੀਤਾ,

ਕਿੱਥੇ ਕਦੀ ਉਹਨੇ ਛਿੱਟੇ ਮਾਰਨ ਜਾਂ ਪਾਣੀ ਦੇ ਡੋਹਲੇ ਜਾਣ ਨੂੰ ਠਹਿਰਾਇਆ, ਜਾਂ... ਜਾਂ ਅਜਿਹੀ ਕੋਈ ਗੱਲ ਜਿਹਦੇ ਬਾਰੇ ਮੈਂ ਬੋਲ ਰਿਹਾ ਹਾਂ। ਉਹਨੂੰ ਇੱਥੇ ਰੱਖ ਦਿਓ।

ਤਦ, ਅੱਜ ਰਾਤ, ਜੇਕਰ ਪ੍ਰਭੂ ਦੀ ਮਰਜੀ ਹੋਈ ਤਾਂ ਅਸੀਂ, ''ਪਵਿੱਤਰ ਆਤਮਾ ਦਾ ਬਪਤਿਸਮਾ,'' ਅਤੇ ''ਸੱਪ ਦੀ ਸੰਤਾਨ, ਅਤੇ ਔਰਤ ਦੀ ਸੰਤਾਨ'' ਨੂੰ ਵੇਖਾਂਗੇ। ਠੀਕ ਹੈ। ਪ੍ਰਭੂ ਤੁਹਾਨੂੰ ਬਰਕਤ ਦੇਵੇ। ਕਿੰਨੇ ਜਣੇ ਵਧੀਆ ਮਹਿਸੂਸ ਕਰ ਰਹੇ ਹਨ।

ਓਹ, ਮੈਨੂੰ ਅਜਿਹਾ ਲੱਗ ਰਿਹਾ ਹੈ ਕਿ ਜਿਵੇਂ ਮੈਂ ਸਫਰ ਕਰ ਰਿਹਾ ਹਾਂ,
ਓਹ, ਮੈਨੂੰ ਅਜਿਹਾ ਲੱਗ ਰਿਹਾ ਹੈ ਕਿ ਜਿਵੇਂ ਮੈਂ ਸਫਰ ਕਰ ਰਿਹਾ ਹਾਂ,

ਹੁਣ ਇਹਨੂੰ ਬੜੀ ਮਿਠਾਸ ਨਾਲ ਪ੍ਰਭੂ ਲਈ ਗਾਓ।

ਸੁਰਗੀ ਘਰ ਚਮਕਦਾਰ ਅਤੇ ਉੱਜਵਲ ਹੈ।
ਅਤੇ ਮੈਨੂੰ ਅਜਿਹਾ ਲੱਗ ਰਿਹਾ ਹੈ ਕਿ ਜਿਵੇਂ ਮੈਂ ਸਫਰ ਕਰ ਰਿਹਾ ਹਾਂ,
ਓਹ, ਮੈਨੂੰ ਅਜਿਹਾ ਲੱਗ ਰਿਹਾ ਹੈ ਕਿ ਜਿਵੇਂ ਮੈਂ ਸਫਰ ਕਰ ਰਿਹਾ ਹਾਂ,
ਓਹ, ਮੈਨੂੰ ਅਜਿਹਾ ਲੱਗ ਰਿਹਾ ਹੈ ਕਿ ਜਿਵੇਂ ਮੈਂ ਸਫਰ ਕਰ ਰਿਹਾ ਹਾਂ,
ਮੇਰਾ ਸੁਰਗੀ ਘਰ ਚਮਕਦਾਰ ਅਤੇ ਉੱਜਵਲ ਹੈ,
ਅਤੇ ਮੈਨੂੰ ਅਜਿਹਾ ਲੱਗ ਰਿਹਾ ਹੈ ਕਿ ਜਿਵੇਂ ਮੈਂ ਸਫਰ ਕਰ ਰਿਹਾ ਹਾਂ।

[ਟੇਪ ਉੱਤੇ ਖਾਲੀ ਥਾਂ-ਸੰਪਾ]

198 ਹੁਣ, ਜਦੋਂ ਕਿ ਮੈਂ ਕੁਝ ਹਫਤਿਆਂ ਤੋਂ ਅਰਾਮ ਦਾ ਸਮਾਂ ਗੁਜਾਰ ਰਿਹਾ ਹਾਂ, ਮੈਂ ਵੇਖਿਆ ਹੈ ਕਿ ਮੈਨੂੰ ਇੱਕ ਪਰੇਸ਼ਾਨੀ ਹੈ। ਅਤੇ ਹੁਣ ਆਪਣੀ ਕਲੀਸਿਆ ਵਿੱਚ ਮੈਂ ਇਹਦਾ ਇਕਰਾਰ ਕਰਨਾ ਚਾਹੁੰਦਾ ਹਾਂ। ਮੈਂ ਉਹਨਾਂ ਬਲੂਤਾਂ ਅਤੇ ਹਿਕਰੀ ਦੇ ਰੁੱਖਾਂ ਦੇ ਪਿੱਛੇ ਬੈਠਾ ਹੋਇਆ ਸੋਚ ਰਿਹਾ ਸੀ ਕਿ, ''ਕਿੱਥੇ ਮੈਂ ਪਹਿਲੀ ਗਲਤੀ ਕੀਤੀ ਸੀ ? ਕਿਹਨੇ ਮੇਰੇ ਕੋਲੋਂ ਗਲਤੀ ਕਰਵਾਈ ਸੀ ? ਇਹ ਕੀ ਸੀ ?'' ਤੁਹਾਨੂੰ ਪਤਾ ਹੈ ਕਿ ਮੈਂ ਕੀ ਲੱਭਿਆ ਜਿਹਨੇ ਮੇਰੇ ਕੋਲੋਂ ਗਲਤੀ ਕਰਵਾਈ ? ਇਹ ਅਜਿਹੀ ਗੱਲ ਹੈ ਜਿਵੇਂ ਕਿਸੇ ਨਾਲ ਬਾਹਰ ਜਾਣਾ। ਕੀ ਤੁਸੀਂ ਇਹ ਜਾਣਦੇ ਹੋ ? ਤੁਸੀਂ ਬਿਲਕੁਲ ਠੀਕ ਰਹਿਣ ਦੀ ਕੋਸ਼ਿਸ਼ ਕਰ ਸੱਕਦੇ ਹੋ, ਅਤੇ ਭਲੇ ਬਣੇ ਰਹਿਣ ਦੀ ਕੋਸ਼ਿਸ਼ ਕਰਦੇ ਹੋ, ਅਤੇ ਫੇਰ ਤੁਸੀਂ ਹੋਰ ਵੀ ਵਧੀਆ ਬਣ ਸੱਕਦੇ ਹੋ। ਅਤੇ ਮੈਂ ਲੋਕਾਂ ਨੂੰ ਆਪਣੇ ਆਪ ਨੂੰ ਇੱਧਰ ਉੱਧਰ ਧੱਕ ਲੈਣ ਦਿੱਤਾ ਹੈ। ਸਮਝੇ?

ਉਹ ਕਹਿਣਗੇ, ''ਅੱਛਾ, ਭਾਈ ਬ੍ਰਾਨਹਾਮ, ਤੁਸੀਂ ਇੱਥੇ ਆਓ। ਪ੍ਰਭੂ ਨੇ ਮੈਨੂੰ ਆਖਿਆ ਹੈ ਕਿ ਮੈਂ ਤੁਹਾਨੂੰ ਇਹ ਦੱਸਾਂ।''

''ਅੱਛਾ, ਠੀਕ ਹੈ, ਭਾਈ ਜੀ, ਮੈਂ ਇੱਥੇ ਆਉਂਦਾ ਹਾਂ।''

''ਓਹ, ਭਾਈ ਬ੍ਰਾਨਹਾਮ ਜੀ, ਤੁਸੀਂ ਇੱਥੇ ਨਾ ਜਾਓ, ਤੁਸੀਂ ਉੱਥੇ ਨਾ ਜਾਓ।''

199 ''ਠੀਕ ਹੈ, ਇਹੋ ਵਧੀਆ ਹੋਵੇਗਾ, ਕਿ ਮੈਂ ਉੱਥੇ ਨਾ ਜਾਵਾਂ।'' ਸਮਝੇ ? ਅਤੇ ਤੁਸੀਂ ਨਹੀਂ ਜਾਣਦੇ ਹੋ, ਕਿ ਕੀ ਕਰਨਾ ਹੈ। ਇਹੋ ਹੀ ਗੱਲ ਹੈ ਜਿਹੜੀ ਮੈਨੂੰ ਬੇਚੈਨ ਕਰ ਦਿੰਦੀ ਹੈ।

ਮੈਂ ਉੱਥੇ ਹੀ ਜਾ ਰਿਹਾ ਹਾਂ ਜਿੱਥੇ ਜਾਣ ਲਈ ਪ੍ਰਭੂ ਮੇਰੀ ਅਗੁਵਾਈ ਕਰਦਾ ਹੈ, ਅਤੇ ਮੈਂ ਪਰਵਾਹ ਨਹੀਂ ਕਰਦਾ ਕਿ ਕੋਈ ਇਹਦੇ ਬਾਰੇ ਕੀ ਆਖਦਾ ਹੈ। ਵੇਖਿਆ ? ਇਹ ਬਿਲਕੁਲ ਸਹੀ ਗੱਲ ਹੈ। ਇਸ ਲਈ, ਮੈਂ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਨਹੀ ਪਹੁੰਚਾਵਾਂਗਾ।

200 ਅਤੇ ਫੇਰ ਮੈਂ ਇੱਕ ਹੋਰ ਗੱਲ 'ਤੇ ਧਿਆਨ ਦਿੱਤਾ, ਕਿ ਮੇਰੇ ਬੱਚੇ ਜੋ ਉੱਥੇ ਹਨ, ਉਹ ਮਾਨਸਿਕ ਵਿਕਾਰਾਂ ਦਾ ਇੱਕ ਝੁੰਢ ਹੀ ਬਣ ਗਏ ਹਨ; ਅਤੇ ਰਾਤ ਨੂੰ ਰੌਲਾ ਪਾਉਂਦੇ ਰਹਿੰਦੇ ਹਨ; ਅਤੇ ਸੱਭ ਕੁਝ ਕਰਦੇ ਰਹਿੰਦੇ ਹਨ; ਅਤੇ ਹਰ ਵੇਲੇ ਲੋਕ ਘਰ ਦੇ ਅੰਦਰ ਬਾਹਰ ਆਉਂਦੇ ਰਹਿੰਦੇ ਹਨ; ਹਰ ਥਾਂ ਤੋਂ ਲੋਕ ਆਉਂਦੇ ਹਨ। ਮੈਂ ਇਹਦੇ ਲਈ ਬਿਮਾਰ ਲੋਕਾਂ ਨੂੰ ਦੋਸ਼ ਨਹੀਂ ਦਿੰਦਾ। ਪਰ ਸਾਨੂੰ ਇਸ ਸਾਰੇ ਕੰਮ ਦਾ ਪ੍ਰਬੰਧ ਕਰਨਾ ਪੈਣਾ ਹੈ।

ਅਤੇ ਜਦੋਂ ਮੈਂ ਇੱਥੇ ਇਸ ਗਿਰਜੇ ਵਿੱਚ ਸੰਗਤੀ ਕਰਨ ਲਈ ਆਉਂਦਾ ਹਾਂ, ਤਾਂ ਕਿਉਂ; ਮੈਂ ਤਾਂ ਲਗਭਗ ਚੁੱਪ ਕਰਕੇ ਬਾਹਰ ਨਿੱਕਲ ਜਾਣਾ ਹੁੰਦਾ ਹੈ; ਮੈਂ ਚੁੱਪ ਕਰਕੇ ਗਿਰਜੇ ਵਿੱਚੋਂ ਬਾਹਰ ਚਲੇ ਜਾਣਾ ਹੁੰਦਾ ਹੈ; ਕਿਉਂਕਿ ਲੋਕੀਂ ਤਾਂ ਬਸ *ਇਹਨੂੰ*, *ਉਹਨੂੰ* ਫੜ੍ਹੀ ਰੱਖਦੇ ਹਨ। ਮੈਂ ਬਹੁਤ ਥੱਕ ਜਾਂਦਾ ਹਾਂ; ਅਤੇ ਕਦੀ ਕਦੀ ਤਾਂ ਇਸ ਤਰ੍ਹਾਂ ਹੁੰਦਾ ਹੈ, ਕਿ ਜਦੋਂ ਮੈਂ ਚੰਗਾਈ ਦੀ ਸਭਾ ਵਿੱਚੋਂ ਬਾਹਰ ਆਉਂਦਾ ਹਾਂ, ਤਾਂ ਮੈਂ ਉਹਨਾਂ ਲਈ ਬਹੁਤ ਜਿਆਦਾ ਕੰਮ ਦਾ ਨਹੀਂ ਰਹਿੰਦਾ ਹਾਂ, ਮੈਂ ਕਹਿੰਦਾ ਹਾਂ...

''ਕਹੋ, ਭਾਈ ਬ੍ਰਾਨਹਾਮ, ਪ੍ਰਭੂ ਨੇ ਕਿਹਾ...''

''ਹਾਂ ਜੀ। ਜਦੋਂ ਅਸੀਂ ਇੱਥੇ ਆਉਂਦੇ ਹਾਂ, ਜਾਂਦੇ ਹਾਂ... '' ਇਹ ਚੰਗੀ ਗੱਲ ਨਹੀਂ ਹੈ। ਮੈਨੂੰ ਅਜਿਹਾ ਨਹੀਂ ਕਰਨਾ ਚਾਹੀਦਾ। ਸਾਨੂੰ ਅਜਿਹਾ ਨਹੀਂ ਕਰਨਾ ਚਾਹੀਦਾ।

201 ਹੁਣ ਅਸੀਂ ਇਹਦਾ ਧਿਆਨ ਰੱਖਣ ਲਈ ਇੰਤਜਾਮ ਕੀਤੇ ਹਨ। ਅਤੇ ਹੁਣ, ਬਸ ਤੁਸੀਂ ਇਹ ਯਾਦ ਰੱਖੋ ਕਿ ਜੋ ਕੋਈ ਵੀ ਚਾਹੁੰਦਾ ਹੈ... ਮੈਂ ਹਰੇਕ ਨੂੰ ਮਿਲਣਾ ਚਾਹੁੰਦਾ ਹਾਂ। ਅਤੇ ਮੈਂ ਚਾਹੁੰਦਾ ਹਾਂ ਕਿ ਮੇਰੇ ਕੋਲ ਸਮਾਂ ਹੋਵੇ, ਅਤੇ ਮੈਂ ਲੋਕਾਂ ਨਾਲ ਗੱਲਾਂ ਕਰਾਂ। ਤੁਸੀਂ ਇਸ ਤਰ੍ਹਾਂ ਨਹੀਂ ਕਰ ਸੱਕਦੇ। ਅਤੇ ਤੁਸੀਂ ਕਿਸੇ ਨੂੰ ਅੰਦਰ ਲੈ ਕੇ ਜਾਂਦੇ ਹੋ, ਅਤੇ, ਪਹਿਲੀ ਗੱਲ ਤੁਸੀਂ ਇਹ ਜਾਣਦੇ ਹੋ ਕਿ ਤੁਹਾਡਾ ਸਾਰਾ ਸਮਾਂ ਇੱਕ ਆਦਮੀ ਉੱਤੇ ਹੀ ਲੱਗ ਜਾਂਦਾ ਹੈ, ਅਤੇ... ਅਤੇ ਤੁਸੀਂ ਦੂਸਰੇ ਨਾਲ ਮੁਲਾਕਾਤ ਨਹੀਂ ਕਰ ਸੱਕਦੇ। ਅਤੇ ਇਹ ਕੋਈ ਵਧੀਆ ਗੱਲ ਨਹੀਂ ਹੈ। ਲੋਕ ਤੁਹਾਡੇ ਨਾਲ ਥੋੜ੍ਹੀ ਜਿਹੀ ਗੱਲ ਕਰਨ ਲਈ ਬਹੁਤ ਦੂਰ ਤੋਂ ਆਉਂਦੇ ਹਨ। ਅਤੇ ਜੇਕਰ ਪ੍ਰਮੇਸ਼ੁਰ ਨੇ... ਜੇਕਰ ਪ੍ਰਮੇਸ਼ੁਰ ਨੇ ਹੀ ਉਹ ਲੋਕ ਦਿੱਤੇ ਹਨ ਕਿ ਉਹ ਮੇਰੇ ਉੱਤੇ ਨਿਹਚਾ ਕਰਨ, ਇਹਦੇ ਉੱਤੇ ਵਿਸ਼ਵਾਸ ਕਰਨ, ਤਾਂ ਉਹ ਇਸ ਗੱਲ ਦੇ ਹੱਕਦਾਰ ਹਨ ਕਿ ਉਹਨਾਂ ਨੂੰ ਸਿੱਖਣ ਲਈ ਸਮਾਂ ਦਿੱਤਾ ਜਾਵੇ। ਤੁਹਾਨੂੰ ਉਹਨਾਂ ਨੂੰ ਇਸੇ ਹੀ ਤਰ੍ਹਾਂ ਵਾਪਿਸ ਨਹੀਂ ਘੱਲਣਾ ਚਾਹੀਦਾ, ਅਤੇ ਇਹ ਨਹੀਂ ਆਖਣਾ ਚਾਹੀਦਾ ਕਿ, ''ਨਹੀਂ ਜੀ, ਮੈਂ ਕਿਸੇ ਨਾਲ ਗੱਲ ਨਹੀਂ ਕਰਦਾ।'' ਇਹ ਠੀਕ ਗੱਲ ਨਹੀਂ ਹੈ। ਕਿਉਂਕਿ, ਮੈਂ ਇਹਦੇ ਤੋਂ ਡਰਦਾ ਹਾਂ, ਕਿਉਂਕਿ...

ਕੋਈ ਆਉਂਦਾ ਹੈ ਅਤੇ ਆਖਦਾ ਹੈ, ''ਹੁਣ, ਭਾਈ ਬ੍ਰਾਨਹਾਮ ਜੀ, ਪ੍ਰਭੂ ਨੇ ਮੈਨੂੰ ਦੱਸਿਆ ਹੈ ਕਿ ਤੈਨੂੰ *ਫਲਾਣਾ-ਫਲਾਣਾ* ਕੰਮ ਕਰਨਾ ਚਾਹੀਦਾ ਹੈ। ਹੁਣ ਇਹ... ਇਹ ਪ੍ਰਭੂ ਦੀ ਮਰਜੀ ਹੈ।'' ਪ੍ਰਭੂ ਮੈਨੂੰ ਆਪਣੀ ਮਰਜੀ ਦੱਸੇਗਾ। ਸਮਝੇ ?

202 ਸ਼੍ਰੀਮਾਨ ਕਿੰਗ, ਤੁਹਾਡੇ ਵਿੱਚੋਂ ਕਿੰਨਿਆਂ ਨੂੰ ਸ਼੍ਰੀਮਾਨ ਆਰ. ਏ. ਕਿੰਗ ਯਾਦ ਹੈ ਜਿਹੜਾ ਇੱਥੇ ਆਉਂਦਾ ਹੁੰਦਾ ਸੀ ? ਉਹਨੇ ਆਖਿਆ... ਇੱਕ ਵਾਰੀ ਮੈਂ ਕਿਸ਼ਤੀ ਬਣਾ ਰਿਹਾ ਸੀ। ਉਹਨੇ ਆਖਿਆ, ''ਹੁਣ, ਭਾਈ ਬ੍ਰਾਨਹਾਮ ਜੀ, ਤੁਸੀਂ ਆਪਣੇ ਤਰੀਕੇ ਨਾਲ ਹੀ ਕਿਸ਼ਤੀ ਬਣਾਓ।''

203 ਆਖਿਆ, ''ਮੈਂ ਬਣਾ ਰਿਹਾ ਸੀ... ਜਾਂ ਇੱਕ ਵਾਰੀ ਕੋਈ ਆਦਮੀ ਕਿਸ਼ਤੀ ਬਣਾ ਰਿਹਾ ਸੀ, ਅਤੇ ਉਹਦੇ ਨੇੜੇ ਕੋਈ ਦੂਸਰਾ ਆਦਮੀ ਆਉਂਦਾ ਹੈ, ਅਤੇ ਆਖਦਾ ਹੈ, ''ਤੁਹਾਨੂੰ ਇਹਨਾਂ ਫੱਟਿਆਂ ਨੂੰ ਇਸ ਤਰ੍ਹਾਂ ਕੱਟਣਾ ਚਾਹੀਦਾ ਹੈ।' ਅੱਛਾ, ਉਹਨੇ ਉਸੇ ਹੀ ਤਰ੍ਹਾਂ ਕੱਟਣ ਦੀ ਕੋਸ਼ਿਸ਼ ਕੀਤੀ। ਕਿਸੇ ਹੋਰ ਨੇ ਆਖਿਆ, ''ਓਹ, ਤੁਹਾਨੂੰ ਇਸ ਤਰ੍ਹਾਂ ਕਰਨਾ ਚਾਹੀਦਾ ਹੈ, ਫੱਟਿਆਂ ਅਤੇ ਦੂਸਰੀਆਂ ਸਾਰੀਆਂ ਚੀਜ਼ਾਂ ਨੂੰ ਇਸ ਤਰ੍ਹਾਂ ਹੋਣਾ ਚਾਹੀਦਾ ਹੈ। ਕਿਸ਼ਤੀ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ, ਅਤੇ ਚੱਪੂ ਇਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ, ਅਤੇ ਸਿਰਾ, ਅਤੇ ਪਿਛਲਾ ਹਿੱਸਾ, ਅਤੇ ਪਤਵਾਰ ਇਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ।''

204 ਅਤੇ ਉਹਨੇ ਆਖਿਆ, ''ਜਦੋਂ ਉਹ ਬਣ ਕੇ ਤਿਆਰ ਹੋ ਗਈ ਤਾਂ ਉਹ ਸਾਰਿਆਂ ਤੋਂ ਭੈੜੀ ਚੀਜ਼ ਸੀ, ਜਿਹੜੀ ਕਦੇ ਕਿਸੇ ਨੇ ਵੇਖੀ ਸੀ।'' ਆਖਿਆ, ''ਉਹਨੇ ਬਸ ਕਿਸ਼ਤੀ ਨੂੰ ਚੁੱਕਿਆ ਅਤੇ ਉਹਨੂੰ ਪੈਕ ਕਰ ਕੇ ਪਿਛਵਾੜੇ ਵੱਲ ਰੱਖ ਦਿੱਤਾ। ਅਤੇ ਦੂਸਰੀ ਕਿਸ਼ਤੀ ਬਣਾਉਣ ਲਈ ਆਰੀ ਨਾਲ ਲੱਕੜਾਂ ਕੱਟਣੀਆਂ ਸ਼ੁਰੂ ਕਰ ਦਿੱਤੀਆਂ।''

205 ਆਖਿਆ, ''ਕੋਈ ਉਹਦੇ ਕੋਲ ਆਇਆ ਅਤੇ ਆਖਿਆ, 'ਕਹੋ, ਤੁਹਾਨੂੰ ਇਹ ਇਸ ਤਰੀਕੇ ਨਾਲ ਬਣਾਉਣੀ ਚਾਹੀਦੀ ਹੈ।' ਆਖਿਆ, 'ਉਹ ਪਹਿਲੀ ਤਾਂ ਦੂਸਰਿਆਂ ਦੀ ਸਲਾਹ ਨਾਲ ਬਣਾਈ ਗਈ ਸੀ, ਅਤੇ ਪਿਛਲੇ ਪਾਸੇ ਪਈ ਹੋਈ ਹੈ। ਮੈਂ ਤਾਂ ਇਹਨੂੰ ਇਸ ਢੰਗ ਨਾਲ ਬਣਾ ਰਿਹਾ ਹਾਂ ਜਿਸ ਢੰਗ ਨਾਲ ਮੈਂ ਸੋਚਦਾ ਹਾਂ ਕਿ ਇਹਨੂੰ ਹੋਣਾ ਚਾਹੀਦਾ ਹੈ।''' ਇਹ ਸਹੀ ਹੈ।

206 ਹੁਣ, ਜੇਕਰ ਪ੍ਰਮੇਸ਼ੁਰ ਮੇਰੇ ਕੋਲੋਂ ਕੁਝ ਕਰਵਾਉਣਾ ਚਾਹੁੰਦਾ ਹੈ, ਤਾਂ ਉਹੋ ਹੀ ਮੈਨੂੰ ਦੱਸੇਗਾ ਕਿ ਕੀ ਕਰਨਾ ਹੈ। ਜੇਕਰ ਤੁਸੀਂ ਸੋਚਦੇ ਹੋ ਕਿ ਮੈਂ ਉਸ ਕੰਮ ਵਿੱਚ ਜਾਂ ਕਿਸੇ ਚੀਜ਼ ਵਿੱਚ ਗਲਤ ਹਾਂ ਜੋ ਮੈਂ ਕਰ ਰਿਹਾ ਹਾਂ, ਤਾਂ ਤੁਸੀਂ ਮੇਰੇ ਲਈ ਪ੍ਰਾਰਥਨਾ ਕਰੋ, ਕਿ ਪ੍ਰਮੇਸ਼ੁਰ ਮੇਰਾ ਸੁਧਾਰ ਕਰੇ। ਸਮਝੇ ? ਕਿਉਂਕਿ ਮੈਂ ਬਹੁਤ ਜਣਿਆਂ ਦੀ ਨਹੀਂ ਸੁਣ ਸੱਕਦਾ।

207 ਹੁਣ, ਤੁਸੀਂ ਜਿਹੜੇ ਕਲੀਸਿਆ ਵਿੱਚ ਹੋ, ਸ਼ਾਇਦ ਤੁਹਾਨੂੰ ਇੱਕ ਜਾਂ ਦੋ ਜਣਿਆਂ ਦੀ ਹੀ ਗੱਲ ਸੁਣਨੀ ਪੈਂਦੀ ਹੋਵੇ, ਪਰ ਮੈਨੂੰ ਤਾਂ ਇੱਥੇ ਦਸ ਹਜਾਰ ਜਣਿਆਂ ਦੀ ਗੱਲ ਸੁਣਨੀ ਪੈਂਦੀ ਹੈ। ਮੈਂ ਅਜਿਹਾ ਕਿਵੇਂ ਕਰ ਸੱਕਦਾ ਹਾਂ ? ਫੇਰ ਮੈਂ ਆਖਿਆ, ''ਇਸ ਤੋਂ ਪਹਿਲਾਂ ਕਿ ਮੈਂ ਕਿਸੇ ਆਦਮੀ ਨੂੰ ਜਵਾਬ ਦਿਆਂ, ਮੈਂ ਹੇਠਾਂ ਜਾ ਕੇ ਇਹਦਾ ਅਧਿਐਨ ਕਰਦਾ ਹਾਂ, ਅਤੇ ਵੇਖਦਾ ਹਾਂ ਕਿ ਪਵਿੱਤਰ ਆਤਮਾ ਕਿੱਧਰ ਨੂੰ ਅਗੁਵਾਈ ਕਰਦਾ ਹੈ। ਫੇਰ ਮੈਂ ਉਸ ਭਾਈ ਜਾਂ ਭੈਣ ਨਾਲ, ਜਾਂ ਕਿਸੇ ਨਾਲ ਗੱਲ ਕਰਦਾ ਹਾਂ, ਅਤੇ ਉਹੋ ਹੀ ਮੇਰਾ ਫੈਸਲਾ ਹੁੰਦਾ ਹੈ। ਮੈਂ ਤਾਂ ਬਸ ਉਹਦੇ ਨਾਲ ਹੀ ਚਿਪਕਿਆ ਰਹਾਂਗਾ। ਇਹ ਸਹੀ ਗੱਲ ਹੈ, ਉਸੇ 'ਤੇ ਹੀ ਖੜ੍ਹਾ ਰਹਾਂਗਾ।''

208 ਹੁਣ ਮੁਲਾਕਾਤਾਂ ਮੁੱਕਰਰ ਹੋ ਚੁੱਕੀਆਂ ਹਨ। ਜਿਹੜਾ ਵੀ ਮੈਨੂੰ ਮਿਲਣਾ ਚਾਹੁੰਦਾ ਹੈ, ਉਹਦੇ ਲਈ ਇਹ ਠੀਕ ਹੋਵੇਗਾ ਕਿ ਉਹ 'ਬਟਲਰ–2–1519' ਉੱਤੇ ਫੋਨ ਕਰੇ। ਬਸ ਆਪਣੀ ਟੈਲੀਫੋਨ ਦੀ ਡਾਇਰੈਕਟਰੀ ਵਿੱਚ ਵੇਖੋ, ਅਤੇ ਵਲਿਅਮ ਬ੍ਰਾਨਹਾਮ, ਬਟਲਰ–2–1519 ਲੱਭੋ, ਉਹਦੇ ਰਾਹੀਂ ਮੁਲਾਕਾਤਾਂ ਦਾ ਪ੍ਰਬੰਧ ਕਰ ਦਿੱਤਾ ਜਾਵੇਗਾ। [ਟੈਲੀਫੋਨ ਦਾ ਨੰਬਰ ਬਦਲ ਚੁੱਕਾ ਹੈ।- ਸੰਪਾ] ਉਹਨੂੰ ਲਿਖ ਲਿਆ ਜਾਵੇਗਾ, ਮਿਲਣ ਦਾ ਸਮਾਂ ਅਤੇ ਸਥਾਨ ਲਿਖ ਲਿਆ

ਜਾਵੇਗਾ। ਮੈਂ ਹਰੇਕ ਵਿਅਕਤੀ ਨੂੰ ਮਿਲ ਸਕਾਂਗਾ, ਉਹਨਾਂ ਨੂੰ ਵੇਖਾਂਗਾ, ਉਹਨਾਂ ਦੀਆਂ ਪਰੇਸ਼ਾਨੀਆਂ ਵਿੱਚ ਮੱਦਦ ਕਰ ਸਕਾਂਗਾ। ਪਰ ਮੈਂ ਅਜਿਹਾ ਨਹੀਂ ਕਰ ਸੱਕਦਾ ਕਿ ਮੈਂ ਸਾਰਾ ਦਿਨ ਇੱਕ ਨਾਲ ਠਹਿਰਿਆ ਰਹਾਂ, ਜਾਂ ਇੱਕ ਨਾਲ ਹੀ ਚਾਰ ਜਾਂ ਪੰਜ ਘੰਟੇ ਲਗਾ ਦਿਆਂ, ਅਤੇ ਅਗਲੇ ਦਿਨ ਦੀ ਸਾਰੀ ਯੋਜਨਾ ਗੜਬੜ ਕਰ ਦਿਆਂ। ਸਾਡੇ ਕੋਲ ਕਾਫੀ ਸਮਾਂ ਹੈ। ਅਸੀਂ ਉਹਨਾਂ ਨੂੰ ਪੁੱਛਦੇ ਹਾਂ ਕਿ ਉਹ ਕਿੰਨਾਂ ਸਮਾਂ ਚਾਹੁੰਦੇ ਹਨ, ਅਤੇ ਤੁਸੀ ਇਹਨੂੰ ਲਿਆਓ। ਅਤੇ ਅਸੀਂ ਹਰ ਕਿਸੇ ਨੂੰ ਮਿਲਦੇ ਹਾਂ। ਸਾਡੇ ਕੋਲ ਅਜਿਹਾ ਇੰਤਜਾਮ ਹੈ।

209 ਅਤੇ ਜਿਹੜਾ ਆਦਮੀ ਫੋਨ ਉੱਤੇ ਉੱਤਰ ਦੇਵੇਗਾ, ਉਹ ਸ਼੍ਰੀਮਾਨ ਮਰਸਿਅਰ, ਜਾਂ ਸ਼੍ਰੀਮਾਨ ਗੋਅਡ ਹਨ, ਜਿਹੜੇ ਉੱਥੇ ਬੈਠੇ ਹੋਏ ਹਨ। ਅਤੇ ਉਹ ਬਸ ਉਹਨੂੰ ਮੇਰੀ ਕਿਤਾਬ ਵਿੱਚ ਮੁਲਾਕਾਤ ਕਰਨ ਲਈ ਲਿਖ ਦੇਣਗੇ, ਅਤੇ ਫੇਰ ਮੈਂ ਹਰੇਕ ਵਿਅਕਤੀ ਨੂੰ ਮਿਲਾਂਗਾ।

210 ਜੇਕਰ ਇਹ ਕੋਈ ਖਾਸ ਮਾਮਲਾ ਹੈ, ਜੇਕਰ ਇਹ ਪ੍ਰਾਰਥਨਾ ਦੇ ਸਮੇ ਕਿਸੇ ਬਿਮਾਰ ਲਈ ਹੁੰਦਾ ਹੈ, ਤਾਂ ਤੁਸੀਂ ਆਪਣੇ ਬਿਮਾਰਾਂ ਅਤੇ ਰੋਗੀਆਂ ਨੂੰ ਅੰਦਰ ਲਿਆਓ ਅਤੇ ਉਹਨਾਂ ਨੂੰ ਇੱਕ ਜਾਂ ਦੋ ਰਾਤਾਂ ਵਚਨ ਸੁਣਨ ਦਿਓ। ਤਾਂ ਅਸੀਂ ਔਖੇ ਮਾਮਲਿਆਂ ਵਿੱਚ ਉਹਨਾਂ ਲਈ ਪ੍ਰਾਰਥਨਾ ਕਰਾਂਗੇ।

211 ਪ੍ਰੰਤੂ ਫੇਰ, ਕੁਝ ਰਾਤਾਂ ਤੋ ਬਾਦ, ਮੈਂ ਆਪਣੀ ਨਵੀਂ ਸੇਵਕਾਈ ਸ਼ੁਰੂ ਕਰਨੀ ਚਾਹੁੰਦਾ ਹਾਂ, ਅਤੇ ਮੈਂ ਉਹਨਾਂ ਨੂੰ ਇੱਥੇ ਪਿੱਛੇ ਕਮਰੇ ਵਿੱਚ ਲੈ ਕੇ ਜਾਣਾ ਚਾਹੁੰਦਾ ਹਾਂ। ਕਿਉਂਕਿ, ਤੁਸੀਂ ਮੇਰਾ ਦਰਸ਼ਣ ਜਾਣਦੇ ਹੋ। ਕਿੰਨਿਆਂ ਨੂੰ ਉਹ ਦਰਸ਼ਣ ਯਾਦ ਹੈ ? ਯਕੀਨਨ, ਤੁਹਾਨੂੰ ਯਾਦ ਹੈ।ਉਹ ਦਰਸ਼ਣ ਕਮਰੇ ਵਿੱਚ ਉਸ ਛੋਟੇ ਤੰਬੂ ਦਾ ਹੈ।

212 ਹੁਣ, ਪਹਿਲੀ ਰਾਤ ਮੈਂ ਮੀਡਾ ਨੂੰ ਆਪਣੇ ਨਾਲ ਅੰਦਰ ਲੈ ਕੇ ਜਾਵਾਂਗਾ, ਕਿਉਂਕਿ ਔਰਤਾਂ ਨੂੰ ਅੰਦਰ ਭੇਜਿਆ ਜਾਵੇਗਾ। ਅਤੇ ਫੇਰ ਜੇਕਰ ਇਹ... ਮੈਂ ਵੇਖਾਂਗਾ ਕਿ ਉੱਥੇ ਅੰਦਰ ਇਹ ਉਹਦੇ ਨਾਲ ਕਿਵੇਂ ਕੰਮ ਕਰਦਾ ਹੈ। ਅਤੇ ਜੇਕਰ ਇਹਦੇ ਨਾਲ ਵਧੀਆ ਕੰਮ ਨਹੀਂ ਹੁੰਦਾ, ਇਸ ਤਰ੍ਹਾਂ, ਫੇਰ ਮੈਂ ਪਿੱਛੇ ਮੁੜਾਂਗਾ ਅਤੇ ਇੱਕੋ ਹੀ ਸਮੇਂ ਦੋ ਔਰਤਾਂ ਨੂੰ ਅੰਦਰ ਘੱਲਿਆ ਜਾਵੇਗਾ, ਕਿਉਂਕਿ ਉਹ ਇੱਕ ਅਜਿਹੇ ਸਥਾਨ ‘ਤੇ ਆ ਰਹੀਆਂ ਹਨ ਜਿੱਥੇ ਸਿਰਫ ਇੱਕੋ ਹੀ ਆਦਮੀ ਹੈ। ਸਮਝੇ ? ਅਤੇ ਇਹ, ਕਿ ਅਸਲ ਵਿੱਚ, ਸਾਡੇ ਦਿਮਾਗ ਪਾਕ-ਸਾਫ ਹਨ। ਪਰ ਜਿਹੜਾ ਸ਼ੈਤਾਨ ਬਾਹਰ ਹੈ, ਉਹਦੇ ਕੋਲ ਇਹ ਨਹੀਂ ਹੈ, ਇਸ ਲਈ ਤੁਸੀਂ ਵੇਖੋ, ਕਿ ਉਹ ਇਹਦੇ ਬਾਰੇ ਕੀ ਸੋਚੇਗਾ, ਅਤੇ ਵੇਖੋ ਕਿ ਦੁਨੀਆ ਇਹਦੇ ਬਾਰੇ ਕੀ-ਕੀ ਗੱਲਾਂ ਬਣਾਵੇਗੀ।

ਪਰ ਇਹ ਇੱਕ ਅਜਿਹੀ ਸੇਵਕਾਈ ਹੈ, ਜਿਹਨੂੰ ਮੈਂ ਲੋਕਾਂ ਵਿੱਚ ਖੁੱਲ੍ਹ ਕੇ ਨਹੀਂ ਦੱਸ ਸੱਕਦਾ। ਕੋਈ ਵੀ ਕਦੇ ਇਹਦੀ ਨਕਲ ਨਹੀਂ ਕਰੇਗਾ। ਤੁਸੀਂ ਸਮਝੇ ? ਸ਼੍ਰੀਮਾਨ ਜੀ, ਨਹੀਂ। ਨਹੀਂ ਜੀ। ਮੈਂ ਜਾਣਦਾ ਹਾਂ ਕਿ ਹੁਣ ਇਹ ਮਿਲਣ ਵਾਲਾ ਹੈ। ਮੈਨੂੰ ਅਜਿਹਾ ਲੱਗਦਾ ਹੈ ਕਿ ਮੈਂ ਉੱਥੇ ਪਹੁੰਚ ਕੇ ਇਹਨੂੰ ਲੈ ਸੱਕਦਾ ਹਾਂ। ਇਹ ਠੀਕ ਉੱਥੇ ਪਿਆ ਹੋਇਆ ਹੈ।

213 ਭਾਈ ਨੇਵਿਲ ਜੀ, ਮੈ ਕੱਲ ਸਵੇਰੇ ਉੱਠਣ ਤੋ ਪਹਿਲਾਂ ਸੁਫਨਾ ਵੇਖ ਰਿਹਾ ਸੀ। ਮੈਂ... ਮੈਂ ਇੱਕ ਸੁਫਨਾ ਵੇਖ ਰਿਹਾ ਸੀ। ਅਤੇ ਮੈਂ ਸੇਵਕਾਈ ਬਾਰੇ ਸੋਚਿਆ... ਮੈਂ ਨਹੀਂ ਜਾਣਦਾ ਕਿ ਮੈਂ ਕੀ ਕਰ ਰਿਹਾ ਸੀ। ਪ੍ਰੰਤੂ, ਇਹ ਜੋ ਕੁਝ ਵੀ ਸੀ, ਔਹ, ਤੁਸੀਂ ਉਹਨਾਂ ਘਟਨਾਵਾਂ ਬਾਰੇ ਗੱਲਾਂ ਕਰਦੇ

ਹੋ ਜਿਹੜੀਆਂ ਹੋ ਰਹੀਆਂ ਹੁੰਦੀਆਂ ਹਨ, ਮੈਂ ਅਜਿਹਾ ਕਦੇ ਨਹੀਂ ਵੇਖਿਆ। ਮੈਂ ਰੋਂਦਾ ਹੋਇਆ, ਵਡਿਆਈ ਕਰਦਾ ਹੋਇਆ ਉੱਠਿਆ। ਮੈਂ ਆਪਣੀ ਪਤਨੀ ਦੇ ਚਿਹਰੇ ਉੱਤੇ ਇਸ ਤਰ੍ਹਾਂ ਆਪਣਾ ਹੱਥ ਮਾਰਿਆ, ਬਸ ਉੱਥੇ ਲੇਟਿਆ ਹੋਇਆ ਪ੍ਰਮੇਸ਼ੁਰ ਦੀ ਵਡਿਆਈ ਕਰ ਰਿਹਾ ਸੀ।

ਓਹ, ਮੈਂ... ਮੈਂ ਬਸ ਇਹ ਜਾਣਦਾ ਹਾਂ ਕਿ ਇੱਥੇ ਕੁਝ ਅਜਿਹਾ ਹੈ ਜਿਹੜਾ ਪਹੁੰਚਣ ਲਈ ਇਸ ਪ੍ਰਕਾਰ ਤਿਆਰ ਹੈ ਕਿ ਉਹਨੂੰ ਫੜ ਲਿਆ ਜਾਵੇ। ਇਹ ਐਨਾ ਮਹਾਨ ਹੋਵੇਗਾ ਜਿੰਨਾ ਪਹਿਲਾਂ ਕਦੀ ਨਹੀਂ ਹੋਇਆ। ਇਹ ਬਹੁਤ ਹੀ ਅਦਭੁੱਤ ਹੋਵੇਗਾ। ਮੈਂ ਨਿਹਚਾ ਕਰਦਾ ਹਾਂ ਕਿ ਪ੍ਰਮੇਸ਼ੁਰ ਨੇ ਕੁਝ ਮਹਾਨ ਕੰਮ ਕਰਨਾ ਨਿਯੁਕਤ ਕੀਤਾ ਹੈ। ਪਰ ਹੁਣ ਅਸੀਂ ਪ੍ਰਮੇਸ਼ੁਰ ਦੇ ਵਚਨ ਵਿੱਚ ਸਮਝਦਾਰੀ, ਅਤੇ ਬੁੱਧੀਮਾਨੀ ਨਾਲ ਪਹੁੰਚਣਾ ਹੈ। ਠੀਕ ਹੈ। ਓਹ, ਅਸੀਂ ਉਹਨੂੰ ਪਿਆਰ ਕਰਦੇ ਹਾਂ।

214 ਹੁਣ ਯਾਦ ਰੱਖੋ, ਜੇਕਰ ਤੁਹਾਡੇ ਮਿੱਤਰਾਂ ਵਿੱਚੋ ਕੋਈ ਜਾਂ ਕੋਈ ਵੀ ਜਿਹੜਾ ਮੈਨੂੰ ਮਿਲਣਾ ਚਾਹੁੰਦਾ ਹੈ, ਅਤੇ ਕਿਸੇ ਮਸਲੇ ਉੱਤੇ ਮੇਰੇ ਨਾਲ ਗੁਪਤ ਗੱਲਬਾਤ ਕਰਨੀ ਚਾਹੁੰਦਾ ਹੈ, ਤਾਂ ਉਹ ਉਹਨਾਂ ਨੂੰ ਬਟਲਰ 2-1519 ਫੋਨ ਕਰੇ, ਅਤੇ ਇੱਕ ਥਾਂ 'ਤੇ ਮਿਲਣ ਦਾ ਪ੍ਰਬੰਧ ਕਰ ਦਿੱਤਾ ਜਾਵੇਗਾ। [ਟੈਲੀਫੋਨ ਦਾ ਨੰਬਰ ਬਦਲ ਚੁੱਕਾ ਹੈ। -ਸੰਪਾ] ਮੈਂ ਉਹਨਾਂ ਨੂੰ ਘਰ ਜਾਂ ਇੱਥੇ ਟੈਬਰਨੇਕਲ ਦੇ ਨੇੜੇ ਨਹੀਂ ਲਿਆ ਸੱਕਦਾ, ਕਿ ਤੁਸੀਂ ਇੱਥੇ ਅੰਦਰ ਆਓ...

ਮੈਂ ਬਹੁਤ ਦੇਰ ਤੱਕ ਪ੍ਰਚਾਰ ਕਰਦਾ ਹਾਂ। ਅਤੇ ਮੈਂ ਦੇਰ ਤੱਕ ਇੱਥੇ ਰਹਿੰਦਾ ਹਾਂ, ਕਿਉਂਕਿ ਮੈਂ ਤੁਹਾਡੇ ਨਾਲ ਬਹੁਤ ਜਿਆਦਾ ਨਹੀਂ ਰਹਿੰਦਾ ਹਾਂ। ਅਤੇ ਮੈਂ ਤੁਹਾਨੂੰ ਉਦੋਂ ਤੱਕ ਰੋਕ ਕੇ ਰੱਖਦਾ ਹਾਂ ਜਦੋਂ ਤੱਕ ਮੈਂ ਤੁਹਾਡੇ ਅੰਦਰ ਵਚਨ ਨਹੀਂ ਵਾੜ ਦਿੰਦਾ। ਕਿਉਂਕਿ, ਮਿੱਤਰੋ, ਸਿਰਫ ਇਹੋ ਹੀ ਇੱਕ ਉਹ ਸਮਾਂ ਹੈ ਜਦੋਂ ਕਦੇ ਅਸੀਂ ਅਜਿਹਾ ਕਰਨਾ ਹੈ। ਛੇਤੀ ਹੀ, ਇਹ ਸੱਭ ਕੁਝ ਖਤਮ ਹੋਣ ਵਾਲਾ ਹੈ। ਅਸੀਂ ਤਾਂ ਬਸ ਵਾਦੀ ਵੱਲ ਜਾ ਰਹੇ ਹਾਂ, ਅੱਗੇ ਵਧ ਰਹੇ ਹਾਂ। ਉਹਨਾਂ ਵੱਲ ਵੇਖੋ ਜਿਹੜੇ ਪਿਛਲੇ ਸਾਲ ਤੋਂ ਇੱਥੇ ਹਨ, ਜਿਹੜੇ ਇੱਥੇ ਹਨ। ਸਮਝ ਲੱਗੀ ? ਇਸ ਲਈ ਅਸੀਂ ਤਾਂ ਵਾਦੀ ਵੱਲ ਜਾ ਰਹੇ ਹਾਂ। ਹੁਣ ਅਸੀਂ ਅਜਿਹਾ ਕਰਨ ਵਾਲੇ ਹਾਂ। ਇਹ ਹੁਣੇ ਹੀ ਕੀਤਾ ਜਾਣਾ ਹੈ। ਅਤੇ, ਹੁਣ, ਇਸੇ ਹੀ ਕਾਰਣ ਮੈਂ ਤੁਹਾਨੂੰ ਰੋਕ ਕੇ ਰੱਖਦਾ ਹਾਂ।

215 ਤੁਸੀਂ ਆਖਦੇ ਹੋ, ''ਅੱਛਾ, ਵਚਨ ਇਹਦੇ ਲਈ ਕੀ ਆਖਦਾ ਹੈ ?

ਹਾਂ ਜੀ, ਇੱਕ ਰਾਤ ਪੌਲੁਸ ਨੇ ਸਾਰੀ ਰਾਤ ਪ੍ਰਚਾਰ ਕੀਤਾ। ਅਤੇ ਇੱਕ ਆਦਮੀ ਇਮਾਰਤ ਤੋਂ ਬਾਹਰ ਡਿੱਗ ਕੇ ਮਰ ਗਿਆ ਸੀ। ਕਿੰਨਿਆਂ ਨੂੰ ਇਹਦੇ ਬਾਰੇ ਪਤਾ ਹੈ ? ਸਾਰੀ ਹੀ ਰਾਤ ਪ੍ਰਚਾਰ ਕੀਤਾ! ਪੌਲੁਸ ਉਹਦੇ ਕੋਲ ਗਿਆ ਅਤੇ ਉਹਦੀ ਦੇਹ ਉੱਤੇ ਪਸਰ ਗਿਆ, ਉਹਨੂੰ ਮਹਿਸੂਸ ਕੀਤਾ, ਅਤੇ ਉਸ ਆਦਮੀ ਦਾ ਦਿਲ ਪੌਲੁਸ ਦੀ ਧੜਕਣ ਨਾਲ ਧੜਕਣ ਲੱਗ ਪਿਆ, ਆਖਿਆ, ''ਨਹੀਂ ਜੀ, ਉਹ...'' [ਟੇਪ ਉੱਤੇ ਖਾਲੀ ਥਾਂ-ਸੰਪਾ]

# ਪਵਿੱਤਰ ਆਤਮਾ ਦਾ ਬਪਤਿਸਮਾ

*THE BAPTISM OF THE HOLY SPIRIT*

58-0928M Vol. 5-2R

ਇਹ ਸੰਦੇਸ਼ ਭਾਈ ਵਿਲੀਅਮ ਮੈਰੀਅਨ ਬ੍ਰਾਨਹਾਮ ਦੁਆਰਾ 28 ਸਿਤੰਬਰ 1958 ਐਤਵਾਰ ਸਵੇਰ ਨੂੰ "ਫੈਲੋਸ਼ਿਪ" ਟੈਬਰਨੈਕਲ ਫੀਨਿਕਸ, ਅਰੀਜ਼ੋਨਾ ਸੰਯੁਕਤ ਰਾਜ ਅਮਰੀਕਾ ਵਿਚ ਪ੍ਰਚਾਰ ਕੀਤਾ ਗਿਆ। ਇਹ ਇਸਦਾ ਟੇਪ ਨੰ. 58-0928M ਹੈ, ਅਤੇ ਇਸਦਾ ਸਮਾਂ 2 ਘੰਟੇ 2 ਮਿੰਟ ਹੈ। ਚੁੰਬਕੀ ਟੇਪ ਰਿਕਾਰਡਿੰਗ ਤੌਂ ਜ਼ਬਾਨੀ ਸੰਦੇਸ਼ ਨੂੰ ਛਪੇ ਹੋਏ ਪੰਨਿਆਂ ਵਿੱਚ ਠੀਕ-ਠੀਕ ਲਿਆਉਣ ਲਈ ਹਰ ਇਕ ਸੰਭਵ ਯਤਨ ਕੀਤਾ ਗਿਆ ਹੈ, ਅਤੇ ਬਿਨਾਂ ਕੁਝ ਘਟਾਏ ਵਧਾਏ ਇਹ ਸੰਦੇਸ਼ ਛਾਪਿਆ ਗਿਆ ਹੈ ਅਤੇ VOICE OF GOD RECORDINGS ਦੁਆਰਾ ਮੁਫਤ ਵੰਡਿਆ ਗਿਆ ਹੈ।

PUBLISHED 2014

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.

## Copyright notice

All rights reserved. This book may be printed on a home printer for personal use or to be given out, free of charge, as a tool to spread the Gospel of Jesus Christ. This book cannot be sold, reproduced on a large scale, posted on a website, stored in a retrieval system, translated into other languages, or used for soliciting funds without the express written permission of Voice Of God Recordings®.

For more information or for other available material, please contact:



VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org